**ਸੰਪਾਦਕ ਮੰਡਲ (ਆਨਰੇਰੀ)**
ਦਵਿੰਦਰ ਤੂਰ
ਹਰਬੰਸ ਸਿੰਘ
ਸੁਖਵਿੰਦਰ ਸਿੰਘ ਢਿੱਲੋਂ
ਜਸਪ੍ਰੀਤ ਧਾਲੀਵਾਲ
ਸੁਖਦੇਵ ਸਿੰਘ ਸੰਧੂ
ਮਾਸਟਰ ਬਲਬੀਰ ਸਿੰਘ ਗਿੱਲ
ਕੁਲਦੀਪ ਸਿੰਘ
ਬਲਜਿੰਦਰ ਸਿੰਘ
ਗ੍ਰਾਫਿਕਸ ਡਿਜ਼ਾਇਨਰ
ਬੀ. ਸਿੰਘ
akashdeep.1064@gmail.com

SAROKARAN DI AWAZ

# ਸਰੋਕਾਰਾਂ ਦੀ ਆਵਾਜ਼

ਰਜਿਸਟ੍ਰੇਸ਼ਨ ਨੰਬਰ 210836300

**ਲੋਕ ਪੱਖੀ ਆਰਟਸ ਪ੍ਰੋਜੈਕਟ ਮੀਡੀਆ ਗਰੁੱਪ**

ਸਤੰਬਰ 2012

**Pro-People Arts Project Media Group**
SAROKARAN DI AWAZ
29 MAPLEVIEW AVE
BRAMPTON ONTARIO
CANADA L6R 1M2
E-Mail : ppapmg@gmail.com
www.ppapmg.com

ਸੰਪਾਦਕੀ ਮੰਡਲ ਦਾ ਛਪੀਆਂ ਰਚਨਾਵਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।



• ਰਾਜਨੀਤੀ, ਪਾਰਟੀ ਫੰਡ ਅਤੇ ਸਮਾਜਿਕ ਸਰੋਕਾਰ 4



• 21ਵੀਂ ਸਦੀ ਦੇ ਆਲਮੀ ਮਨੁੱਖ ਅਤੇ ਗੁਰੂ ਗ੍ਰੰਥ ਸਾਹਿਬ 12



• ਰੀਓ-20 ਸੰਮੇਲਨ ਦੀ ਪਰਖ-ਪੜਚੋਲ ਦੀ ਮਹੱਤਤਾ 16




ਮੈਂ ਭਲਾਂ ਦੁਨੀਆ ਦੇ ਹਰੇਕ ਕੋਨੇ ਉਪਰ ਨਿਗ੍ਹਾ ਘੁਮਾ ਰਿਹਾ ਹਾਂ। ਦੁਨੀਆ ਦੇ ਹਰੇਕ ਕੋਨੇ 'ਤੇ ਮੈਨੂੰ ਮੇਰੇ ਆਪਣੇ ਲੋਕ ਕਿਸੇ ਨਾ ਕਿਸੇ ਕਾਰਨ ਉਖੜੇ ਹੋਏ ਦਿਖਾਈ ਦਿੰਦੇ ਨੇ। ਇਸ ਉਖੇੜੇ ਦਾ ਕਾਰਨ ਢੂੰਡਣਾਂ ਅਤੇ ਸਮਝਦਾਰੀ ਬਣਾਉਣੀ ਮੇਰੀ ਦਿਲੀ ਇੱਛਾ ਹੈ। ਇਸ ਕਰਕੇ ਮੈਂ ਆਵਾਜ਼ ਦੇ ਰਿਹਾ ਹਾਂ ਕਿ ਆਪਣੇ ਸਮਾਜਿਕ ਸਰੋਕਾਰਾਂ ਨਾਲ ਜੁੜ ਕੇ ਤਾਂ ਵੇਖੋ ਤਦ ਹੀ ਤੁਸੀਂ ਵਿਸ਼ਵ ਪੱਧਰੀ ਫੈਲਦੇ ਜਾ ਰਹੇ ਸੰਕਟਾਂ 'ਚੋਂ ਉਭਰ ਸਕਦੇ ਹੋ ਅਤੇ ਆਪਣੇ ਕਿਸਮ ਦਾ ਗਲੋਬ ਉਸਾਰ ਸਕਦੇ ਹੋ।

ਮੈਂ ਇਸ ਕਰਕੇ ਲਿਖਦਾ ਹਾਂ ਕਿ ਮੈਂ ਧਰਤੀ 'ਤੇ ਮੁੜ ਆਪਣੇ ਲੋਕਾਂ ਲਈ ਇਕ ਅਜਿਹਾ ਸਮਾਜ ਉਸਾਰਨ ਵਿਚ ਕੁਝ ਯੋਗਦਾਨ ਪਾ ਸਕਾਂ ਜਿਸ ਨਾਲ ਮੇਰੇ ਉਖੜੇ ਹੋਏ ਲੋਕ ਇਕ ਸ਼ਾਨਦਾਰ ਵਧੀਆ ਅਤੇ ਇੱਜ਼ਤ ਭਰਪੂਰ ਜ਼ਿੰਦਗੀ ਵੱਲ ਮੁੜ ਪਰਤ ਸਕਣ। ਇਸ ਇੱਛਾ ਨਾਲ ਮੇਰੀਆਂ ਕਲਮਾਂ ਮੇਰਾ ਸਾਥ ਦਿੰਦੀਆਂ ਨੇ। ਇਨ੍ਹਾਂ ਕਲਮਾਂ ਦਾ ਹਰ ਲਫ਼ਜ਼ ਮੇਰੇ ਆਪਣੇ ਆਪ ਲੋਕਾਂ ਲਈ ਹੈ। ਜਿਨ੍ਹਾਂ ਨੇ ਇਸ ਧਰਤੀ 'ਤੇ ਇਕ ਨਵਾਂ ਸੁਪਨਾ ਲੈ ਕੇ ਇਕ ਨਵੀਂ ਸੋਚ ਵਿਕਸਿਤ ਕਰਨੀ ਹੈ ਅਤੇ ਨਵੀਂ ਰੌਸ਼ਨੀ ਇਸ ਗਲੋਬ ਉਪਰ ਪ੍ਰਦਾਨ ਕਰਨੀ ਹੈ।








# ਆਓ ! ਇਨ੍ਹਾਂ ਆਵਾਜ਼ਾਂ ਨੂੰ ਹੋਰ ਤਾਕਤ ਪ੍ਰਦਾਨ ਕਰੀਏ

ਜਿਸ ਕਿਸਮ ਨਾਲ ਦੁਨੀਆ ਦੇ ਹਰੇਕ ਕੋਨੇ 'ਚ ਵੱਖ-ਵੱਖ ਹਿੱਸੇ ਸੰਘਰਸ਼ਾਂ ਦੇ ਰਾਹ 'ਤੇ ਪਏ ਹਨ ਇਹ ਸੰਘਰਸ਼ ਹੁਣ ਫੈਕਟਰੀਆਂ ਤੋਂ ਲੈ ਕੇ ਪਬਲਿਕ ਸਕੂਲਾਂ ਤੱਕ ਅਗਾਂਹ ਵਧ ਰਹੇ ਹਨ। ਜਿਸ ਕਿਸਮ ਨਾਲ ਸ਼ਿਕਾਗੋ ਪਬਲਿਕ ਸਕੂਲਾਂ ਦੇ ਸਵਾਲ ਨੂੰ ਲੈ ਕੇ ਪੰਜਾਹ ਹਜ਼ਾਰ ਲੋਕਾਂ ਨੇ ਸ਼ਿਕਾਗੋ ਬੋਰਡ ਆਫ਼ ਐਜੂਕੇਸ਼ਨ ਦਾ ਘਿਰਾਓ ਕੀਤਾ ਅਤੇ ਅਧਿਆਪਕਾਂ ਦੇ ਪੱਖ ਵਿਚ ਆਪਣੇ ਆਪ ਨੂੰ ਸ਼ਾਮਲ ਕੀਤਾ। ਇਸ ਕਿਸਮ ਦੀ ਘਟਨਾ ਨੇ ਇਹ ਗੱਲ ਉਭਾਰ ਕੇ ਸਾਹਮਣੇ ਲਿਆਂਦੀ ਹੈ ਕਿ ਲੋਕਾਂ ਨੇ ਆਪਣੇ ਲੜਕੇ ਹਾਸਲ ਕੀਤੇ ਵਿਦਿਅਕ ਹੱਕ ਕਿਸ ਕਿਸਮ ਨਾਲ ਮੁੜ ਬਹਾਲ ਕਰਨ ਹਨ। ਜਨ ਸਮੂਹ ਨੂੰ ਪਤਾ ਹੈ ਕਿ ਜਿਸ ਕਿਸਮ ਨਾਲ ਕਾਰਪੋਰੇਟ ਘਰਾਣਿਆਂ ਨੇ ਵਿਦਿਆ ਨੂੰ ਵੀ ਇਕ ਅਜਿਹਾ ਵਪਾਰ ਬਣਾਉਣ ਦਾ ਫੈਸਲਾ ਕੀਤਾ ਹੈ ਜਿਸ ਨਾਲ ਆਮ ਵਿਅਕਤੀ ਦਾ ਬਜਟ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਰਿਹਾ ਹੈ। ਹਾਲਾਂਕਿ ਵਿਦਿਆ ਉਹ ਖੇਤਰ ਹੈ ਜਿਸ ਨਾਲ ਸਮੁੱਚੇ ਰੌਸ਼ਨ ਦਿਮਾਗਾਂ ਨੇ ਵਿਕਸਿਤ ਹੋਣਾ ਹੁੰਦਾ ਹੈ। ਇਹ ਆਪਣੇ ਆਪ 'ਚ ਹੀ ਸ਼ਲਾਘਾਯੋਗ ਗੱਲ ਹੈ ਕਿ ਸ਼ਿਕਾਗੋ ਪਬਲਿਕ ਸਕੂਲ ਜਿਥੇ ਚਾਰ ਲੱਖ ਦੇ ਕਰੀਬ ਵਿਦਿਆਰਥੀ ਵਿਦਿਆ ਹਾਸਲ ਕਰਦੇ ਹਨ ਅਤੇ ਉਨ੍ਹਾਂ ਨੂੰ ਤੀਹ ਹਜ਼ਾਰ ਅਧਿਆਪਕ ਵਿਦਿਆ ਪ੍ਰਦਾਨ ਕਰਦੇ ਹਨ ਅਤੇ ਹਜ਼ਾਰਾਂ ਪਰਿਵਾਰ ਇਸ ਨਾਲ ਸਿੱਧੇ ਜਾਂ ਅਸਿੱਧੇ ਰੂਪ ਵਿਚ ਜੁੜੇ ਹੋਏ ਹਨ। ਲੋੜ ਇਸ ਗੱਲ ਦੀ ਹੈ ਕਿ ਜਿਸ ਕਿਸਮ ਨਾਲ ਇਕ ਹਿੱਸੇ ਦੇ ਸੰਘਰਸ਼ ਦੂਜੇ ਹਿੱਸੇ ਦੇ ਸੰਘਰਸ਼ਾਂ ਨਾਲ ਜੁੜਨੇ ਚਾਹੀਦੇ ਹਨ ਉਨ੍ਹਾਂ ਲਈ ਇਹ ਇਕ ਚੰਗੀ ਮਿਸਾਲੀ ਪਿਰਤ ਪੇਸ਼ ਕਰ ਰਹੇ ਹਨ। ਕਿਉਂਕਿ ਕਿਰਤ ਵਾਲੇ ਲੋਕਾਂ ਕੋਲ ਸਿਰਫ਼ ਤੇ ਸਿਰਫ਼ ਆਪਣੀ ਤਾਕਤ ਦਾ ਏਕਾ ਹੁੰਦਾ ਹੈ ਜਾਂ ਆਪਣੀ ਕਿਰਤ 'ਤੇ ਮਾਣ ਹੁੰਦਾ ਹੈ। ਜਿਸ ਰਾਹੀਂ ਉਨ੍ਹਾਂ ਨੇ ਇਸ ਧਰਤੀ 'ਤੇ ਸਵਰਗ ਨੂੰ ਉਤਾਰਿਆ ਹੁੰਦਾ ਹੈ ਉਸ ਸਵਰਗ ਦੀ ਰਾਖੀ ਕਰਨਾ ਅਤੇ ਆਪਣੇ ਲਈ ਉਸ ਨੂੰ ਵਰਤਣਾ ਇਹ ਹਰੇਕ ਉਸ ਕਿਰਤ ਕਰਨ ਵਾਲੇ ਲਈ ਜ਼ਰੂਰੀ ਹੈ ਜੋ ਆਪਣੇ ਕਿਰਤ ਰਾਹੀਂ ਉਸਾਰ ਰਿਹਾ ਹੈ। ਕਿਸੇ ਵੀ ਕਾਰਪੋਰੇਟ ਘਰਾਣੇ ਅਤੇ ਉਨ੍ਹਾਂ ਦੀ ਪਿੱਠ 'ਤੇ ਉਤਰੀਆਂ ਸਰਕਾਰਾਂ ਨੂੰ ਇਹ ਕੋਈ ਹੱਕ ਨਹੀਂ ਕਿ ਲੋਕਾਂ ਦੇ ਸਰਮਾਏ ਨਾਲ ਬਣਾਏ ਇਨ੍ਹਾਂ ਸਕੂਲਾਂ, ਹਸਪਤਾਲਾਂ, ਫੈਕਟਰੀਆਂ, ਕਾਰਖਾਨਿਆਂ ਅਤੇ ਸੰਸਥਾਵਾਂ ਉਪਰ ਆਪ ਮਾਲਕ ਬਣ ਬੈਠੇ। ਇਨ੍ਹਾਂ ਦੀ ਅਸਲੀ ਮਾਲਕ ਤਾਂ ਦੁਨੀਆ ਭਰ ਦੇ ਆਮ ਲੋਕ ਹੀ ਹੁੰਦੇ ਨੇ।

Tri-City
Professional Realty Inc. Brokerage.

Paul Dosanjh

Sales Representative
Since 1987 on Full Time Basis
Aiming straight with honesty and integrity
Dir : 416-254-7573
Email : pdosanjh2005@yahoo.com
Off. : 905-793-5777



# ਵਿਰਾਸਤ ਅਤੇ ਯਾਦਗਾਰਾਂ ਦੇ ਆਪਸੀ ਰਿਸ਼ਤੇ ਦਾ ਸਵਾਲ



ਡਾ. ਸੁਮੇਲ ਸਿੰਘ ਸਿੱਧੂ

**ਜਿਸ ਪੱਧਰ 'ਤੇ ਅਜੋਕੇ ਵਿਚਾਰਧਾਰਕ ਮਸਲਿਆਂ ਨੂੰ ਨਜਿੱਠਨ ਦੀ ਜ਼ਰੂਰਤ ਹੈ ਉਸ ਲਈ ਜ਼ਰੂਰੀ ਹੈ ਕਿ ਨੌਜਵਾਨ ਪੀੜ੍ਹੀ ਵਿਚਲੇ ਹਿੱਸੇ ਆਪਣਾ ਬਹੁਤਾ ਸਮਾਂ ਬੌਧਿਕ ਪ੍ਰੰਪਰਾਵਾਂ ਨੂੰ ਸਮਝਣ ਅਤੇ ਉਨ੍ਹਾਂ ਦੀ ਅਜੋਕੇ ਸਮਿਆਂ ਦੇ ਸੰਦਰਭ ਵਿਚ ਅਹਿਮੀਅਤ ਨੂੰ ਉਜਾਗਰ ਕਰਨ ਵੱਲ ਨੂੰ ਵਧਣ, ਇਨ੍ਹਾਂ ਵਿਚ ਨੌਜਵਾਨ ਵਿਦਵਾਨ ਡਾ. ਸੁਮੇਲ ਸਿੰਘ ਸਿੱਧੂ ਆਪਣੇ ਆਪ ਨੂੰ ਸ਼ਾਮਲ ਕਰ ਚੁੱਕਿਆ ਹੈ। ਇਸ ਵਲੋਂ ਜਿਸ ਕਿਸਮ ਨਾਲ ਪੰਜਾਬ ਦੀ ਇਤਿਹਾਸਕਾਰੀ ਅਤੇ ਉਸ ਦਾ ਪੰਜਾਬ ਦੀਆਂ ਸ਼ਾਨਦਾਰ ਇਤਿਹਾਸਕ, ਰਾਜਨੀਤਕ, ਧਾਰਮਿਕ ਅਤੇ ਸਭਿਆਚਾਰਕ ਮਸਲਿਆਂ ਨਾਲ ਸੁਮਿਲਤ ਕਰਕੇ ਵਿਚਾਰਧਾਰਕ ਸਵਾਲ ਖੜ੍ਹੇ ਕਰਨ ਦੀ ਸਮਝਦਾਰੀ ਹੈ।**

ਇਤਿਹਾਸ ਨਾਲ ਕਿਸੇ ਵੀ ਸਮਾਜ ਦਾ ਰਿਸ਼ਤਾ ਹਮੇਸ਼ਾ ਹੀ ਬਹੁ-ਪਰਤੀ ਅਤੇ ਜਜ਼ਬੇ-ਭਰਪੂਰ ਹੁੰਦਾ ਹੈ। ਬੀਤੇ ਦੌਰ ਦੀਆਂ ਕਈ ਲੜੀਆਂ ਨਵੇਂ ਦੌਰ 'ਚ ਵੀ ਜਾਰੀ ਰਹਿੰਦੀਆਂ ਹਨ, ਭਾਵੇਂ ਉਨ੍ਹਾਂ ਦਾ ਰੂਪ ਬਦਲ ਜਾਂਦਾ ਹੈ। ਜੇ ਬੀਤਿਆ ਦੌਰ ਜ਼ਿਆਦਾ ਘਟਨਾਵਾਂ-ਭਰਪੂਰ, ਤ੍ਰਾਸਦਿਕ ਅਤੇ ਮਸਲਿਆਂ, ਸਵਾਲਾਂ ਅਤੇ ਸੰਕਟਾਂ ਦੀ ਗ੍ਰਿਫ਼ਤ ਵਿੱਚ ਰਹਿਆ ਹੋਵੇ ਤਾਂ ਉਸ ਨਾਲ ਬਨਦਾ ਰਿਸ਼ਤਾ ਅਤੇ ਭਵਿੱਖ ਦੀ ਨਿਰਮਾਣਕਾਰੀ ਡੂੰਘੇ ਸਮਾਜਿਕ ਤਣਾਅ ਅਤੇ ਮੁਸਲਸਲ ਸੱਭਿਆਚਾਰਕ ਜਾਂ ਵਿਰਾਸਤੀ ਸੰਕਟ 'ਚੋਂ ਗੁਜ਼ਰਦੀ ਹੈ। ਇਤਿਹਾਸ, ਸਿਮਰਤੀ ਅਤੇ ਸ਼ਨਾਖਤ ਦੇ ਆਪਸੀ ਰਿਸ਼ਤਿਆਂ 'ਤੇ ਅਧਾਰਤ ਕੋਈ ਵੀ 'ਵਿਰਸਾ' ਜਾਂ 'ਵਿਰਾਸਤ' ਦਰਅਸਲ ਸਾਡੇ ਮੌਜੂਦਾ ਵਿਚਾਰਾਂ ਅਤੇ ਅਭਿਆਸ ਵਿੱਚ ਬੀਤੇ ਨੂੰ ਚਿਨਨ ਦਾ ਸਾਧਨ ਬਣਦੇ ਹਨ। ਸਾਡੇ ਸਾਹਮਣੇ ਅਜਿਹੀਆਂ ਕਈ ਮਿਸਾਲਾਂ ਹਨ-ਦੂਜੇ ਵਿਸ਼ਵ ਯੁੱਧ ਵਿੱਚ ਨਾਜ਼ੀ ਜਰਮਨੀ ਦੀ ਹਾਰ। ਜਰਮਨੀ ਦੇ ਨਾਗਰਿਕਾਂ, ਸਮਾਜ-ਸ਼ਾਸਤਰੀਆਂ ਅਤੇ ਚਿੰਤਕਾਂ ਨੇ ਉਸ ਦੌਰ ਨੂੰ ਸ਼ਰਮ, ਲੱਜਾ ਅਤੇ ਆਤਮ-ਗਲਾਨੀ ਦੇ ਅਨੁਭਵਾਂ 'ਚੋਂ ਗੁਜ਼ਰਦਿਆਂ ਇਸ ਦੇ ਕਈ ਪਹਿਲੂਆਂ ਦੀ ਨਿਸ਼ਾਨਦੇਹੀ ਕੀਤੀ।

ਸਾਡੇ ਆਪਣੇ ਗੁਆਂਢੀ ਮੁਲਕ ਬੰਗਲਾਦੇਸ਼ ਦੀ ਕੌਮੀ ਮੁਕਤੀ ਦੇ ਸੰਘਰਸ਼ ਦਾ ਇਤਿਹਾਸ ਅਜਿਹੇ ਬਿਰਤਾਂਤ ਦੀ ਤਲਾਸ਼ ਵਿੱਚ ਹੈ ਜੋ ਵੱਖ-ਵੱਖ ਵਰਗਾਂ, ਅੰਦੋਲਨਾਂ, ਰਾਜਸੀ ਸਰਗਰਮੀਆਂ, ਸੈਨਿਕ ਪੱਖ ਆਦਿ ਦੀ ਸਹੀ ਪੇਸ਼ਕਾਰੀ ਕਰ ਸਕੇ। ਇਸ ਬਿਰਤਾਂਤ ਦਾ ਸਵਾਲ ਬੰਗਲਾਦੇਸ਼ ਦੀ ਕੌਮੀ ਸ਼ਨਾਖਤ ਨਾਲ ਜੁੜਿਆ ਹੋਣ ਕਰਕੇ ਇਸ ਦੇ ਨਿਰਣੇ ਵਿਵਾਦ-ਗ੍ਰਸਤ ਰਹਿਣਗੇ। ਇਹ ਵੀ ਸੰਭਵ ਹੋ ਸਕਦਾ ਹੈ ਕਿ ਪਹਿਲਾਂ ਪੁੱਜੇ ਨਿਰਣਿਆਂ ਵਿੱਚ ਚੋਖੀ ਤਰਮੀਮ ਜਾਂ ਮੁੱਢੋਂ ਰੱਦ ਕਰ ਦੇਣ ਦਾ ਅਮਲ ਵੀ ਅਪਣਾਇਆ ਜਾ ਸਕਦਾ ਹੈ। ਮਸਲਨ, ਸਾਡੇ ਆਪਣੇ ਦੇਸ਼ ਵਿੱਚ ਐਨ.ਡੀ.ਏ. ਦੀ ਸਰਕਾਰ ਵੱਲੋਂ ਪਾਠ-ਪੁਸਤਕਾਂ ਰੱਦ ਕਰ ਦੇਣ ਜਾਂ ਬਦਲ ਦੇਣ ਦੀ ਕਵਾਇਦ ਕੀਤੀ ਜਾ ਚੁੱਕੀ ਹੈ। ਸੰਨ 2004 ਵਿੱਚ ਯੂ.ਪੀ.ਏ. ਦੀ ਪਹਿਲੀ ਸਰਕਾਰ ਨੇ ਨਵੇਂ ਮਾਨਦੰਡਾਂ ਉੱਪਰ ਅਧਾਰਤ ਪਾਠ-ਪੁਸਤਕਾਂ ਤਿਆਰ ਕਰਵਾਈਆਂ। ਹੁਣੇ ਹੀ ਸੰਨ 2012 ਵਿੱਚ ਸੰਸਦ ਮੈਂਬਰਾਂ ਦੇ ਕਾਰਟੂਨਾਂ 'ਤੇ ਉਠਾਏ ਮੰਦਭਾਗੇ ਸ਼ੋਰ-ਸ਼ਰਾਬੇ ਨਾਲ ਇਹ ਸਾਰੀਆਂ ਪਾਠ-ਪੁਸਤਕਾਂ ਮੁੜ ਤੋਂ ਖ਼ਤਰੇ ਵਿੱਚ ਹਨ। ਪੰਜਾਬ ਵਿੱਚ 80ਵਿਆਂ ਅਤੇ 90ਵਿਆਂ ਦਾ ਦਹਾਕਾ ਵੀ ਅਜਿਹੀ ਵਿਵਾਦਗ੍ਰਸਤ ਵਿਰਾਸਤ ਦੇ ਕਈ ਪਾਸਾਰਾਂ ਦੀ ਨਿਸ਼ਾਨਦੇਹੀ ਉਡੀਕ ਰਿਹਾ ਹੈ।

ਇਨ੍ਹਾਂ ਹਵਾਲਿਆਂ ਤੋਂ ਇਹ ਸਪਸ਼ਟ ਹੈ ਕਿ ਇਤਿਹਾਸਕ ਬਿਰਤਾਂਤ ਅਤੇ ਵਿਵਾਦ ਇੱਕ-ਦੂਜੇ ਦੇ ਪੂਰਕ ਹੀ ਸਮਝੇ ਜਾਣੇ ਚਾਹੀਦੇ ਹਨ। ਇਤਿਹਾਸ ਦੀ ਵਿਆਖਿਆ, ਵਿਸ਼ਲੇਸ਼ਣ ਅਤੇ ਬਿਰਤਾਂਤਕਾਰੀ ਕਿਸੇ ਵੀ ਸਮਾਜ ਦੇ ਪ੍ਰਚਲਿਤ ਮਸਲਿਆਂ ਜਾਂ ਸੰਕਟਾਂ ਨਾਲ ਸਿੱਝਣ ਦੀ ਕਸ਼ਮਕਸ਼ 'ਚੋਂ ਗੁਜ਼ਰਦੇ ਹਨ। ਇਸ ਦਾ ਮਤਲਬ ਇਹ ਕਦੇ ਨਹੀਂ ਕਿ ਸਾਰੇ ਬਿਰਤਾਂਤ ਬਰਾਬਰ ਹਨ, ਇੱਕੋ ਜਿੰਨੇ ਸੱਚੇ ਜਾਂ ਝੂਠੇ ਹਨ ਜਾਂ ਇਤਿਹਾਸਕ ਬਿਰਤਾਂਤ ਆਪਣੇ-ਆਪ ਵਿੱਚ ਕੋਈ ਮਹੱਤਤਾ ਨਹੀਂ ਰੱਖਦਾ। ਇਸ ਤੋਂ ਉਲਟ ਸਾਡੇ ਧਿਆਨਗੋਚਰੇ ਇਹ ਹੋਣਾ ਚਾਹੀਦਾ ਹੈ ਕਿ ਇਤਿਹਾਸ ਦੀ ਪੇਸ਼ਕਾਰੀ ਪਾਠ-ਪੁਸਤਕਾਂ, ਅਜਾਇਬ ਘਰਾਂ, ਪ੍ਰਦਰਸ਼ਨੀਆਂ, ਦਸਤਾਵੇਜ਼ੀ ਫ਼ਿਲਮਾਂ ਆਦਿ ਆਪਣੇ ਮਾਧਿਅਮ ਸਦਕਾ ਵਿਸ਼ਾਲ ਪਹੁੰਚ ਦੇ ਜ਼ਰੀਏ ਇਤਿਹਾਸਕ ਬਿਰਤਾਂਤ ਨੂੰ ਲੋਕਾਈ ਦੇ ਅਨੁਭਵ ਦਾ ਹਿੱਸਾ ਬਣਾ ਸਕਦੀ ਹੈ। ਇਸ ਜਨਤਕ ਇਤਿਹਾਸ ਉੱਪਰ ਹੀ ਸਬੰਧਿਤ ਧਿਰਾਂ ਵੱਲੋਂ ਵਿਰੋਧ ਦੀ ਸੁਰ ਉਠਦੀ ਹੈ।

ਕੋਈ ਵੀ ਸਮਾਜ ਆਪਣੇ ਸੰਕਟਾਂ ਨਾਲ ਕਿਹੋ ਜਿਹੀ ਸਮਰੱਥਾ ਨਾਲ ਮੁੱਠਭੇੜ ਕਰਦਾ ਹੈ, ਉਸ ਕੋਲ ਕਿਹੜੀਆਂ ਬੌਧਿਕ ਪਰੰਪਰਾਵਾਂ ਹਨ, ਕਿਹੋ ਜਿਹੀਆਂ ਸੰਸਥਾਵਾਂ ਹਨ ਅਤੇ ਸਵਾਲ ਖੜ੍ਹੇ ਕਰਨ ਦੀ ਨੈਤਿਕਤਾ, ਗਹਿਰਾਈ ਅਤੇ ਨਿਭਾਅ, ਕਿਤੇ ਨਾ ਕਿਤੇ ਅਜਿਹੇ ਵਿਵਾਦਾਂ ਜਾਂ ਦੌਰਾਂ ਦੇ ਵਿਰਾਸਤੀ ਫ਼ੈਸਲੇ ਕਰਦਿਆਂ ਸਮਾਜ ਆਪਣੀ ਹਕੀਕਤ ਬਿਆਨ ਕਰ ਜਾਂਦਾ ਹੈ। ਮਸਲਨ ਪੰਜਾਬ ਸਰਕਾਰ ਜਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਾਕਾ ਨੀਲਾ ਤਾਰਾ ਸਬੰਧੀ ਯਾਦਗਾਰ ਦਾ ਮਸਲਾ ਸਾਡੇ ਸਾਹਮਣੇ ਹੈ। ਸ਼੍ਰੋਮਣੀ ਕਮੇਟੀ ਵੱਲੋਂ ਦਮਦਮੀ ਟਕਸਾਲ ਦੇ ਬਾਬਾ ਹਰਨਾਮ ਸਿੰਘ ਧੁੰਮਾਂ ਨੂੰ ਇਸ ਦੀ ਉਸਾਰੀ ਦੀ ਜ਼ਿੰਮੇਵਾਰੀ ਸੌਂਪੀ ਗਈ ਹੈ। ਫ਼ੈਸਲਾ ਹੋਇਆ ਹੈ ਕਿ ਇਹ ਯਾਦਗਾਰ ਇੱਕ ਗੁਰਦੁਆਰੇ ਦੇ ਰੂਪ ਵਿੱਚ ਅਕਾਲ ਤਖ਼ਤ ਤੋਂ ਥੋੜ੍ਹਾ ਹਟ ਕੇ ਤਾਮੀਰ ਕੀਤੀ ਜਾਵੇਗੀ। ਹੋ ਸਕਦਾ ਹੈ ਕਿ ਇੱਕ ਮੁੱਖ ਸੱਤਾਧਾਰੀ ਧਿਰ ਦੀ ਪਰਦੇ-ਪਿੱਛੋਂ ਇਮਦਾਦ ਨਾਲ ਦਮਦਮੀ ਟਕਸਾਲ ਨੂੰ ਮਾਨਤਾ ਪ੍ਰਾਪਕ ਹੋ ਗਈ ਹੈ। ਨਾਲ ਹੀ ਕਿਸੇ 'ਅਵੈੜੇ' ਜਾਂ 'ਗੈਰ-ਮਨਜ਼ੂਰਸ਼ੁਦਾ' ਇਤਿਹਾਸਕ ਬਿਰਤਾਂਤ ਤੋਂ ਬਚਣ ਲਈ, ਇਸ ਨੂੰ ਗੁਰਦੁਆਰੇ ਵਜੋਂ ਚਿਤਵਣ ਦੇ ਅਮਲ ਨੂੰ ਸਹਿਜੇ ਹੀ ਇਸ ਧਿਰ ਦੀ ਨੀਤੀਗਤ ਕੁਸ਼ਲਤਾ ਵਜੋਂ ਲਿਆ ਜਾ ਸਕਦਾ ਹੈ। ਸਾਕਾ ਨੀਲਾ ਤਾਰਾ ਅਤੇ ਇਸ ਦੇ ਨਾਲ ਜੁੜੇ ਮਸਲੇ ਗੁਰਦੁਆਰੇ ਦੀ ਸ਼ਰਧਾ-ਮਰਿਆਦਾ ਵਿੱਚ ਸ਼ਾਇਦ ਕਿਸੇ ਹੱਦ ਤਕ ਸੰਵੇਦਨਾ ਨੂੰ ਜ਼ਹਿਰੀ ਹੋਣ ਤੋਂ ਬਚਾ ਜਾਣ ਪਰ ਇਸ ਦੇ ਸਮਾਜਕ-ਸਭਿਆਚਾਰਕ ਪਹਿਲੂਆਂ ਦੀ ਜ਼ਿੰਮੇਵਾਰ ਪੜਚੋਲ, ਆਪਾ-ਚੀਨਣ ਦਾ ਹੌਸਲਾ ਅਤੇ ਇਨਸਾਫ਼-ਪਸੰਦਗੀ ਦਾ ਤਕਾਜ਼ਾ ਸ਼ਾਇਦ ਹਾਸਲ ਨਾ ਕੀਤਾ ਜਾ ਸਕੇ। ਇਸ ਯਾਦਗਾਰ ਦੇ ਬਹਾਨੇ ਇਹ ਸਾਰੇ ਪੰਜਾਬੀਆਂ ਦੇ ਸੋਚਣ-ਵਿਚਾਰਨ ਅਤੇ ਉਨ੍ਹਾਂ ਦੀ ਚਿੰਤਨ-ਪ੍ਰੋੜਤਾ ਦੀ ਪਰਖ ਦਾ ਮੁਕਾਮ ਹੈ।

ਪੰਜਾਬੀ ਸਮਾਜ ਗੌਰ ਕਰੇ ਕਿ ਇਸ ਸਾਕੇ ਦੀ ਦਾਸਤਾਨ ਲਈ ਤਾਂ ਗੁਰਦੁਆਰਾ ਤਜਵੀਜ਼ ਕੀਤਾ ਜਾ ਰਿਹਾ ਹੈ ਪਰ ਇਤਿਹਾਸਕ ਵਰਤਾਰਿਆਂ ਲਈ ਵਿਸ਼ੇਸ਼ ਖਰਚੇ, ਆਧੁਨਿਕ ਤਕਨੀਕ, ਸੰਕਲਪਾਂ ਅਤੇ ਪ੍ਰਬੰਧਨ ਭਰਪੂਰ ਯਾਦਗਾਰਾਂ ਉਸਾਰੀਆਂ ਜਾ ਰਹੀਆਂ ਹਨ। ਆਨੰਦਪੁਰ ਸਾਹਿਬ ਵਿੱਚ ਖ਼ਾਲਸੇ ਦੀ ਸਿਰਜਣਾ ਦਾ ਕੇਂਦਰ ਤਖ਼ਤ ਕੇਸਗੜ੍ਹ ਸਾਹਿਬ ਦਾ ਗੁਰਦੁਆਰਾ ਮੌਜੂਦ ਹੈ ਪਰ ਉਸ ਤੋਂ ਰਤਾ ਕੁ ਦੂਰ ਬਣੇ ਖ਼ਾਲਸਾ ਵਿਰਾਸਤੀ ਕੰਪਲੈਕਸ ਦੀ ਛੱਤ ਇਸ ਕਾਟਵੇਂ ਰੁਖ਼ ਹੈ ਕਿ ਸੂਰਜ ਅਤੇ ਚੰਦ ਦੀ ਰੌਸ਼ਨੀ ਨੂੰ ਪਰਿਵਰਤਤ ਕਰਕੇ ਤਖ਼ਤ ਕੇਸਗੜ੍ਹ ਸਾਹਿਬ ਦੇ ਗੁੰਬਦ 'ਤੇ ਸੁੱਟੇ। ਅਰਥ ਹੈ ਕਿ ਖ਼ਾਲਸੇ ਦੀ ਸਿਰਜਣਾ ਨੂੰ ਵਿਰਾਸਤੀ ਕੰਪਲੈਕਸ ਦੇ ਅਨੁਭਵ ਵਿੱਚੋਂ ਗੁਜ਼ਰ ਕੇ ਇਸ ਤਖ਼ਤ ਦੀ ਮਹਿਮਾ ਨੂੰ ਬਿਹਤਰ ਜਾਣਿਆ ਜਾ ਸਕਦਾ ਹੈ। ਇਸ ਅਜਾਇਬ ਘਰ ਜਾਂ 'ਅਜੂਬੇ' ਦੇ ਇਸ ਅਰਥ ਨੂੰ ਚਾਹੇ ਰੱਦ ਕੀਤਾ ਜਾ ਸਕਦਾ ਹੈ ਕਿ ਸਾਨੂੰ ਖ਼ਾਲਸੇ ਦੀ ਮਹਿਮਾ ਲਈ ਕਿਸੇ ਦੀ ਵਿਚੋਲਗੀ ਦੀ ਲੋੜ ਨਹੀਂ ਪਰ ਜੇ ਇਹ ਅਜੂਬਾ ਸਾਡੇ ਅਨੁਭਵ ਨੂੰ ਬਹੁ-ਪਰਤੀ ਬਣਾਉਂਦਾ ਹੋਵੇ, ਜਗਿਆਸਾ ਤੋਂ ਸ਼ੁਰੂ ਹੋ ਕੇ ਸਾਡੇ ਇਤਿਹਾਸ-ਬੋਧ ਤਕ ਪਹੁੰਚਦਾ ਹੋਵੇ, ਕੋਈ ਅੰਤਿਮ ਬਿਰਤਾਂਤ ਨਾ ਹੋ ਕੇ ਵੀ ਇਤਿਹਾਸਕ ਵਰਤਾਰੇ ਦਾ ਜ਼ਿਕਰਯੋਗ ਬਿਰਤਾਂਤ ਦਿੰਦਾ ਹੋਵੇ ਤਾਂ ਇਹ ਕਿਸੇ ਹੱਦ ਤਕ ਸਵਾਲਾਂ ਅਤੇ ਖ਼ਦਸ਼ਿਆਂ ਨੂੰ ਖੋਰ ਦੇਣ ਵਾਲੀ ਸ਼ਰਧਾ ਦਾ ਟਾਕਰਾ ਵੀ ਕਰਦਾ ਹੈ।

ਦੂਜੇ ਪਾਸੇ ਇਹ ਵੀ ਆਖਿਆ ਜਾ ਸਕਦਾ ਹੈ ਕਿ ਇਸ ਅਜੂਬੇ ਵਿੱਚ ਵਿਸ਼ਲੇਸ਼ਣੀ ਜੁਗਤ ਨਾਲ ਪੰਜਾਬੀਆਂ ਦੀ ਪਛਾਣ ਕਰਾਉਣ ਦੀ ਥਾਂ ਉਤਸਵੀ ਸੁਰ ਦਾ ਬੋਲ-ਬਾਲਾ ਹੈ। ਗੰਭੀਰ ਸਵਾਲਾਂ ਤੋਂ ਟਾਲਾ ਵੱਟਿਆ ਗਿਆ ਹੈ ਜਾਂ ਮੌਨ ਧਾਰਿਆ ਗਿਆ ਹੈ, ਕਿ ਇਹ ਸ਼ਰਧਾ ਦਾ ਇੱਕੀਵੀਂ ਸਦੀ ਵਿੱਚ ਮਲਟੀਮੀਡੀਆ ਭਰਪੂਰ ਨਵੀਨ ਪੇਸ਼ਕਾਰੀ ਹੈ। ਇਸ ਵਰਤਾਰੇ ਦੀ ਵਿਲੱਖਣ ਮਿਸਾਲ ਇਹ ਹੈ ਕਿ ਨਿਰੋਲ ਤਕਨੀਕੀ ਅਤੇ ਆਰਥਿਕ ਸਾਧਨਾਂ ਨਾਲ ਓਤਪੋਤ ਹੋਣ ਦੇ ਬਾਵਜੂਦ ਮੁੱਢਲੇ ਸਿੱਖ-ਇਤਿਹਾਸ ਦੇ ਕਿਸੇ ਪ੍ਰਚਲਿਤ-ਪ੍ਰਵਾਨਤ ਬਿਰਤਾਂਤ ਤੋਂ ਲਾਂਭੇ ਵੀ ਨਹੀਂ ਹੋਇਆ ਗਿਆ ਅਤੇ ਵਾਹ-ਲਗਦੀ ਇਸੇ ਬਿਰਤਾਂਤ ਨੂੰ ਅਕਾਦਮਿਕ ਕੁਸ਼ਲਤਾ ਦਾ ਜਾਮਾ ਵੀ ਪੁਆਇਆ ਗਿਆ ਹੈ। ਪੰਜਾਬੀਆਂ ਦੀ ਆਲੋਚਨਾਤਮਕ ਬਿਰਤੀ ਨੂੰ ਖੁੰਢਾ ਕਰਦਿਆਂ, ਪ੍ਰਸ਼ਨਾਤਮਕ ਸੰਵੇਦਨਾ ਨੂੰ ਖੋਰਦਿਆਂ, ਪ੍ਰਦਰਸ਼ਨੀ ਦੇ ਮਾਧਿਅਮ ਰਾਹੀਂ ਦਰਅਸਲ ਰਵਾਇਤੀ ਬਿਰਤਾਂਤ ਨੂੰ ਹੀ ਦ੍ਰਿੜਾਇਆ ਗਿਆ ਹੈ। ਇਨ੍ਹਾਂ ਸਵਾਲਾਂ ਦੀ ਪੜਚੋਲ ਰਾਹੀਂ ਹੀ ਅਸੀਂ ਆਪਣੇ ਇਤਿਹਾਸ-ਬੋਧ ਨੂੰ ਆਪਣੇ ਦੌਰ ਦੀਆਂ ਚੁਣੌਤੀਆਂ ਦੇ ਹਾਣ ਦਾ ਕਰ ਸਕਦੇ ਹਾਂ।

ਸਵਾਲ ਜਾਇਜ਼ ਹੈ ਕਿ ਖ਼ਾਲਸਾ ਸਾਜਣ ਤਕ ਦੇ ਇਤਿਹਾਸ ਨੂੰ ਬਾਕਾਇਦਾ ਤਿਆਰੀ ਨਾਲ ਤੇਜ਼ਧਾਰ, ਮਲਟੀਮੀਡੀਆ ਦੇ ਸਾਧਨ ਰਾਹੀਂ ਆਧੁਨਿਕਤਾ ਨਾਲ ਬਰ ਮੇਚਣ ਦੀ ਕੋਸ਼ਿਸ਼ ਵਜੋਂ ਲਿਆ ਗਿਆ ਹੈ, ਜਦੋਂਕਿ ਸਾਡੇ ਨੇੜੇ ਵਾਪਰੇ ਸਾਕਾ ਨੀਲਾ ਤਾਰਾ ਦੇ ਨਾਲ ਜੁੜੇ ਅੰਮ੍ਰਿਤਸਰ ਵਾਸੀਆਂ ਦੇ ਹੱਡਬੀਤੇ ਅਨੁਭਵਾਂ ਦੀ ਗ਼ੈਰ-ਹਾਜ਼ਰੀ ਅਤੇ ਪੰਜਾਬੀ ਇਤਿਹਾਸ ਦੀਆਂ ਪ੍ਰਕਿਰਿਆਵਾਂ ਨੂੰ ਹੂੰਝ ਕੇ ਸ਼ਰਧਾ ਦੇ ਚੰਦੋਏ ਨਾਲ ਢਕਣ ਦੀ ਕਾਰਵਾਈ ਚੱਲ ਰਹੀ ਹੈ।

ਕਿਸੇ ਢੁੱਕਵੀਂ ਯਾਦਗਾਰ ਲਈ ਜਨਤਕ ਬਹਿਸ ਨੂੰ ਸੱਦਾ ਦੇਣਾ; ਢੁੱਕਵੇਂ ਸੰਕਲਪਾਂ, ਇਨਸਾਫ਼-ਪਸੰਦਗੀ ਦਾ ਪੈਮਾਨਾ, ਵੰਨ-ਸੁਵੰਨਤਾ ਦੇ ਆਦਰਸ਼, ਨੈਤਿਕ ਪਹਿਲਕਦਮੀ ਅਤੇ ਖੁੱਲ੍ਹ-ਦਿਲੀ ਨਾਲ ਇਸ ਨੂੰ ਵਿਚਾਰਨ ਦਾ ਮੌਕਾ, ਜਨਤਕ ਪ੍ਰਕਿਰਿਆ ਰਾਹੀਂ ਸਾਕਾ ਨੀਲਾ ਤਾਰਾ ਦੀ ਯਾਦਗਾਰ ਇਸ ਡੂੰਘੇ ਜ਼ਖ਼ਮ ਦੇ ਇਲਾਜ ਲਈ ਜ਼ਮੀਨ ਹਮਵਾਰ ਕਰ ਸਕਦੀ ਹੈ। ਸ੍ਰੀ ਹਰਿਮੰਦਰ ਸਾਹਿਬ ਦੀ ਇਮਾਰਤਸਾਜ਼ੀ, ਸੰਗੀਤ ਅਤੇ ਸਰੋਵਰ, ਲੰਗਰ, ਚਹੁੰਕੂੰਟੀ ਖੁੱਲ੍ਹੇ ਦਰਵਾਜ਼ੇ ਅਜਿਹੀ ਪ੍ਰਕਿਰਿਆ ਦੇ ਗਵਾਹ ਹਨ। ਇਹ ਪੰਜਾਬੀ ਸਮਾਜ ਦੇ ਵਿਵੇਕ ਦਾ ਵੀ ਸਵਾਲ ਹੈ ਕਿ ਉਹ ਕਿਸ ਜਿਗਰੇ ਨਾਲ ਆਪਣੇ ਜਟਿਲ ਸਵਾਲ ਨਜਿੱਠ ਸਕਦਾ ਹੈ? ਅਕਸਰ ਹੀ ਕਿਸੇ ਦੌਰ ਬਾਰੇ ਚੱਲੀ ਬਹਿਸ ਹੀ ਉਸ ਦੌਰ ਦੀ ਢੁੱਕਵੀਂ ਯਾਦਗਾਰ ਵੀ ਹੋ ਜਾਂਦੀ ਹੈ।

ਇਸ ਤੋਂ ਅਗਲਾ ਸਵਾਲ ਸਾਡੀਆਂ ਬੌਧਿਕ ਪਰੰਪਰਾਵਾਂ ਅਤੇ ਸੰਸਥਾਈ ਗਿਆਨ ਨਾਲ ਜੁੜੀਆਂ ਉੱਚ ਸਿੱਖਿਆ ਸੰਸਥਾਵਾਂ ਦੇ ਚਰਿੱਤਰ ਬਾਰੇ ਹੈ। ਪੰਜਾਬ ਵਿੱਚ ਸਮਾਜਿਕ ਵਿਗਿਆਨਾਂ ਦੀ ਪੜ੍ਹਾਈ ਅਤੇ ਖੋਜ ਪਤਾਲੀਂ ਗਰਕ ਚੁੱਕੀ ਹੈ। ਸਾਡੇ ਗਿਆਨਬੋਧ ਅਤੇ ਸਮਾਜਿਕ ਵਿਵੇਕ ਡੋਲਨ ਦੀ ਪ੍ਰਕਿਰਿਆ ਨੂੰ ਸਿਉਂਕ ਲੱਗੀ ਹੋਈ ਹੈ। ਕੌਮੀ ਪੱਧਰ 'ਤੇ ਵੀ ਖ਼ਬਰ ਹੈ ਕਿ ਨਵੀਆਂ ਖੁੱਲ੍ਹ ਰਹੀਆਂ ਕੇਂਦਰੀ ਯੂਨੀਵਰਸਿਟੀਆਂ ਵਿੱਚ ਇਤਿਹਾਸ ਦੇ ਵਿਸ਼ੇ ਨੂੰ ਹਟਾ ਕੇ ਇਸ ਦੇ ਵਿਹਾਰਕ ਪੱਖਾਂ 'ਤੇ ਜ਼ੋਰ ਦਿੱਤਾ ਜਾਵੇਗਾ ਪਰ ਇਤਿਹਾਸ-ਬੋਧ ਤੋਂ ਵਿਰਵੀ ਵਿਹਾਰਕਤਾ ਕਿੰਨੀ ਕੁ ਸਹੁੰਢਣੀ ਹੋਵੇਗੀ? ਕੀ ਸਿਰਫ਼ ਸੈਰ-ਸਪਾਟਾ ਉਦਯੋਗ ਲਈ ਜ਼ਰੂਰੀ ਗਾਈਡ, ਪ੍ਰਦਰਸ਼ਨੀਕਾਰ ਜਾਂ ਮੈਨੇਜਰ ਹੀ ਹੁਣ ਸਾਡੇ ਵਿਵੇਕ ਦੇ ਪਹਿਰੇਦਾਰ ਹੋਣਗੇ? ਉਚੇਰੀ ਸਿੱਖਿਆ ਨੂੰ ਇਉਂ ਰੁਜ਼ਗਾਰਵਾਦ ਤਕ ਬੰਨ੍ਹ ਲੈਣਾ ਦਰਅਸਲ ਉਚੇਰੀ ਸਿੱਖਿਆ ਦਾ ਹੀ ਨਿਖੇਧ ਹੈ। ਨਿਰੋਲ ਤਕਨੀਕੀ, ਮੈਨੇਜਮੈਂਟ ਜਾਂ ਵਿਹਾਰਕ ਵਿਸ਼ਿਆਂ ਆਸਰੇ ਕਿਸੇ ਵੀ ਸਮਾਜ ਦੀ ਸਰਬਪੱਖੀ ਤੇ ਪਾਏਦਾਰ ਤਰੱਕੀ ਦੇ ਦਾਅਵੇ 1960ਵਿਆਂ ਦੇ ਹਰੇ ਇਨਕਲਾਬ ਤੋਂ ਤੁਰ ਕੇ ਦੁਰਸੁਪਨੇ ਤੋਂ ਵੀ ਅਗਾਂਹ ਸਰਬਾਂਗੀ ਤ੍ਰਾਸਦੀ ਤਕ ਜਾ ਚੁੱਕੇ ਹਨ। ਸਾਡੇ ਹਰੇ ਇਨਕਲਾਬੀ ਅਤਿਵਾਦ ਅਤੇ ਇੰਤਹਾਪਸੰਦ ਤਰੱਕੀ ਦੇ ਤਰਕ ਦਾ ਸ਼ਿਕਾਰ ਹੋਈਆਂ ਖ਼ੁਸ਼ਕਤੀ, ਕਿਰਤੀ ਜਿੰਦਾਂ ਦੇ ਸਾਕੇ ਦੀ ਯਾਦਗਾਰ ਕਿੱਥੇ ਬਣੇ? ਕੌਣ ਬਣਾਏਗਾ? ਇਸ ਦਾ ਦੋਸ਼ੀ ਕੌਣ ਹੈ? ਇਨ੍ਹਾਂ ਸਵਾਲਾਂ ਨਾਲ ਕਿਤੇ ਗਹਿਰੇ ਮਸਲੇ ਸਾਡੇ ਸਾਹਮਣੇ ਆਉਂਦੇ ਹਨ। ਪੰਜਾਬ ਦਾ ਅਸਲੀ ਸਾਕਾ ਆਪਣੀ ਹੀ ਹੋਣੀ ਦੇ ਪਾਸਾਰਾਂ ਬਾਬਤ ਵਿਵੇਕੀ ਸੰਸਾਰ ਨਾ ਸਿਰਜ ਸਕਣ ਦਾ ਹੈ।

ਜ਼ਾਹਰ ਹੈ ਕਿ ਇਨ੍ਹਾਂ ਮਸਲਿਆਂ ਨਾਲ ਜਿਹੜੇ ਸਮਾਜ ਵਿਗਿਆਨੀ ਦਸਤਪੰਜਾ ਲੈ ਰਹੇ ਹਨ ਉਨ੍ਹਾਂ ਦੀ ਗਿਣਤੀ ਥੋੜ੍ਹੀ ਹੈ; ਉਨ੍ਹਾਂ ਦੇ ਕੰਮ ਬਾਰੇ ਸਾਡੀ ਵਾਕਫ਼ੀਅਤ ਨਾਂਹ ਦੇ ਬਰਾਬਰ ਹੈ; ਉਨ੍ਹਾਂ ਦਾ ਕੰਮ ਸਾਡੀ ਸੰਵੇਦਨਾ ਦੇ ਉਚੇਰੇ ਮੰਡਲਾਂ ਤੋਂ ਬਹੁਤ ਹੇਠਾਂ ਹੈ; ਸਾਡੀ ਦਾਰਸ਼ਨਿਕ ਗਹਿਰਾਈ ਦੇ ਮੇਚ ਦੀ ਤ੍ਰਾਸਦੀ ਇਹ ਨਹੀਂ ਹੈ। ਇਸ ਖਲਾਅ ਵਿੱਚ ਕਈ ਲੋਕ ਆਪਣੇ ਜ਼ਹਿਰੀਲੇ ਔਜ਼ਾਰਾਂ ਨਾਲ ਸਾਡੇ ਮਰਜ਼ ਦਾ 'ਸ਼ਰਤੀਆ ਇਲਾਜ' ਕਰਨ ਦਾ ਹੋਕਾ ਦਿੰਦੇ ਫਿਰਦੇ ਹਨ। ਦੇਸੀ ਵੈਦਾਂ ਦੀ ਤਰਜ਼ 'ਤੇ 'ਗ਼ੁਲਾਮੀ ਤੋਂ ਛੁੱਟਣ' ਅਤੇ 'ਅਣਚਿਤਵੇ ਕਹਿਰ ਦਾ ਤੋੜ, ਭਰਾ ਮਾਰੂ ਜ਼ਹਿਰ' ਦਾ ਨੁਸਖ਼ਾ, ਜੋ ਉਨ੍ਹਾਂ ਲੰਮੀ ਸਾਧਨਾ ਮਗਰੋਂ ਹਾਸਲ ਕੀਤਾ ਹੈ-ਉਸ ਦੀ ਡੌਂਡੀ ਲਾਈ ਫਿਰਦੇ ਹਨ। ਅਜਿਹਾ ਦਾਅਵਾ ਕਰਨਾ ਕਿਸੇ ਦਾ ਵੀ ਹੱਕ ਹੈ, ਮੇਰਾ ਇਸ਼ਾਰਾ ਵਿਵੇਕੀ ਵਿਸ਼ਲੇਸ਼ਣ, ਸਮਾਜ ਵਿਗਿਆਨੀ ਵਿਧੀਆਂ ਅਤੇ ਇਤਿਹਾਸ ਬੋਧ ਦੇ ਗਾਇਬ ਹੋਣ ਨਾਲ ਵਾਪਰਨ ਵਾਲੀ ਹੋਣੀ ਵੱਲ ਹੈ। ਅਜਿਹੇ ਮਾਹੌਲ ਵਿੱਚ ਸ਼ੋਖ ਸ਼ਬਦਾਵਲੀ, ਮਸਾਲੇਦਾਰ ਵਿਸ਼ਲੇਸ਼ਣ ਅਤੇ ਤੱਤ ਫੱਟ ਉਪਾਅ ਲੋਕਾਂ ਸਾਹਮਣੇ ਪਰੋਸੇ ਜਾਂਦੇ ਹਨ। ਨਵ-ਉਦਾਰ ਆਰਥਿਕ ਪ੍ਰਬੰਧ ਦੀਆਂ ਨੀਹਾਂ ਉੱਪਰ ਸਿਰਫ਼ ਤਕਨੀਕੀ, ਮੈਨੇਜਮੈਂਟ, ਵਣਜ ਵਪਾਰ ਦਾ ਉਸਾਰਿਆ ਸਮਾਜਚਾਰਾ ਆਪਣੀ ਭਾਵਨਾਤਮਕ ਸੱਖਣ ਨੂੰ ਤੱਤ ਫੱਟ ਧਾਰਮਿਕਤਾ ਨਾਲ ਭਰਦਾ ਹੈ। ਗੁਜਰਾਤ ਇਸ ਵਰਤਾਰੇ ਦੀ ਮਿਸਾਲ ਹੈ ਅਤੇ ਪੰਜਾਬ ਛੋਹਲੇ ਪੈਰੀਂ ਉਸੇ ਮੰਜ਼ਿਲ ਵੱਲ ਧਾਈ ਕਰ ਰਿਹਾ ਹੈ।

ਕਿਸੇ ਵੀ ਵਿਰਾਸਤ ਦਾ ਸਬੰਧ ਸ਼ਨਾਖਤ ਦੀ ਨਿਸ਼ਾਨਦੇਹੀ ਨਾਲ ਹੈ ਜਦੋਂ ਕਿ ਇਤਿਹਾਸ ਬੀਤੇ ਨੂੰ ਸਮਝਣ ਦਾ ਇੱਕ ਉਪਰਾਲਾ ਹੈ। ਇਹ ਜਟਿਲ, ਅਣਸੁਖਾਵੇਂ ਸਵਾਲ ਉਘਾੜ ਦਿੰਦਾ ਹੈ ਅਤੇ 'ਵਿਰਾਸਤੀਕਰਨ' ਤੋਂ ਚੱਲ ਕੇ ਸ਼ਨਾਖਤਸਾਜ਼ੀ ਦੇ 'ਸੁਹਾਨੇ ਸਫ਼ਰ' (ਉਤਸਵੀ ਸੁਰ) ਅਤੇ 'ਮੌਸਮ ਹਸੀ' (ਮਲਟੀਮੀਡੀਆ ਅਨੁਭਵ) ਦੇ ਸਾਹਮਣੇ ਸ਼ੀਸ਼ਾ ਲਿਆ ਖੜ੍ਹਾ ਕਰਦਾ ਹੈ। ਸਮਾਂ ਹੈ ਕਿ ਪੰਜਾਬੀ ਸਮਾਜ ਆਪਣੇ ਵਿਵੇਕ ਅਤੇ ਵਿਸ਼ਲੇਸ਼ਣ ਦੇ ਸੱਖਣੇਪਨ ਬਾਰੇ ਗੰਭੀਰਤਾ ਨਾਲ ਸੋਚੇ। ਆਪਣੀਆਂ ਉੱਚ ਸਿੱਖਿਆ ਸੰਸਥਾਵਾਂ ਦੇ ਪੰਜਾਬੀ ਸੰਕਟਾਂ ਨਾਲ ਰਿਸ਼ਤੇ ਬਾਬਤ ਪਹਿਲਕਦਮੀ ਦਿਖਾਵੇ। ਸਿਰਫ਼ ਯਾਦਗਾਰਾਂ ਹੀ ਨਹੀਂ, ਸਗੋਂ ਆਪਣੇ ਇਤਿਹਾਸਕ ਬੋਧ ਦੀ ਉਸਾਰੀ ਬਾਰੇ ਸ਼ਿੱਦਤ, ਸੰਵੇਦਨਾ ਅਤੇ ਸੰਵਾਦ ਦੇ ਅਭਿਆਸ ਨੂੰ ਕਿਰਿਆਸ਼ੀਲ ਕੀਤਾ ਜਾਵੇ। ਇਸੇ ਅਮਲ ਵਿੱਚੋਂ ਹੀ ਅਸੀਂ ਆਪਣੇ ਜਸ਼ਨਾਂ ਅਤੇ ਸਾਕਿਆਂ ਨਾਲ ਇਨਸਾਫ਼ ਕਰ ਸਕਾਂਗੇ।

# ਰਾਜਨੀਤੀ, ਪਾਰਟੀ ਫੰਡ ਅਤੇ ਸਮਾਜਿਕ ਸਰੋਕਾਰ

**ਦਵਿੰਦਰ ਤੂਰ**



ਦੁਨੀਆ ਭਰ ਦੀਆਂ ਰਾਜਨੀਤਕ ਪਾਰਟੀਆਂ ਜਦੋਂ ਵੀ ਲੋਕਾਂ ਦੀ ਅਗਵਾਈ ਕਰਨ ਦਾ ਐਲਾਨ ਕਰਦੀਆਂ ਹਨ ਤਾਂ ਉਨ੍ਹਾਂ ਵਿਚੋਂ ਜਿਹੜੀ ਪਾਰਟੀ ਸੱਤਾ ਉਤੇ ਆ ਜਾਂਦੀ ਹੈ ਉਹ ਦੇਸ਼ ਦੇ ਬਣੇ ਕਾਇਦੇ ਕਾਨੂੰਨਾਂ ਅਨੁਸਾਰ ਲੋਕਾਂ ਨੂੰ ਦਿਸ਼ਾ-ਨਿਰਦੇਸ਼ ਦਿੰਦੀ ਹੈ ਅਤੇ ਉਨ੍ਹਾਂ ਨੂੰ ਉਨ੍ਹਾਂ ਦੀ ਪਾਲਣਾ ਲਈ ਹਰ ਕਿਸਮ ਦਾ ਰਾਜਕੀ ਪ੍ਰਬੰਧ ਸਥਾਪਤ ਕਰਦੀ ਹੈ। ਅਕਸਰ ਰਾਜਨੀਤਕ ਪਾਰਟੀਆਂ ਲੋਕਾਂ ਤੋਂ ਵਿਸ਼ੇਸ਼ ਕਰਕੇ ਸਰਕਾਰੀ ਕਾਰਜਵਿਹਾਰ ਵਿਚ ਸ਼ਾਮਲ ਤੋਂ ਇਹ ਆਸ ਰੱਖਦੀਆਂ ਨੇ ਕਿ ਉਹ ਕਿਸੇ ਵੀ ਕਿਸਮ ਨਾਲ ਦੇਸ਼ ਦੇ ਕਾਇਦੇ ਕਾਨੂੰਨ ਨੂੰ ਭੰਗ ਨਾ ਕਰਨ ਪ੍ਰੰਤੂ ਜਿਸ ਕਿਸਮ ਨਾਲ ਰਾਜਨੀਤਕ ਪਾਰਟੀਆਂ ਖੁਦ ਇਨ੍ਹਾਂ ਕਾਇਦੇ ਕਾਨੂੰਨਾਂ ਨੂੰ ਭੰਗ ਕਰਦੀਆਂ ਹਨ ਉਸ ਦੀਆਂ ਦਰਜਨਾਂ ਉਦਾਹਰਣਾਂ ਭ੍ਰਿਸ਼ਟਾਚਾਰ ਦੇ ਚੱਕਰਾਂ 'ਚ ਫਸੇ ਮੰਤਰੀਆਂ ਤੋਂ ਲੈ ਕੇ ਉਨ੍ਹਾਂ ਦੇ ਹਰੇਕ ਪੱਧਰ 'ਤੇ ਅਹੁਦੇਦਾਰਾਂ 'ਚੋਂ ਰੋਜ਼ਾਨਾ ਅਖ਼ਬਾਰਾਂ ਦੀਆਂ ਸੁਰਖੀਆਂ ਦੇ ਰੂਪ ਵਿਚ ਨਸ਼ਰ ਹੁੰਦੀਆਂ ਹਨ ਪਰ ਜਿਸ ਕਿਸਮ ਨਾਲ ਪਾਰਟੀ ਫੰਡ ਇਕੱਤਰ ਕੀਤੇ ਜਾਂਦੇ ਹਨ ਅਤੇ ਉਨ੍ਹਾਂ ਦਾ ਹਿਸਾਬ ਕਿਤਾਬ ਰੱਖਿਆ ਜਾਂਦਾ ਹੈ ਉਸ ਪ੍ਰਤੀ ਕਦੇ ਵੀ ਪੁਖਤਾ ਕਿਸਮ ਦੀ ਜਾਣਕਾਰੀ ਪ੍ਰਦਾਨ ਨਹੀਂ ਹੋਈ। ਸਮੇਂ ਸਮੇਂ 'ਤੇ ਇਹ ਤਾਂ ਜ਼ਰੂਰ ਹੁੰਦਾ ਰਿਹਾ ਹੈ ਕਿ ਟੁਟਵੇਂ ਰੂਪ ਵਿਚ ਕਿਸੇ ਨਾ ਕਿਸੇ ਪਾਰਟੀ ਉਪਰ ਇਜਲਾਮ ਲਗਦਾ ਰਿਹਾ ਹੈ ਕਿ ਉਹ ਆਪਣੇ ਪਾਰਟੀ ਫੰਡ ਗੈਰ ਕਾਨੂੰਨ ਢੰਗਾਂ ਨਾਲ ਹਾਸਲ ਕਰਦੀ ਹੈ ਪਰ ਜਿਸ ਕਿਸਮ ਨਾਲ ਭਾਰਤੀ ਰਾਜਨੀਤੀ ਵਿਚ ਸ਼ਾਮਲ ਪ੍ਰਮੁੱਖ ਪਾਰਟੀਆਂ ਜਿਹੜੀਆਂ ਰਾਸ਼ਟਰੀ ਤੋਂ ਲੈ ਕੇ ਖੇਤਰਾਂ ਤੱਕ ਸਾਈਆਂ ਹਨ ਉਨ੍ਹਾਂ ਦੀ ਰਿਪੋਰਟ ਦੋ ਗੈਰ ਸਰਕਾਰੀ ਸੰਸਥਾਵਾਂ ਜਿਨ੍ਹਾਂ ਵਿਚ ਐਸੋਸੀਏਸ਼ਨ ਫਾਰ ਡੈਮੋਕਰੇਟਿਕ ਸੁਧਾਰ ਅਤੇ ਨੈਸ਼ਨਲ ਇਲੈਕਸ਼ਨ ਵਾਚ ਨਾਂ ਦੀਆਂ ਜਥੇਬੰਦੀਆਂ ਨੇ ਸਿਆਸੀ ਪਾਰਟੀਆਂ ਦੇ ਦਸਤਾਵੇਜ਼ਾਂ ਨੂੰ ਆਧਾਰ ਬਣਾ ਕੇ ਅਤੇ ਇਲੈਕਸ਼ਨ ਕਮਿਸ਼ਨ ਨੂੰ ਜਿਸ ਕਿਸਮ ਨਾਲ ਸਾਲਾਨਾ ਰਿਪੋਰਟਾਂ ਭੇਜੀਆਂ ਜਾਂਦੀਆਂ ਹਨ ਉਨ੍ਹਾਂ ਨੂੰ ਆਧਾਰ ਬਣਾ ਕੇ ਵੱਖ-ਵੱਖ ਸਿਆਸੀ ਪਾਰਟੀਆਂ ਦੇ ਫੰਡਾਂ ਦਾ ਵੇਰਵਾ ਨਸ਼ਰ ਕੀਤਾ ਹੈ। ਹਾਲਾਂਕਿ ਭਾਰਤ ਦੇ ਕਾਨੂੰਨ ਲੋਕ ਐਕਟ ਦੇ ਨੁਮਾਇੰਦੇ 1951 ਅਨੁਸਾਰ ਸਪਸ਼ਟ ਸਿਆਸੀ ਪਾਰਟੀਆਂ ਨੂੰ ਕਿਹਾ ਗਿਆ ਹੈ ਕਿ ਉਹ ਜਿਸ ਵੀ ਵਿਅਕਤੀ ਤੋਂ 20 ਹਜ਼ਾਰ ਤੋਂ ਵੱਧ ਫੰਡ ਹਾਸਲ ਕਰਨਗੇ ਉਸ ਦੀ ਸਮੁੱਚੀ ਜਾਣਕਾਰੀ ਸਿਆਸੀ ਪਾਰਟੀ ਨੂੰ ਨਸ਼ਰ ਕਰਨੀ ਪਵੇਗੀ।

ਇਨ੍ਹਾਂ ਦੋ ਗੈਰ ਸਰਕਾਰੀ ਸੰਸਥਾਵਾਂ ਅਨੁਸਾਰ ਕਾਂਗਰਸ ਪਾਰਟੀ ਨੇ 2004 ਤੋਂ ਲੈ ਕੇ 2011 ਤੱਕ ਆਪਣਾ ਫੰਡ 2008 ਕਰੋੜ ਰੁਪਏ ਇਕੱਤਰ ਕੀਤਾ। ਇਸ ਸਮੇਂ ਦੌਰਾਨ ਭਾਰਤੀ ਰਾਜਨੀਤੀ ਦੀ ਦੂਸਰੀ ਸਭ ਤੋਂ ਵੱਡੀ ਪਾਰਟੀ ਭਾਰਤੀ ਜਨਤਾ ਪਾਰਟੀ ਨੇ 994 ਕਰੋੜ ਰੁਪਏ ਇਕੱਤਰ ਕੀਤੇ। ਇਸੇ ਲਿਸਟ ਵਿਚ ਤੀਸਰੀ ਜੋ ਕਿ ਦਲਿਤ ਭਾਈਚਾਰੇ ਨੂੰ ਆਜ਼ਾਦੀ ਦਿਵਾਉਣ ਦਾ ਵਾਅਦਾ ਕਰਦੀ ਹੈ ਬਹੁਜਨ ਸਮਾਜ ਪਾਰਟੀ ਨੇ 2009 ਤੋਂ 2011 ਤੱਕ 172 ਕਰੋੜ ਦੀ ਇਨਕਮ ਦਿਖਾਈ ਹੈ। ਪ੍ਰੰਤੂ ਇਸ ਨੇ ਕੋਈ ਵੀ ਅਜਿਹਾ ਵਿਅਕਤੀ ਨਹੀਂ ਦਿਖਾਇਆ ਜਿਸ ਨੇ 20 ਹਜ਼ਾਰ ਤੋਂ ਵੱਧ ਰੁਪਏ ਪਾਰਟੀ ਫੰਡ ਲਈ ਦਿੱਤੇ ਹਨ। ਦੇਸ਼ ਦੀ ਖੱਬੇ ਪੱਖ ਨੂੰ ਉਭਾਰਨ ਲਈ ਪਾਰਟੀ ਭਾਰਤੀ ਕਮਿਊਨਿਸਟ ਪਾਰਟੀ (ਮਾਰਕਸਵਾਦੀ) ਨੇ ਵੀ ਇਸ ਸਮੇਂ ਦੌਰਾਨ ਆਪਣਾ ਪਾਰਟੀ ਫੰਡ 150 ਕਰੋੜ ਰੁਪਏ ਪ੍ਰਸਤੁਤ ਕੀਤਾ ਹੈ। ਪਰ ਇਨ੍ਹਾਂ ਨੇ 20 ਹਜ਼ਾਰ ਤੋਂ ਵੱਧ ਫੰਡ ਦੇਣ ਵਾਲਿਆਂ ਵਿਚ ਇਕ 1.39 ਪ੍ਰਤੀਸ਼ਤ ਦਾ ਨਾਂ ਨਸ਼ਰ ਕੀਤਾ ਹੈ। ਇਸ ਸਮੁੱਚੇ ਸਮੇਂ ਦੌਰਾਨ ਕਾਂਗਰਸ ਪਾਰਟੀ ਨੇ ਆਪਣਾ ਵਾਧਾ 11.89 ਪ੍ਰਤੀਸ਼ਤ ਦਿਖਾਇਆ ਹੈ ਅਤੇ ਭਾਰਤੀ ਜਨਤਾ ਪਾਰਟੀ ਨੇ 22.76 ਪ੍ਰਤੀਸ਼ਤ ਵਾਧਾ ਦਿਖਾਇਆ ਹੈ। ਸਭ ਤੋਂ ਵੱਧ ਜਿਨ੍ਹਾਂ ਪਾਰਟੀਆਂ ਨੇ ਚੰਦੇ ਪ੍ਰਦਾਨ ਹੋਏ ਹਨ ਉਨ੍ਹਾਂ ਵਿਚ ਤੇਲਗੂ ਰਾਸ਼ਟਰੀਆ ਸੰਮਤੀ ਨੂੰ 99.98 ਪ੍ਰਤੀਸ਼ਤ ਅਤੇ ਲੋਕ ਜਨ ਸ਼ਕਤੀ ਪਾਰਟੀ ਨੂੰ 89.88 ਪ੍ਰਤੀਸ਼ਤ ਚੰਦੇ ਪ੍ਰਦਾਨ ਹੋਏ ਹਨ।


ਹਾਲਾਂਕਿ ਇਨ੍ਹਾਂ ਪਾਰਟੀਆਂ ਨੂੰ ਮੁੱਖ ਤੌਰ 'ਤੇ ਜਿਹੜੇ ਚੰਦੇ ਪ੍ਰਾਪਤ ਹੁੰਦੇ ਹਨ ਉਹ ਬੁਨਿਆਦੀ ਤੌਰ 'ਤੇ ਵੱਡੇ-ਵੱਡੇ ਕਾਰਪੋਰੇਟ ਘਰਾਣਿਆਂ ਵਲੋਂ ਹੀ ਹੁੰਦੇ ਹਨ। ਰਿਪੋਰਟ ਵਿਚ ਜ਼ਿਕਰ ਕੀਤਾ ਗਿਆ ਹੈ ਕਿ ਵੱਡੇ ਘਰਾਣੇ ਉਨ੍ਹਾਂ ਪਾਰਟੀਆਂ ਨੂੰ ਸਭ ਤੋਂ ਵੱਧ ਫੰਡ ਪ੍ਰਦਾਨ ਕਰਦੇ ਹਨ ਜਿਹੜੀਆਂ ਸੱਤਾ ਦੇ ਕਾਬਜ਼ ਹੋਣ ਦੇ ਨੇੜੇ ਹੋਣ। ਜਿਵੇਂ ਕਾਂਗਰਸ ਪਾਰਟੀ ਅਤੇ ਭਾਰਤੀ ਜਨਤਾ ਪਾਰਟੀ ਸ਼ਾਮਲ ਹੈ। ਇਸ ਰਿਪੋਰਟ ਵਿਚ ਵਿਸ਼ੇਸ਼ ਜ਼ਿਕਰ ਕੀਤਾ ਹੈ ਜਨਰਲ ਇਲੈਕਸ਼ਨ ਟਰੱਸਟ ਤੋਂ ਕਾਂਗਰਸ ਨੇ 36.41 ਕਰੋੜ ਰੁਪਏ ਅਤੇ ਭਾਰਤੀ ਜਨਤਾ ਪਾਰਟੀ ਨੇ 26.7 ਕਰੋੜ ਰੁਪਏ ਦੀ ਡੁਨੇਸ਼ਨ 2004 ਤੋਂ 2011 ਦੌਰਾਨ ਲਈ ਹੈ। ਇਸੇ ਤਰ੍ਹਾਂ ਟੋਰੈਂਟ ਪਾਵਰ ਨੇ ਕਾਂਗਰਸ ਪਾਰਟੀ ਨੂੰ 14.15 ਕਰੋੜ ਰੁਪਏ ਅਤੇ ਭਾਰਤੀ ਜਨਤਾ ਪਾਰਟੀ ਨੂੰ 13 ਕਰੋੜ ਰੁਪਏ ਦੀ ਡੁਨੇਸ਼ਨ ਦਿੱਤੀ ਹੈ। ਮੁੱਖ ਤੌਰ 'ਤੇ ਕਈ ਹੋਰ ਕੰਪਨੀਆਂ ਜਿਹੜੀਆਂ ਸਮੁੱਚੇ ਕਾਰਪੋਰੇਟ ਸੈਕਟਰ ਜਿਵੇਂ ਬਿਜਲੀ, ਸਟੀਲ, ਇਮਾਰਤ ਉਸਾਰੀ ਆਦਿ ਵਿਚ ਭਾਈਵਾਲ ਹਨ ਉਨ੍ਹਾਂ ਨੇ ਇਥੋਂ ਤੱਕ ਪੁਰਾਣੀਆਂ ਵੱਡੀਆਂ ਫਰਮਾਂ ਟਾਟਾ ਤੇ ਬਿਰਲਾ ਨੂੰ ਵੀ ਮਾਤ ਦੇ ਦਿੱਤੀ ਹੈ।

ਜਿਸ ਕਿਸਮ ਦੀ ਤਸਵੀਰ ਇਨ੍ਹਾਂ ਦੋ ਗੈਰ ਸਰਕਾਰੀ ਸੰਸਥਾਵਾਂ ਨੇ ਵੱਖ-ਵੱਖ ਹੁਕਮਰਾਨ ਪਾਰਟੀਆਂ ਦੀ ਫੰਡਾਂ ਦੇ ਮਸਲੇ 'ਤੇ ਖਿੱਚੀ ਹੈ ਉਸ ਤੋਂ ਸਪਸ਼ਟ ਹੈ ਕਿ ਇਹ ਪਾਰਟੀਆਂ ਬੁਨਿਆਦੀ ਤੌਰ 'ਤੇ ਕਿਸੇ ਨਾ ਕਿਸੇ ਰੂਪ ਵਿਚ ਕਾਰਪੋਰੇਟ ਘਰਾਣਿਆਂ ਦੇ ਇਸ਼ਾਰਿਆਂ 'ਤੇ ਹੀ ਚਲ ਰਹੀਆਂ ਹਨ। ਉਨ੍ਹਾਂ ਦੀਆਂ ਪਾਲਿਸ਼ੀਆਂ ਅਤੇ ਨੀਤੀਆਂ ਦੇਸ਼ ਦੇ ਲੋਕਾਂ ਉਪਰ ਲਾਗੂ ਕਰਦੀਆਂ ਹਨ। ਉਨ੍ਹਾਂ ਦਾ ਹੀ ਇਕ ਕਿਸਮ ਦਾ ਰਾਜਕੀ ਪ੍ਰਬੰਧ ਦਾ ਚਾਲਕ ਹਿੱਸਾ ਬਣ ਗਈਆਂ ਹਨ। ਅਜਿਹੇ ਸਮੇਂ 'ਚ ਲੋਕਪੱਖੀ ਜਥੇਬੰਦੀਆਂ ਨੂੰ ਇਨ੍ਹਾਂ ਪਾਰਟੀਆਂ ਦੀ ਅਸਲੀਅਤ ਨੂੰ ਉਜਾਗਰ ਕਰਦੇ ਹੋਏ ਇਸ ਗੱਲ ਵੱਲ ਧਿਆਨ ਦੇਣ ਦੀ ਲੋੜ ਹੈ ਕਿ ਅਜੋਕੇ ਦੁਨੀਆ ਭਰ ਦੇ ਪੂੰਜੀਵਾਦੀ ਪ੍ਰਬੰਧ ਵਿਚ ਕਿਸ ਕਿਸਮ ਦੀ ਰਾਜਨੀਤੀ ਕੀਤੀ ਜਾ ਰਹੀ ਹੈ ਅਤੇ ਕਿਸ ਕਿਸਮ ਦੀ ਰਾਜਨੀਤੀਵਾਨ ਇਸ ਪ੍ਰਕਿਰਿਆ ਵਿਚ ਸ਼ਾਮਲ ਹਨ।

ਜਦੋਂ ਸਰਮਾਇਆ ਅਤੇ ਰਾਜਨੀਤੀ ਦਾ ਆਪਸ ਵਿਚ ਸੁਮੇਲ ਹੋ ਜਾਵੇ ਤਾਂ ਇਹ ਗੱਲ ਵੀ ਸੰਭਵ ਹੈ ਕਿ ਰਾਜਨੀਤੀਵਾਨਾਂ ਦਾ ਟੀਚਾ ਸਿਰਫ਼ ਸੱਤਾ ਪ੍ਰਾਪਤ ਕਰਕੇ ਅਜਿਹੇ ਸਰਮਾਏ ਦੇ ਹਿੱਸੇ ਨੂੰ ਹੋਰ ਵਧਾਉਣਾ ਹੈ ਜਿਸ ਨਾਲ ਉਹ ਕਿਸੇ ਨਾ ਕਿਸੇ ਰੂਪ ਵਿਚ ਵੱਡੇ ਸਰਮਾਏਦਾਰਾਂ ਦੇ ਭਾਈਵਾਲ ਬਣ ਸਕਣ। ਇਹ ਇਕ ਹਕੀਕੀ ਸਚਾਈ ਹੈ ਕਿ ਅਜੋਕਾ ਰਾਜਨੀਤੀਵਾਨ ਸਿੱਧੇ ਜਾਂ ਅਸਿੱਧੇ ਰੂਪ ਵਿਚ ਕਾਰਪੋਰੇਟ ਘਰਾਣਿਆਂ ਦਾ ਹੀ ਇਕ ਵਿੰਗ ਬਣ ਚੁੱਕਾ ਹੈ ਜਿਹੜਾ ਮੁੜ ਕੇ ਸੱਤਾ ਵਿਚ ਆ ਕੇ ਉਨ੍ਹਾਂ ਕਾਰਪੋਰੇਟ ਘਰਾਣਿਆਂ ਦੀ ਰੱਖਿਆ ਕਰਦਾ ਹੈ ਉਨ੍ਹਾਂ ਦੇ ਹਿਸਾਬ ਨਾਲ ਨੀਤੀਆਂ ਤੈਅ ਕਰਦਾ ਹੈ। ਅਜੋਕੀ ਦੁਨੀਆ ਦੀ ਚਾਲ ਵਿਚ ਇਹ ਸਿੱਧੇ ਰੂਪ ਵਿਚ ਦਿਖਾਈ ਦੇ ਰਿਹਾ ਹੈ ਕਿ ਹੁਣ ਕੋਈ ਵੀ ਹੁਕਮਰਾਨ ਹੋਵੇ ਉਹ ਸਰਮਾਏ ਅਤੇ ਕਾਰਪੋਰੇਟ ਘਰਾਣਿਆਂ ਦੇ ਚਲਣ ਢੰਗ ਨੂੰ ਹੀ ਅਗਾਂਹ ਵਧਾ ਰਿਹਾ ਹੈ। ਸਿਰਫ਼ ਨਾਮ ਦੀਆਂ ਹੀ ਪਾਰਟੀਆਂ ਅਲੱਗ-ਅਲੱਗ ਸੱਤਾ ਬਦਲੀਆਂ 'ਚ ਆਉਂਦੀਆਂ ਹਨ ਪ੍ਰੰਤੂ ਪਾਲਿਸ਼ੀਆਂ ਇਕੋ ਹੀ ਰਹਿੰਦੀਆਂ ਹਨ।

## ਰਾਜਨੀਤਕ ਸਵਾਲ ਦਰ ਸਵਾਲ

ਪ੍ਰਸਿੱਧ ਇਤਿਹਾਸਕਾਰ ਹਾਵਡਜਿਨ ਦਾ ਕਹਿਣਾ ਸੀ, "ਜਿਸ ਕਿਸਮ ਨਾਲ ਰਾਜਨੀਤੀ ਵੱਖ-ਵੱਖ ਦੇਸ਼ਾਂ ਵਿਚ ਚਲ ਰਹੀ ਹੈ ਉਹ ਪਾਰਟੀਆਂ ਹੀ ਸੱਤਾ ਵਿਚ ਅਦਲਾ-ਬਦਲੀ ਨਾਲ ਆ ਰਹੀਆਂ ਹਨ ਜਿਹੜੀਆਂ ਕਿਸੇ ਕਿਸਮ ਨਾਲ ਪੂੰਜੀ ਦੇ ਸਿਸਟਮ ਨੂੰ ਕੋਈ ਵੀ ਆਂਚ ਨਹੀਂ ਆਉਣ ਦਿੰਦੀਆਂ।" ਉਨ੍ਹਾਂ ਦਾ ਇਹ ਕਥਨ ਰਾਜਨੀਤਕ ਸੋਚਣੀ ਦੇ ਪੱਧਰ 'ਤੇ ਇਕ ਸਪਸ਼ਟ ਦੁਨੀਆ ਪਰ ਦੀ ਤਸਵੀਰ ਜਨ ਸਮੂਹ ਅੱਗੇ ਪੇਸ਼ ਕਰਦਾ ਹੈ ਕਿ ਰਾਜਨੀਤੀ ਅਤੇ ਕਾਰਪੋਰੇਟ ਹਾਊਸ ਹੁਣ ਆਪਸ ਵਿਚੀ ਏਨੇ ਬੇਅਸਥ ਹੋ ਗਏ ਹਨ ਕਿ ਲੋਕ ਹੁਣ ਇਨ੍ਹਾਂ ਦੇ ਏਜੰਡੇ 'ਤੇ ਨਹੀਂ ਰਹੇ। ਆਏ ਦਿਨ ਆਏ ਦੁਨੀਆ ਭਰ ਦੇ ਹਰੇਕ ਕੋਨੇ 'ਤੇ ਲੱਖਾਂ ਲੋਕ ਕਿਸੇ ਨਾ ਕਿਸੇ ਕਿਸਮ ਨਾਲ ਕਾਰਪੋਰੇਟ ਘਰਾਣਿਆਂ ਦੇ ਮੁਨਾਫ਼ੇ ਲਈ ਉਜਾੜੇ ਜਾ ਰਹੇ ਹਨ ਉਹ ਆਪਣਾ ਵਿਦਰੋਹ ਕਿਸੇ ਨਾ ਕਿਸੇ ਢੰਗ ਨਾਲ ਜਾਹਿਰ ਵੀ ਕਰਦੇ ਹਨ ਪ੍ਰੰਤੂ ਸਵਾਲ ਦਰ ਸਵਾਲ ਉਸੇ ਤਰ੍ਹਾਂ ਹੀ ਖੜ੍ਹਾ ਰਹਿੰਦਾ ਹੈ ਕਿ ਕਿਰਤ ਕਰਨ ਵਾਲੇ ਦੁਨੀਆ ਭਰ ਦੇ ਲੋਕਾਂ ਦੀ ਰਾਜਨੀਤੀ ਕਦੋਂ ਉਨ੍ਹਾਂ ਦਾ ਹਿੱਸਾ ਬਣੇਗੀ ਅਤੇ ਉਹ ਉਸ ਦਾ ਹਿੱਸਾ ਬਣਨਗੇ ਜਿਹੜੇ ਦੁਨੀਆ ਭਰ ਦੇ ਸਰਮਾਏ ਨੂੰ ਲੋਕਾਂ ਦੀ ਹਰੇਕ ਕਿਸਮ ਦੀ ਸਹੂਲਤ ਅਤੇ ਜ਼ਿੰਦਗੀ ਲਈ ਸਮਰਪਿਤ ਕਰ ਸਕਣ। ਇਹ ਸਵਾਲਦਰ ਸਵਾਲ ਹਰੇਕ ਦੁਨੀਆ ਦੇ ਕੋਨੇ 'ਤੇ ਬੈਠੇ ਆਮ ਤੋਂ ਲੈ ਕੇ ਲੋਕ ਪੱਖੀ ਰਾਜਨੀਤੀਵਾਨ ਨੂੰ ਸੋਚਣਾ ਪਵੇਗਾ ਅਤੇ ਇਸ ਉਪਰ ਪਹਿਰੇਦਾਰੀ ਕਰਨੀ ਪਵੇਗੀ। ਨਹੀਂ ਤਾਂ ਜਿਸ ਕਿਸਮ ਨਾਲ ਕਾਰਪੋਰੇਟ ਅਤੇ ਅਜੋਕੀ ਹੁਕਮਰਾਨ ਪਾਰਟੀਆਂ ਦੀ ਰਾਜਨੀਤੀ ਦਾ ਸੁਮੇਲ ਬੈਠ ਗਿਆ ਹੈ ਉਹ ਲੋਕਾਂ ਲਈ ਹਨੇਰੇ ਭਵਿੱਖ ਨੂੰ ਹੋਰ ਹਨੇਰਾ ਬਣਾ ਸਕਦਾ ਹੈ। ਸੋ ਰੌਸ਼ਨੀ ਦਰ ਰੌਸ਼ਨੀ ਲਈ ਜ਼ਰੂਰੀ ਹੈ ਕਿ ਰਾਜਨੀਤੀ ਨੂੰ ਆਪਣੀ ਜ਼ਿੰਦਗੀ ਲਈ ਜੀਵਨ ਜਾਚ ਦਾ ਕਿਸ ਕਿਸਮ ਨਾਲ ਹਿੱਸਾ ਬਣਾਈਏ ਕਿ ਲੋਕਾਂ ਦਾ ਕਾਫ਼ਲਾ ਵਧਦਾ ਜਾਵੇ।





# ਪਾਣੀ ਵੀ ਹੁਣ ਕਾਰਪੋਰੇਟ ਘਰਾਣਿਆਂ ਦਾ ਬਿਜਨਿਸ 'ਚ ਸ਼ਾਮਲ

ਅਰਜਨ ਪ੍ਰਸਾਦ ਸਿੰਘ

'ਜਲ ਹੀ ਜੀਵਨ ਹੈ' : ਇਸ ਮੁਹਾਵਰੇ ਨੂੰ ਤਕਰੀਬਨ ਹਰ ਕੋਈ ਜਾਣਦਾ ਹੈ। ਸੱਚੀਓਂ ਹੀ, ਪਾਣੀ ਤੋਂ ਬਗੈਰ ਨਾ ਤਾਂ ਪ੍ਰਾਣੀ ਜਗਤ ਤੇ ਨਾ ਹੀ ਵਨਸਪਤੀ ਜਗਤ ਦੀ ਹੋਂਦ ਬਰਕਰਾਰ ਰਹਿ ਸਕਦੀ ਹੈ। ਲੇਕਿਨ ਪੂੰਜੀਵਾਦੀ, ਸਾਮਰਾਜਵਾਦੀ ਯੁੱਗ ਵਿਚ ਜਿਵੇਂ ਪਾਣੀ ਵਰਗੇ ਮਹੱਤਵਪੂਰਨ ਕੁਦਰਤੀ ਵਸੀਲੇ ਦੀ ਵਰਤੋਂ ਅਤੇ ਬਰਬਾਦੀ ਕੀਤੀ ਗਈ ਹੈ ਉਸ ਨਾਲ ਸਾਰੀ ਦੁਨੀਆ ਵਿਚ 'ਜਲ ਸੰਕਟ' ਖੜ੍ਹਾ ਹੋ ਗਿਆ ਹੈ। ਦੁਨੀਆ ਭਰ ਦੀਆਂ ਸਰਕਾਰਾਂ 'ਵਾਟਰ ਫਾਰ ਲਾਈਫ਼ ਡਿਕੇਡ' (2005-15) ਅਤੇ ਹਰ ਸਾਲ 22 ਮਾਰਚ ਨੂੰ 'ਸੰਸਾਰ ਜਲ ਦਿਨ' ਮਨਾਉਂਦੀਆਂ ਹਨ। ਪਾਣੀ ਜਿਹੇ ਮਹੱਤਵਪੂਰਨ ਅਤੇ ਬੇਸ਼ਕੀਮਤੀ ਪਦਾਰਥ ਸਬੰਧੀ ਆਮ ਲੋਕਾਂ ਨੂੰ ਜਾਗਰੂਕ ਕਰਨ ਦੇ ਨਾਂਅ ਉਤੇ ਅਰਬਾਂ ਰੁਪਏ ਖਰਚ ਕੀਤੇ ਜਾਂਦੇ ਹਨ। ਪਰ ਪਾਣੀ ਦੇ ਸੰਕਟ ਨੂੰ ਹੱਲ ਕਰਨ ਦੀ ਗੱਲ ਤਾਂ ਦੂਰ ਰਹੀ, ਹਰ ਸਾਲ ਇਸ ਸੰਕਟ ਦੀ ਗੰਭੀਰਤਾ ਵਧਦੀ ਜਾ ਰਹੀ ਹੈ।

ਪਾਣੀ ਦੇ ਸੰਕਟ ਦੀ ਮੌਜੂਦਾ ਹਾਲਤ : ਭਰੋਸੇਯੋਗ ਅੰਕੜਿਆਂ ਮੁਤਾਬਕ ਦੁਨੀਆ ਦੀ ਤਕਰੀਬਨ ਇਕ ਤਿਹਾਈ ਆਬਾਦੀ ਨੂੰ ਪਾਣੀ ਦੀ ਕਿੱਲਤ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਕੌਮਾਂਤਰੀ ਨਿੱਜੀ ਸਮਾਜਿਕ ਸੰਸਥਾ ਵਾਟਰ ਰਿਸੋਰਸਸ ਗਰੁੱਪ ਵਲੋਂ 2009 ਵਿਚ ਜਾਰੀ ਇਕ ਰਿਪੋਰਟ ਮੁਤਾਬਕ ਵਰਤਮਾਨ ਸਮੇਂ ਵਿਚ ਦੁਨੀਆ ਪੱਧਰ ਉਤੇ ਕੁੱਲ 4500 ਕਿਊਬਕ ਕਿਲੋ ਮੀਟਰ ਪਾਣੀ ਕੱਢਿਆ ਜਾ ਰਿਹਾ ਹੈ ਜਦਕਿ ਇਸ ਦੀ ਗੁੰਜਾਇਸ਼ 4200 ਕਿਲੋਮੀਟਰ ਹੀ ਹੈ। 2030 ਤੱਕ ਇਸ ਦੀ ਸਲਾਨਾ ਵਰਤੋਂ 6900 ਕਿਊਬਕ ਕਿਲੋਮੀਟਰ ਹੋ ਜਾਣ ਦੀ ਸੰਭਾਵਨਾ ਹੈ ਜਦਕਿ ਇਸ ਦੀ ਗੁੰਜਾਇਸ਼ ਘਟ ਕੇ 4100 ਕਿਲੋਮੀਟਰ ਹੀ ਰਹਿ ਜਾਵੇਗੀ। ਇਸ ਤਰ੍ਹਾਂ ਦੁਨੀਆ ਦੇ ਪੈਮਾਨੇ ਉਤੇ 2030 ਤੱਕ ਪਾਣੀ ਦੀ ਮੰਗ ਸਪਲਾਈ ਦੇ ਅਨੁਪਾਤ ਵਿਚ 40 ਫੀ ਸਦੀ ਕਮੀ ਹੋ ਜਾਣ ਦਾ ਅਨੁਮਾਨ ਹੈ। ਭਾਰਤ ਦੇ ਸੰਬੰਧ ਵਿਚ ਇਸ ਸੰਸਥਾ ਨੇ ਅਨੁਮਾਨ ਲਾਇਆ ਹੈ ਕਿ 2030 ਤੱਕ ਇਥੇ ਪਾਣੀ ਦੀ ਸਾਲਾਨਾ ਮੰਗ ਵਧ ਕੇ 1500 ਕਿਊਬਕ ਕਿਲੋਮੀਟਰ ਹੋ ਜਾਵੇਗੀ ਜਦਕਿ ਇਸ ਦੀ ਸਪਲਾਈ ਸਿਰਫ਼ 744 ਕਿਊਬਕ ਕਿਲੋਮੀਟਰ ਹੀ ਹੋਵੇਗੀ। ਯਾਨੀ, ਤਕਰੀਬਨ 50 ਫੀਸਦੀ ਦੀ ਕਮੀ ਹੋ ਜਾਵੇਗੀ।

ਏਸ਼ੀਅਨ ਡਿਵੈਲਪਮੈਂਟ ਬੈਂਕ ਨੇ ਵੀ ਤਕਰੀਬਨ ਇਸੇ ਤਰ੍ਹਾਂ ਦਾ ਅਨੁਮਾਨ ਲਗਾਇਆ ਹੈ। ਉਸ ਨੇ 'ਵਾਟਰ ਆਪਰੇਸ਼ਨਲ ਫਰੇਮਵਰਕ (2010-11)' ਨਾਂ ਦੀ ਰਿਪੋਰਟ ਵਿਚ ਸਾਵਧਾਨ ਕੀਤਾ ਹੈ ਕਿ 2030 ਤੱਕ ਵਿਕਾਸਸ਼ੀਲ ਏਸ਼ੀਆ ਵਿਚ ਕੁਲ ਮਿਲਾ ਕੇ 40 ਫੀ ਸਦੀ ਦੀ ਕਮੀ ਦੀ ਸੰਭਾਵਨਾ ਹੈ ਅਤੇ ਭਾਰਤ ਵਿਚ ਇਸ ਦੀ ਮੰਗ ਇਸ ਦੀ ਸਪਲਾਈ ਨਾਲੋਂ 50 ਫੀ ਸਦੀ ਵਧ ਜਾਵੇਗੀ। ਇਸ ਵਿਚ ਪਾਣੀ ਦੀ ਵਰਤੋਂ ਸਬੰਧੀ ਵੱਡੀਆਂ ਤਬਦੀਲੀਆਂ ਦੇ ਸੰਕੇਤ ਵੀ ਦਿੱਤੇ ਗਏ ਹਨ। ਇਸ ਰਿਪੋਰਟ ਮੁਤਾਬਕ ਸਾਡੇ ਦੇਸ਼ ਵਿਚ 2000 ਸੰਨ ਵਿਚ ਖੇਤੀ ਲਈ 89%, ਸਨਅਤਾਂ ਲਈ 6% ਅਤੇ ਘਰੇਲੂ ਵਰਤੋਂ ਵਾਸਤੇ 5% ਪਾਣੀ ਦੀ ਵਰਤੋਂ ਹੁੰਦੀ ਸੀ ਜੋ 2025 ਤੱਕ ਕਰਮਵਾਰ 81%, 11% ਅਤੇ 8% ਅਤੇ 2050 ਵਿਚ 71%, 18% ਅਤੇ 11% ਹੋ ਜਾਣ ਦੀ ਸੰਭਾਵਨਾ ਹੈ। ਇਸੇ ਤਰ੍ਹਾਂ ਸੰਸਾਰ ਬੈਂਕ, ਕੌਮਾਂਤਰੀ ਮੁਦਰਾ ਫੰਡ, ਯੂਨੈਸਕੋ ਅਤੇ ਸੰਯੁਕਤ ਰਾਸ਼ਟਰ ਸੰਘ ਦੀਆਂ ਦੂਸਰੀਆਂ ਕਈ ਸੰਸਥਾਵਾਂ ਨੇ ਆਲਮੀ ਜਲ ਸੰਕਟ ਉਤੇ ਉਚੇਰੇ ਤੌਰ 'ਤੇ ਵਿਖਾਇਆ ਕੀਤੀ ਹੈ। 2012 ਵਿਚ ਯੂਨੈਸਕੋ ਵਲੋਂ ਜਾਰੀ ਕੀਤੀ ਗਈ 909 ਸਫ਼ੇ ਦੀ ਇਕ ਵਿਸ਼ਾਲ ਰਿਪੋਰਟ ਵਿਚ ਸੰਸਾਰ ਬੈਂਕ ਦੇ ਵਿੱਤੀ ਸਹਿਯੋਗ ਨਾਲ ਚਲ ਰਹੀ 'ਗੰਗਾ ਸਫ਼ਾਈ ਮੁਹਿੰਮ' ਦੀ ਪੜਚੋਲ ਕੀਤੀ ਗਈ ਹੈ ਅਤੇ ਕਿਹਾ ਗਿਆ ਹੈ ਕਿ ਪਾਣੀ ਦਾ ਨਿੱਜੀਕਰਨ ਕੀਤੇ ਬਗੈਰ ਜਲ ਸੰਕਟ ਤੋਂ ਨਿਜਾਤ ਪਾਉਣੀ ਸੰਭਵ ਨਹੀਂ। ਕਾਰਪੋਰੇਟ ਘਰਾਣਿਆਂ ਅਤੇ ਸਾਮਰਾਜਵਾਦੀ ਹਿੱਤਾਂ ਦੀ ਸੇਵਾ ਕਰਨ ਵਾਲੇ ਕੁੱਲ ਸੰਸਾਰ ਬੈਂਕਾਂ ਅਤੇ ਸੰਸਥਾਵਾਂ ਨੇ ਭਾਰਤੀ ਜਲ ਸੰਕਟ ਦੀ ਭਿਆਨਕ ਤਸਵੀਰ ਪੇਸ਼ ਕੀਤੀ ਹੈ। ਉਹ ਕਹਿੰਦੇ ਹਨ ਕਿ ਸਾਡੇ ਦੇਸ਼ ਵਿਚ 1947 ਵਿਚ ਪਾਣੀ ਦੀ ਪ੍ਰਤੀ ਵਿਅਕਤੀ ਸਪਲਾਈ ਵਿਚ 67% ਦੀ ਕਮੀ ਆਈ ਹੈ। ਤਕਰੀਬਨ 36 ਲੱਖ ਲੋਕ ਹਰ ਸਾਲ ਪਾਣੀ ਤੋਂ ਹੋਣ ਵਾਲੀਆਂ ਬਿਮਾਰੀਆਂ ਨਾਲ ਮਰਦੇ ਹਨ। ਕੋਈ ਇਕ ਤਿਹਾਈ ਲੋਕਾਂ ਨੂੰ ਪੀਣ ਲਈ ਸਾਫ਼ ਪਾਣੀ ਨਹੀਂ ਮਿਲਦਾ ਅਤੇ ਹਰ ਸਾਲ ਸੋਕੇ ਅਤੇ ਪਾਣੀ ਦੀ ਕਿੱਲਤ ਕਾਰਨ ਹਜ਼ਾਰਾਂ ਕਿਸਾਨ ਆਤਮ ਹੱਤਿਆ ਕਰਦੇ ਹਨ। ਹਾਲਾਂਕਿ ਉਪਰ ਬਿਆਨ ਕੀਤੇ ਤੱਥ ਕਾਫ਼ੀ ਹੱਦ ਤੱਕ ਸਹੀ ਹਨ, ਪਰ ਏ. ਡੀ. ਬੀ., ਸੰਸਾਰ ਬੈਂਕ ਅਤੇ ਯੂ. ਐਨ. ਓ. ਦੀਆਂ ਵੱਖ-ਵੱਖ ਸੰਸਥਾਵਾਂ ਜਲ ਸੰਕਟ ਨਾਲ ਨਿਪਟਨ ਸੰਬੰਧੀ ਜੋ ਰਸਤੇ ਸੁਝਾਅ ਰਹੀਆਂ ਹਨ ਉਹ ਪੂਰੇ ਦੇ ਪੂਰੇ ਕਾਰਪੋਰੇਟਾਂ ਪੱਖੀ ਅਤੇ ਲੋਕ-ਵਿਰੋਧੀ ਹਨ। 2005 ਵਿਚ ਸੰਸਾਰ ਬੈਂਕ ਨੇ ਸਾਫ਼ ਸਾਫ਼ ਕਿਹਾ ਸੀ ਕਿ ਜੇ ਭਾਰਤ ਨੇ ਟਿਕਵੀਂ ਆਰਥਿਕਤਾ ਦਾ ਵਿਕਾਸ ਕਰਨਾ ਹੈ ਤਾਂ ਭਾਰਤ ਸਰਕਾਰ ਨੂੰ ਆਪਣੀ ਜਲ ਨੀਤੀ ਬਦਲਣੀ ਹੋਵੇਗੀ ਅਤੇ ਉਸ ਨੂੰ ਨਿਰਮਾਤਾ ਤੇ ਨਿਯੰਤਰਣ ਦੀ ਭੂਮਿਕਾ ਤਿਆਗ ਕੇ ਜਲ ਪ੍ਰਬੰਧ ਤੇ ਵੰਡ ਵਿਚ ਲੱਗੀਆਂ ਸੰਸਥਾਵਾਂ ਦੇ ਮਦਦਗਾਰ ਦੀ ਭੂਮਿਕਾ ਤੱਕ ਸੀਮਤ ਰਹਿਣਾ ਪਵੇਗਾ। ਸੱਚਾਈ ਇਹ ਹੈ ਕਿ ਸਾਡੇ ਦੇਸ਼ ਵਿਚ ਹਰ ਸਾਲ ਪਾਣੀ ਦਾ ਵਿਸ਼ਾਲ ਭੰਡਾਰ ਪੈਦਾ ਹੁੰਦਾ ਹੈ। ਲੇਕਿਨ ਇਥੋਂ ਦੀਆਂ ਸਰਕਾਰਾਂ ਇਸ ਦੀ ਲੋੜੀਂਦੀ ਸਾਂਭ ਸੰਭਾਲ ਨਹੀਂ ਕਰਦੀਆਂ। ਸਾਡੇ ਦੇਸ਼ ਵਿਚ ਪਾਣੀ ਦੀ ਥੁੜੋਂ ਦੀ ਸਮੱਸਿਆ ਨਹੀਂ ਹੈ, ਬਲਕਿ ਇਸ ਦੇ ਪ੍ਰਬੰਧ ਅਤੇ ਲੋਕਾਂ ਤੱਕ ਇਸ ਦੀ ਪਹੁੰਚ ਦੀ ਸਮੱਸਿਆ ਹੈ। ਸਾਡੇ ਦੇਸ਼ ਵਿਚ ਜਲ ਪੂਰਤੀ ਦੇ ਦੋ ਮੁੱਖ ਸੋਮੇ ਹਨ : ਜ਼ਮੀਨ ਦੇ ਤਲ ਉਪਰਲਾ ਪਾਣੀ ਅਤੇ ਜ਼ਮੀਨ ਹੇਠਲਾ ਪਾਣੀ। ਪਾਣੀ ਦੀ ਪੂਰਤੀ ਦੇ ਹੋਰ ਵਸੀਲੇ ਵੀ ਹਨ। ਜਿਵੇਂ ਕਿ ਖਾਰੇ ਪਾਣੀ ਨੂੰ ਮਿਠਾ ਬਣਾਉਣਾ ਆਦਿ। ਲੇਕਿਨ ਇਹ ਕਾਫ਼ੀ ਮਹਿੰਗੇ ਪੈਂਦੇ ਹਨ ਅਤੇ ਕੁੱਲ ਜਲ ਪੂਰਤੀ ਵਿਚ ਉਨ੍ਹਾਂ ਦਾ ਹਿੱਸਾ ਬਹੁਤ ਨਿਗੂਣਾ ਹੈ। ਸਾਡੇ ਦੇਸ਼ ਦੇ ਗੰਗਾ, ਬ੍ਰਹਮਪੁੱਤਰ, ਜਮਨਾ, ਮਹਾਨਦੀ, ਗੋਦਾਵਰੀ, ਕ੍ਰਿਸ਼ਨਾ, ਕਾਵੇਰੀ, ਨਰਮਦਾ, ਤਾਪਤੀ, ਰਾਵੀ, ਸਤਲੁਜ, ਬਿਆਸ, ਸੋਨ, ਗੰਡਕ, ਘੱਗਰ, ਕੋਚੀ ਜਿਹੇ ਦਰਿਆ ਹਨ ਜਿਹੜੇ ਵਿਸ਼ਾਲ ਜਲ ਭੰਡਾਰਾਂ ਨੂੰ ਲੈ ਕੇ ਸਮੁੰਦਰਾਂ ਵਿਚ ਵਿਲੀਨ ਹੋ ਜਾਂਦੇ ਹਨ। ਹਰ ਸਾਲ ਸਾਡੇ ਦੇਸ਼ ਵਿਚ 4000 ਅਰਬ ਕਿਊਬਿਕ ਮੀਟਰ ਮੀਂਹ ਪੈਂਦਾ ਹੈ। ਇਸ ਵਿਚੋਂ 75% ਪਾਣੀ ਮੌਨਸੂਨ ਦੇ ਮੌਸਮ ਵਿਚ ਬਾਰਿਸ਼ ਰਾਹੀਂ ਮਿਲਦਾ ਹੈ। ਮੀਂਹ ਤੋਂ ਜੋ ਵਿਆਪਕ ਪਾਣੀ ਦਾ ਭੰਡਾਰ ਹਾਸਲ ਹੁੰਦਾ ਹੈ ਉਸ ਨੂੰ ਸੰਭਾਲਣ ਅਤੇ ਲੋੜੀਂਦੇ ਢਾਂਚੇ ਦੀ ਅਣਹੋਂਦ ਕਾਰਨ ਸਿਰਫ਼ 18% ਹਿੱਸੇ ਦੀ ਹੀ ਵਰਤੋਂ ਹੁੰਦੀ ਹੈ। ਪੁਰਾਣੇ ਸਮਿਆਂ ਵਿਚ ਕੱਚੇ ਬੰਨ੍ਹਾਂ ਅਤੇ ਤਲਾਬਾਂ ਆਦਿ ਦੇ ਰੂਪ ਵਿਚ ਪਾਣੀ ਸੰਭਾਲਣ ਦਾ ਜੋ ਪ੍ਰਬੰਧ ਹੁੰਦਾ ਸੀ ਉਹ ਪੂਰੀ ਤਰ੍ਹਾਂ ਤਬਾਹ ਹੋ ਚੁੱਕਾ ਹੈ। ਇਸ ਤਰ੍ਹਾਂ ਦੇਸ਼ ਦਾ ਜ਼ਮੀਨ ਹੇਠਲਾ ਪਾਣੀ ਤਕਰੀਬਨ 10,812 ਅਰਬ ਘਣ ਮੀਟਰ ਹੈ ਅਤੇ ਮੀਂਹ ਤੇ ਦਰਿਆਈ ਪਾਣੀਆਂ ਰਾਹੀਂ ਸਲਾਨਾ ਕੋਈ 432 ਅਰਬ ਘਣ ਮੀਟਰ ਪਾਣੀ ਧਰਤੀ ਵਿਚ ਸਮਾਉਂਦਾ ਹੈ। ਪੰਜਾਬ ਤੇ ਹਰਿਆਣਾ ਜਿਹੇ ਸੂਬਿਆਂ ਵਿਚ ਤਾਂ ਇਸ ਪਾਣੀ ਦੀ ਘੋਰ ਵਰਤੋਂ ਹੁੰਦੀ ਹੈ ਪਰ ਬਹੁਤੇ ਸੂਬਿਆਂ ਵਿਚ ਇਸ ਹਾਸਲ ਜਲ ਸੋਮੇ ਦੀ ਪੂਰੀ ਪੂਰੀ ਵਰਤੋਂ ਨਹੀਂ ਹੁੰਦੀ। ਭਾਰਤ ਸਰਕਾਰ ਨੇ 'ਡਾਇਨਾਮਿਕਸ ਆਫ਼ ਗਰਾਊਂਡ ਵਾਟਰ ਰਿਸਰੋਸਜ਼ ਆਫ਼ ਇੰਡੀਆ' ਨਾਂ ਦੇ ਦਸਤਾਵੇਜ਼ (ਜਿਹੜਾ ਸੈਂਟਰਲ ਗਰਾਊਂਡ ਵਾਟਰ ਬੋਰਡ ਰਾਹੀਂ 2005 ਵਿਚ ਜਾਰੀ ਕੀਤਾ ਗਿਆ) ਮੁਤਾਬਕ ਦੇਸ਼ ਦੇ 1645 ਖੰਡਾਂ ਵਿਚ ਜ਼ਮੀਨ ਹੇਠਲੇ ਪਾਣੀ ਦੀ ਸਥਿਤੀ ਮਾੜੇ ਰੁਖ ਡਿੱਗ ਰਹੀ ਹੈ ਜਦਕਿ 4078 ਖੰਡਾਂ ਵਿਚ ਇਹ ਸਹੀ ਸਲਾਮਤ ਹੈ।

ਉਪਰੋਕਤ ਜਲ ਵਸੀਲਿਆਂ ਤੋਂ ਮਿਲਣ ਵਾਲੇ ਪਾਣੀ ਦੀ ਸੰਭਾਲ ਜਨਤਾ ਦੀ ਵਿਆਪਕ ਸ਼ਮੂਲੀਅਤ ਰਾਹੀਂ ਸਰਕਾਰ ਕਰ ਸਕਦੀ ਹੈ। ਇਸੇ ਨਾਲ ਹੀ ਮੌਜੂਦਾ ਤੇ ਭਵਿੱਖ ਦਾ ਜਲ ਸੰਕਟ ਹੱਲ ਕੀਤਾ ਜਾ ਸਕਦਾ ਹੈ ਪਰ ਕਾਰਪੋਰੇਟਾਂ ਦੇ ਹਿੱਤ ਪੂਰਨ ਵਾਲੀ ਅਤੇ ਸਾਮਰਾਜ ਪ੍ਰਸਤ ਹਕੂਮਤ ਤੋਂ ਅਜਿਹੀ ਉਮੀਦ ਕਰਨਾ ਹੀ ਫਜ਼ੂਲ ਹੈ।

ਅੱਜ ਸਾਰੀ ਦੁਨੀਆ ਵਿਚ ਸਾਮਰਾਜਵਾਦੀ ਸੰਸਾਰੀਕਰਨ ਦਾ ਦੌਰ ਚਲ ਰਿਹਾ ਹੈ ਅਤੇ ਭਾਰਤ ਸਰਕਾਰ 1991-92 ਤੋਂ ਲਗਾਤਾਰ ਉਦਾਰੀਕਰਨ, ਨਿੱਜੀਕਰਨ ਤੇ ਸੰਸਾਰੀਕਰਨ ਦੀਆਂ ਨੀਤੀਆਂ ਜਨਤਾ ਉਤੇ ਥੋਪ ਰਹੀ ਹੈ। ਇਸ ਨੇ ਦੇਸ਼ ਦੇ ਸਾਰੇ ਖੇਤਰਾਂ (ਖੇਤੀ, ਸਨਅਤ ਅਤੇ ਸੇਵਾਵਾਂ) ਨੂੰ ਦੇਸੀ-ਵਿਦੇਸ਼ੀ ਕਾਰਪੋਰੇਟ ਘਰਾਣਿਆਂ ਵਾਸਤੇ ਲਗਭਗ ਪੂਰੀ ਤਰ੍ਹਾਂ ਖੋਲ੍ਹ ਦਿੱਤਾ ਹੈ। ਅੱਜ ਕਲ ਮਨਮੋਹਨ ਸਿੰਘ ਸਰਕਾਰ ਆਰਥਿਕ ਸੰਕਟ ਨਾਲ ਨਿਪਟਣ ਦੇ ਨਾਂਅ ਉਤੇ ਰਿਟੇਲ ਤੇ ਪੈਨਸ਼ਨ ਫੰਡ ਨੂੰ ਵਿਦੇਸ਼ੀ ਪੂੰਜੀ ਨਿਵੇਸ਼ ਵਾਸਤੇ ਖੋਲ੍ਹਣ ਅਤੇ ਸੁਰੱਖਿਆ ਉਤਪਾਦਨ, ਬੀਮਾ ਤੇ ਬੈਂਕਿੰਗ ਜਿਹੇ ਮਹੱਤਵਪੂਰਨ ਖੇਤਰਾਂ ਵਿਚ ਵਿਦੇਸ਼ੀ ਪੂੰਜੀ ਨਿਵੇਸ਼ ਦੀ ਹੱਦ ਵਧਾਉਣ ਦੀ ਤਿਆਰੀ ਕਰ ਰਹੀ ਹੈ। ਇਸੇ ਸਿਲਸਿਲੇ ਵਿਚ ਇਸਨੇ ਜਲ ਜਿਹੇ ਮਹੱਤਵਪੂਰਨ ਕੁਦਰਤੀ ਵਸੀਲੇ ਨੂੰ ਦੇਸੀ-ਵਿਦੇਸ਼ੀ ਕਾਰਪੋਰੇਟ ਘਰਾਣਿਆਂ ਨੂੰ ਸੌਂਪ ਦੇਣ ਦਾ ਅਮਲ ਤੇਜ਼ ਕਰ ਦਿੱਤਾ ਹੈ, ਕੌਮੀ ਜਲ ਨੀਤੀ 2012 (ਖਰੜਾ) ਇਸ ਅਮਲ ਦੀ ਉਘੜਵੀਂ ਉਦਾਹਰਨ ਹੈ। ਇਹ ਗੱਲ ਯਾਦ ਰੱਖਣ ਵਾਲੀ ਹੈ ਕਿ ਦੇਸ਼ ਵਿਚ ਪਹਿਲੀ ਜਲ ਨੀਤੀ 1986 ਵਿਚ ਅਤੇ ਦੂਸਰੀ ਜਲ ਨੀਤੀ 2002 ਵਿਚ ਬਣਾਈ ਗਈ ਸੀ। ਕਿਉਂਕਿ 2002 ਦੀ ਜਲ ਨੀਤੀ ਅੱਜ ਦੇ ਸੰਦਰਭ ਵਿਚ ਵੇਲਾ ਵਿਹਾ ਚੁੱਕੀ ਹੈ ਇਸ ਵਾਸਤੇ ਇਕ ਨਵੀਂ ਕੌਮੀ ਜਲ ਨੀਤੀ ਦਾ ਖਰੜਾ ਤਿਆਰ ਕੀਤਾ ਗਿਆ ਹੈ।

ਕੌਮੀ ਜਲ ਨੀਤੀ 2012 ਦਾ ਮਸੌਦਾ ਤਿਆਰ ਕਰਨ ਵਿਚ ਕਾਹਲੀ : ਕੌਮੀ ਜਲ ਨੀਤੀ 2012 ਤਿਆਰ ਕਰਨ ਤੋਂ ਪਹਿਲਾਂ ਵਿਚਾਰ-ਚਰਚਾ ਕਰਨ ਕਈ ਬੈਠਕਾਂ ਕੀਤੀਆਂ ਗਈਆਂ। ਜੁਲਾਈ 2010 ਤੋਂ ਮਾਰਚ 2011 ਤੱਕ ਅਜਿਹੀਆਂ ਚਾਰ ਬੈਠਕਾਂ ਨਵੀਂ ਦਿੱਲੀ ਵਿਚ ਹੋਈਆਂ ਜਿਨ੍ਹਾਂ ਵਿਚ ਜਲ ਵਸੀਲਿਆਂ ਦੇ ਮੰਤਰਾਲੇ ਦੇ ਆਲ੍ਹਾ ਅਫ਼ਸਰਾਂ, ਜਲ ਵਸੀਲਿਆਂ ਸੰਬੰਧੀ ਬਣਾਈ ਗਈ ਪਾਰਲੀਮਾਨੀ ਸਥਾਈ ਕਮੇਟੀ ਦੇ ਮੈਂਬਰਾਂ, ਵਿਧਿਅਕ ਮਾਹਿਰਾਂ ਅਤੇ ਜਲ ਵਸੀਲਿਆਂ ਸੰਬੰਧੀ ਕੰਮ ਕਰਨ ਵਾਲੇ ਮਾਹਿਰਾਂ ਤੇ ਪੇਸ਼ੇਵਰਾਂ, ਇਸੇ ਤਰ੍ਹਾਂ ਜਲ ਨਾਲ ਜੁੜੀਆਂ ਐੱਨ. ਜੀ. ਓ. ਤੇ ਮੰਚਾਂ ਅਤੇ ਕਾਰਪੋਰੇਟ ਘਰਾਣਿਆਂ ਨੂੰ ਸ਼ਾਮਲ ਕੀਤਾ ਗਿਆ। ਇਸ ਤੋਂ ਬਿਨਾਂ ਜੂਨ 2011 ਤੋਂ ਨਵੰਬਰ 2011 ਤੱਕ ਕਰਮਵਾਰ ਹੈਦਰਾਬਾਦ, ਸ਼ਿਲਾਂਗ, ਜੈਪੁਰ ਅਤੇ ਪੂਨੇ ਵਿਚ ਪੰਚਾਇਤ ਰਾਜ ਸੰਸਥਾਵਾਂ ਦੇ ਨੁਮਾਇੰਦਿਆਂ ਨਾਲ ਕਈ ਬੈਠਕਾਂ ਕੀਤੀਆਂ ਗਈਆਂ। ਪਰ ਸਰਕਾਰ ਨੇ ਇਸ ਮਹੱਤਵਪੂਰਨ ਨੀਤੀ ਦਾ ਖਰੜਾ ਤਿਆਰ ਕਰਨ ਲਈ ਕਿਸਾਨ ਜਥੇਬੰਦੀਆਂ ਅਤੇ ਸਿਆਸੀ ਪਾਰਟੀਆਂ ਨਾਲ ਵਿਚਾਰ-ਵਟਾਂਦਰਾ ਕਰਨ ਦੀ ਜ਼ਰੂਰਤ ਹੀ ਨਹੀਂ ਸਮਝੀ। ਇਥੋਂ ਤੱਕ ਕਿ ਡਰਾਫ਼ਟਿੰਗ ਕਮੇਟੀ ਵਿਚ ਵੀ ਕਿਸੇ ਕਿਸਾਨ ਜਥੇਬੰਦੀ/ਸਿਆਸੀ ਪਾਰਟੀ ਦਾ ਨੁਮਾਇੰਦਾ ਨਹੀਂ ਲਿਆ ਗਿਆ। ਇਸ ਕਮੇਟੀ ਵਿਚ ਸ਼ਾਮਲ ਸਨ ਡਾ. ਐਸ. ਆਰ. ਹਾਸ਼ਿਮ, ਆਈ. ਆਈ. ਟੀ. ਦਿੱਲੀ ਦੇ ਸਾਬਕਾ ਪ੍ਰੋਫੈਸਰ ਸੁਭਾਸ਼ ਚੰਦਰ, ਕੇਂਦਰੀ ਜਲ ਵਿਭਾਗ ਦੇ ਸਾਬਕਾ ਚੇਅਰਮੈਨ ਏ. ਡੀ. ਮੋਹਿਲ ਅਤੇ ਐਨ. ਜੀ. ਓ. ਦੇ ਅਖਾਉਤੀ ਮਾਹਿਰ ਐਸ. ਸੀ. ਜੈਨ।

ਉਪਰੋਕਤ ਬੈਠਕਾਂ ਵਿਚਲੀ ਵਿਚਾਰ-ਚਰਚਾ ਵਿਚ ਜਿਹੜੇ ਮਾਮੂਲੀ ਸੁਝਾਅ ਆਏ ਉਨ੍ਹਾਂ ਨੂੰ ਖਰੜੇ ਵਿਚ ਸ਼ਾਮਲ ਕਰ ਕੇ ਜਲ ਵਸੀਲਿਆਂ ਦੇ ਮੰਤਰਾਲੇ ਨੇ ਆਪਣੀ ਵੈਬਸਾਈਟ ਉਤੇ 30 ਜਨਵਰੀ 2012 ਨੂੰ ਪਾ ਦਿੱਤਾ। ਨਾਲ ਹੀ ਮੰਤਰਾਲੇ ਵਲੋਂ ਇਹ ਅਪੀਲ ਕੀਤੀ ਗਈ ਕਿ ਜਿਸ ਕਿਸੇ ਨੇ ਵੀ ਇਸ ਨੀਤੀ ਸਬੰਧੀ ਕੋਈ ਸੁਝਾਅ ਦੇਣਾ ਹੋਵੇ ਉਹ 29 ਫਰਵਰੀ 2012 ਤੱਕ, ਭਾਵ ਇਕ ਮਹੀਨੇ ਦੇ ਅੰਦਰ-ਅੰਦਰ, ਭੇਜ ਦੇਵੇ ਕਿਉਂਕਿ ਉਸ ਤੋਂ ਬਾਅਦ ਇਸ ਨੂੰ ਅੰਤਮ ਰੂਪ ਦੇਣ ਲਈ ਅਤੇ ਮਨਜ਼ੂਰੀ ਲਈ ਕੌਮੀ ਜਲ ਬੋਰਡ ਅਤੇ ਕੌਮੀ ਜਲ ਵਸੀਲਿਆਂ ਦੀ ਕੌਂਸਲ ਕੋਲ ਭੇਜ ਦਿੱਤਾ ਜਾਵੇਗਾ। ਦੇਸ਼ ਦੀ ਕੁੱਲ ਆਬਾਦੀ ਨੂੰ ਪ੍ਰਭਾਵਿਤ ਕਰਨ ਵਾਲੀ ਇਸ ਨੀਤੀ ਨੂੰ ਅੰਤਮ ਰੂਪ ਦੇਣ ਲਈ ਆਖ਼ਰ ਐਨੀ ਜਲਦਬਾਜ਼ੀ ਕਿਉਂ ਕੀਤੀ ਗਈ? ਕਾਰਨ ਸਪਸ਼ਟ ਹੈ - ਸਰਕਾਰ ਨਹੀਂ ਚਾਹੁੰਦੀ ਕਿ ਇਸ ਬਾਰੇ ਜਨਤਾ ਦੇ ਨੁਮਾਇੰਦਿਆਂ ਵਿਚ ਕੋਈ ਗੰਭੀਰ ਚਰਚਾ ਹੋਵੇ। ਉਹ ਚਾਹੁੰਦੀ ਹੈ ਕਿ ਝਟ-ਪਟ ਵਿਚ ਇਕ ਕੌਮੀ ਜਲ ਨੀਤੀ ਹੋਂਦ ਵਿਚ ਆ ਜਾਵੇ ਤਾਂ ਕਿ ਦੇਸੀ ਵਿਦੇਸ਼ੀ ਸਰਮਾਏਦਾਰ ਪਾਣੀ ਦਾ ਵਪਾਰ ਕਰ ਕੇ ਮਾਲਾਮਾਲ ਹੋ ਸਕਣ। ਇਸੇ ਉਦੇਸ਼ ਨਾਲ ਕੌਮੀ ਜਲ ਬੋਰਡ ਨੇ ਆਪਣੀ 7 ਜੂਨ 2012 ਦੀ 14ਵੀਂ ਬੈਠਕ ਵਿਚ ਕੌਮੀ ਜਲ ਨੀਤੀ ਦੇ ਖਰੜੇ ਨੂੰ ਅੰਤਮ ਰੂਪ ਦੇ ਦਿੱਤਾ।

ਕੌਮੀ ਜਲ ਨੀਤੀ 2012 ਦੇ ਮੂਲ ਨੁਕਤੇ : ਇਸ ਨੀਤੀ ਦੇ ਕੁੱਲ 16 ਨੁਕਤੇ ਹਨ। ਪਹਿਲਾ ਨੁਕਤਾ ਇਸ ਦੀ ਪ੍ਰਸਤਾਵਨਾ ਨੂੰ ਪੇਸ਼ ਕਰਦਾ ਹੈ ਅਤੇ ਇਸ ਦੇ ਦਾਇਰੇ ਨੂੰ ਨਿਸ਼ਚਿਤ ਕਰਦਾ ਹੈ। ਇਸ ਵਿਚ ਜਲ ਵਸੀਲਿਆਂ ਦੀ ਵਰਤਮਾਨ ਤਸਵੀਰ, ਉਸ ਦੀਆਂ ਸਮੱਸਿਆਵਾਂ ਅਤੇ ਇਸ ਨਾਲ ਜੁੜੇ ਬੁਨਿਆਦੀ ਸਿਧਾਂਤਾਂ ਨੂੰ ਪੇਸ਼ ਕੀਤਾ ਗਿਆ ਹੈ। 7 ਜੂਨ 2012 ਦੇ ਸੋਧੇ ਹੋਏ ਖਰੜੇ ਵਿਚ ਕਾਰਪੋਰੇਟ ਸਮੂਹਾਂ ਦੇ ਸੁਝਾਵਾਂ ਦੇ ਮੱਦੇ ਨਜ਼ਰ ਇਸ ਨੁਕਤੇ ਵਿਚ ਇਕ ਖ਼ਾਸ ਤਬਦੀਲੀ ਕੀਤੀ ਗਈ ਹੈ। ਪਹਿਲੇ ਖਰੜੇ ਵਿਚ ਜਲ ਨੀਤੀ ਨੂੰ ਚਲਾਉਣ ਲਈ ਜੋ ਬੁਨਿਆਦੀ ਸਿਧਾਂਤ ਪੇਸ਼ ਕੀਤੇ ਗਏ ਸਨ ਉਨ੍ਹਾਂ ਵਿਚ ਇਹ ਸਪਸ਼ਟ ਸੀ ਕਿ "ਹਾਲਤਾਂ ਦੀਆਂ ਜ਼ਰੂਰਤਾਂ" ਵੱਲ ਉਚਿਤ ਧਿਆਨ ਦਿੱਤਾ ਜਾਣਾ ਚਾਹੀਦਾ ਹੈ। ਪਰ ਆਖ਼ਰੀ ਡਰਾਫਟ ਵਿਚ "ਹਾਲਤਾਂ ਦੀਆਂ ਜ਼ਰੂਰਤਾਂ" ਤੋਂ ਪਹਿਲਾਂ "ਨਵੀਨਤਮ" ਸ਼ਬਦ ਜੋੜ ਦਿੱਤਾ ਗਿਆ ਹੈ। ਯਾਨੀ, ਆਖ਼ਰੀ ਡਰਾਫਟ ਵਿਚ ਜਲ ਵਸੀਲਿਆਂ ਦੇ ਪ੍ਰਬੰਧਨ ਵਿਚ ਸਨਅਤਕਾਰਾਂ/ਕਾਰਪੋਰੇਟ ਘਰਾਣਿਆਂ ਨੂੰ ਹਾਲਤਾਂ ਨੂੰ ਤਬਾਹ ਕਰਨ ਦੀ ਛੋਟ ਦੇ ਦਿੱਤੀ ਗਈ ਹੈ।

ਦੂਸਰੇ ਨੁਕਤੇ ਵਿਚ ਜਲ ਕਾਨੂੰਨ ਦੇ ਦਾਇਰੇ ਨੂੰ ਸਪਸ਼ਟ ਕੀਤਾ ਗਿਆ ਹੈ। ਭਾਰਤੀ ਸੰਵਿਧਾਨ ਵਿਚ ਜਲ ਨੂੰ ਰਾਜ ਦੇ ਅਧਿਕਾਰ ਖੇਤਰ ਵਿਚ ਰੱਖਿਆ ਗਿਆ ਹੈ। ਸਾਰੇ ਰਾਜਾਂ ਨੂੰ ਆਪਣੇ ਭੂਗੋਲਿਕ ਖੇਤਰ ਵਿਚ ਹਾਸਲ ਜਲ ਵਸੀਲਿਆਂ ਨੂੰ ਨਿਯੰਤਰਨ ਵਿਚ ਰੱਖਣ ਲਈ ਕਾਨੂੰਨ ਬਣਾਉਣ ਦਾ ਹੱਕ ਹੈ ਪਰ ਇਸ ਨੁਕਤੇ ਵਿਚ ਕੇਂਦਰ ਸਰਕਾਰ ਵਲੋਂ ਇਸ ਹੱਕ ਉਤੇ ਕਟੌਤੀਆਂ ਲਾਈਆਂ ਗਈਆਂ ਹਨ, ਯਾਨੀ ਦੇਸ਼ ਦੇ ਸਘੀ ਢਾਂਚੇ ਉਤੇ ਹਮਲਾ ਕੀਤਾ ਗਿਆ ਹੈ। ਇਸ ਵਿਚ ਸਾਫ਼ ਤੌਰ 'ਤੇ ਕਿਹਾ ਗਿਆ ਹੈ ਕਿ ਕੇਂਦਰ ਸਰਕਾਰ ਵਲੋਂ ਬਣਾਈ ਗਈ ਜਲ ਨੀਤੀ ਵਿਚ ਪੇਸ਼ ਕੀਤੇ ਗਏ ਕਾਨੂੰਨੀ ਦਾਇਰੇ ਦਾ ਸਾਰੇ ਰਾਜਾਂ ਨੂੰ ਪਾਲਣ ਕਰਨਾ ਪਵੇਗਾ। ਨਾਲ ਦੀ ਨਾਲ ਹੀ ਇਸ ਵਿਚ ਭਾਰਤੀ ਹੱਕ ਸਫ਼ਾ ਕਾਨੂੰਨ 1882 ਅਤੇ ਸਿੰਚਾਈ ਕਾਨੂੰਨ ਵਿਚ ਸੋਧ ਕਰਨ ਦੀ ਗੱਲ ਕਹੀ ਗਈ ਹੈ ਤਾਂ ਕਿ ਜ਼ਮੀਨ ਹੇਠਲੇ ਪਾਣੀ ਉਤੇ ਜ਼ਮੀਨ ਦੇ ਉਸ ਟੁਕੜੇ ਦੇ ਮਾਲਕ ਦੇ ਹੱਕ ਵਿਚ ਕਟੌਤੀ ਕੀਤੀ ਜਾ ਸਕੇ। ਜੇ ਕੌਮੀ ਜਲ ਨੀਤੀ 2012 ਲਾਗੂ ਹੋ ਜਾਂਦੀ ਹੈ ਤਾਂ ਕਿਸਾਨਾਂ ਲਈ ਆਪਣੀ ਨਿੱਜੀ ਜ਼ਮੀਨ ਉਤੇ ਟਿਊਬਵੈਲ ਲਗਾਉਣਾ ਬਹੁਤ ਮੁਸ਼ਕਲ ਹੋ ਜਾਵੇਗਾ--ਖਾਸ ਕਰਕੇ ਪੰਜਾਬ ਜਿਹੇ ਰਾਜਾਂ ਵਿਚ ਜਿਥੇ 13 ਲੱਖ ਟਿਊਬਵੈਲ ਚਲਦੇ ਹਨ ਅਤੇ ਕੁੱਲ 137 ਪ੍ਰਖੰਡਾਂ ਵਿਚੋਂ 103 ਵਿਚ ਜ਼ਮੀਨ ਹੇਠਲੇ ਪਾਣੀ ਦੀ ਘੋਰ ਵਰਤੋਂ ਹੁੰਦੀ ਹੈ ਜਿਸ ਕਾਰਨ ਰਾਜ ਦੇ ਕੋਈ 80% ਇਲਾਕਿਆਂ ਵਿਚ ਪਾਣੀ ਦਾ ਤਲ ਬਹੁਤ ਤੇਜ਼ੀ ਨਾਲ ਹੇਠਾਂ ਡਿੱਗ ਰਿਹਾ ਹੈ।



ਤੀਸਰੇ ਨੁਕਤੇ ਵਿਚ ਪਾਣੀ ਦੀ ਵਰਤੋਂ ਸੰਬੰਧੀ ਸੋਧਾਂ ਹਨ। ਇਨ੍ਹਾਂ ਵਿਚ ਕਿਹਾ ਗਿਆ ਹੈ ਕਿ ਪਾਣੀ ਦੀ ਜ਼ਰੂਰਤ ਘਰੇਲੂ ਕੰਮਾਂ, ਖੇਤੀ, ਹਾਈਡਰੋਪਾਵਰ, ਥਰਮਲ ਪਾਵਰ, ਸਮੁੰਦਰੀ ਜਹਾਜ਼ਾਂ ਨੂੰ ਚਲਾਉਣ, ਮਨੋਰੰਜਨ ਆਦਿ ਵਿਚ ਹੁੰਦੀ ਹੈ, ਇਸ ਲਈ ਇਸ ਦੁਰਲੱਭ ਵਸੀਲੇ ਦੀ ਵਰਤੋਂ ਘੱਟ ਤੋਂ ਘੱਟ ਕੀਤੀ ਜਾਵੇ। ਇਸ ਦਾ ਸਿੱਧਾ ਮਤਲਬ ਹੈ ਕਿ ਖੇਤੀ ਕੰਮਾਂ ਲਈ ਪਾਣੀ ਦੀ ਵਰਤੋਂ ਘਟਾਉਣ ਅਤੇ ਸਨਅਤੀ ਤੇ ਮਨੋਰੰਜਨ ਵਾਲੇ ਕੰਮਾਂ ਵਿਚ ਇਹ ਪੂਰਤੀ ਵਧਾਉਣ ਦੀ ਵਿਵਸਥਾ ਕੀਤੀ ਗਈ ਹੈ।

ਹਾਲਾਂਕਿ ਇਸ ਨੁਕਤੇ ਉਤੇ ਡਰਾਫਟ ਵਿਚ ਇਕ ਖ਼ਾਸ ਸੋਧ ਕੀਤੀ ਗਈ ਹੈ ਜਿਹੜੀ ਸਤਹੀ ਤੌਰ 'ਤੇ ਦੇਖਿਆਂ ਸਕਾਰਾਤਮਕ ਲਗਦੀ ਹੈ। ਪਹਿਲੇ ਡਰਾਫਟ ਵਿਚ ਜਲ ਵਸੀਲਿਆਂ ਨੂੰ ਇਕ 'ਆਰਥਿਕ ਵਸਤ'' ਕਿਹਾ ਗਿਆ ਸੀ ਜਿਸ ਦੀ ਚੌਤਰਫ਼ਾ ਨੁਕਤਾਚੀਨੀ ਹੋਈ ਸੀ। ਇਸ ਲਈ ਅੰਤਮ ਡਰਾਫਟ ਵਿਚੋਂ ਇਸ ਨੂੰ ਹਟਾ ਲਿਆ ਗਿਆ ਅਤੇ ਸਾਰੇ ਨਾਗਰਿਕਾਂ ਦੀ ਸਿਹਤ ਲਈ ਜ਼ਰੂਰੀ ਪੀਣ ਵਾਲੇ ਪਾਣੀ ਦੀ ਘੱਟ ਤੋਂ ਘੱਟ ਮਾਤਰਾ ਤੈਅ ਕਰਨ ਦਾ ਦਾਅਵਾ ਕੀਤਾ ਗਿਆ ਹੈ। ਇਹ ਦਾਅਵਾ ਕਿੰਨਾ ਖੋਖਲਾ ਹੈ, ਭਾਰਤੀ ਜਮਹੂਰੀਅਤ ਦੇ ਪਿਛਲੇ 65 ਸਾਲਾਂ ਦੇ ਇਤਿਹਾਸ ਤੋਂ ਇਹ ਭਲੀ ਭਾਂਤ ਸਮਝਿਆ ਜਾ ਸਕਦਾ ਹੈ।

ਚੌਥੇ ਨੁਕਤੇ ਵਿਚ ਪੌਣਪਾਣੀ ਵਿਚ ਹੋਣ ਵਾਲੀਆਂ ਤਬਦੀਲੀਆਂ ਦੀ ਜਲ ਵਸੀਲਿਆਂ ਅਤੇ ਸਿਹਤ ਤੇ ਰੋਜ਼ੀ ਰੋਟੀ ਉਤੇ ਪੈਣ ਵਾਲੇ ਅਸਰਾਂ ਦੀ ਗੱਲ ਕੀਤੀ ਗਈ ਹੈ ਅਤੇ ਇਸ ਨਾਲ ਨਜਿੱਠਣ ਵਾਸਤੇ 'ਲੋੜੀਂਦੀ ਯੁੱਧਨੀਤੀ' ਅਪਣਾਉਣ ਉਤੇ ਜ਼ੋਰ ਦਿੱਤਾ ਗਿਆ ਹੈ। ਖਾਸ ਕਰ ਖੇਤੀ ਯੁੱਧਨੀਤੀ, ਫ਼ਸਲਾਂ ਦੇ ਪੈਟਰਨ ਅਤੇ ਪਾਣੀ ਦੀ ਵਰਤੋਂ ਦੇ ਤੌਰ ਤਰੀਕਿਆਂ ਨੂੰ ਬਦਲਣ ਦਾ ਮਾਮਲਾ ਉਠਾਇਆ ਗਿਆ ਹੈ। ਇਸ ਨੁਕਤੇ ਵਿਚ ਇਹ ਬਿਆਨ ਕੀਤਾ ਗਿਆ ਹੈ ਕਿ ਬਿਹਤਰ ਜਲ ਵਰਤੋਂ ਵਾਸਤੇ ਜ਼ਮੀਨ ਦਾ ਸਮਤਲੀਕਰਨ ਅਤੇ ਸਿੰਚਾਈ ਵਾਸਤੇ ਤੁਬਕਾ ਵਿਧੀ ਨੂੰ ਅਪਣਾਉਣਾ ਜ਼ਰੂਰੀ ਹੈ ਪਰ ਪੰਜਾਬ ਜਿਹੇ ਰਾਜ ਵਿਚ ਜਿਥੇ ਝੋਨੇ ਤੇ ਕਣਕ ਦੀ ਜ਼ਿਆਦਾ ਖੇਤੀ ਹੁੰਦੀ ਹੈ ਇਸ ਤਰ੍ਹਾਂ ਦੀ ਸਿੰਚਾਈ ਵਿਧੀ ਬਿਲਕੁਲ ਗੈਰ ਪ੍ਰਸੰਗਕ ਹੈ।

ਪੰਜਵੇਂ ਨੁਕਤੇ ਵਿਚ ਹਾਸਲ ਜਲ ਦੀ ਵਰਤੋਂ ਨੂੰ ਵਧਾਉਣ ਅਤੇ ਇਸ ਲਈ ਮੀਂਹ ਦੇ ਪਾਣੀ ਦੀ ਸਿੱਧੀ ਵਰਤੋਂ ਕਰਨ, ਜਲ ਦੇ ਸੋਮਿਆਂ ਨੂੰ ਇਕ ਦੂਸਰੇ ਵੱਲ ਤਬਦੀਲ ਕਰਨ, ਯਾਨੀ ਦਰਿਆਵਾਂ ਨਦੀਆਂ ਨੂੰ ਆਪਸ ਵਿਚ ਜੋੜਨ ਅਤੇ ਮਨਰੇਗਾ ਤਹਿਤ ਤਲਾਬਾਂ ਤੇ ਪਾਣੀ ਇਕੱਠਾ ਕਰਨ ਦੇ ਦੂਸਰੇ ਸਾਧਨਾਂ ਦੀ ਉਸਾਰੀ ਕਰਨ ਦੀ ਜ਼ਰੂਰਤ ਉਤੇ ਜ਼ੋਰ ਦਿੱਤਾ ਗਿਆ ਹੈ। ਨਾਲ ਹੀ, ਜ਼ਮੀਨ ਹੇਠਲੇ ਪਾਣੀ ਦੀ ਘੋਰ ਵਰਤੋਂ ਵਾਲੇ ਇਲਾਕਿਆਂ ਵਿਚ ਪਾਣੀ ਦੀ ਡਿੱਗੀ ਹੋਈ ਸਤਹ ਨੂੰ ਰੋਕਣ ਦੀ ਗੱਲ ਕੀਤੀ ਗਈ ਹੈ।

ਇਸ ਨੁਕਤੇ ਸਬੰਧੀ ਬਹੁਤ ਰੌਲਾ ਹੈ। ਸਾਡੇ ਦੇਸ਼ ਵਿਚ 112 ਅਰਬ ਡਾਲਰ ਦੀ ਸਾਰੇ 37 ਦਰਿਆਵਾਂ ਨੂੰ ਜੋੜਨ ਦੀ ਯੋਜਨਾ ਨੂੰ 2002 ਵਿਚ ਹੀ ਰਾਸ਼ਟਰਪਤੀ ਵਲੋਂ ਮਨਜ਼ੂਰੀ ਦੇ ਦਿੱਤੀ ਗਈ ਸੀ। ਇਸ ਵੱਡੀ ਯੋਜਨਾ ਨੂੰ 2016 ਤੱਕ ਪੂਰਾ ਕੀਤਾ ਜਾਣਾ ਹੈ। ਸਰਕਾਰ ਦਾ ਦਾਅਵਾ ਹੈ ਕਿ ਇਸ ਯੋਜਨਾ ਦੇ ਪੂਰੇ ਹੋਣ ਨਾਲ ਇਕ ਤਾਂ ਸਿੰਚਾਈ ਵਾਸਤੇ ਪਾਣੀ ਜ਼ਿਆਦਾ ਮਿਲਣ ਲੱਗੇਗਾ ਅਤੇ ਦੂਸਰੇ, ਕੋਈ 34000 ਮੈਗਾਵਾਟ ਬਿਜਲੀ ਹੋਰ ਪੈਦਾ ਹੋਣ ਲੱਗੇਗੀ। ਪਰ ਇਸ ਯੋਜਨਾ ਨਾਲ ਲੱਖਾਂ ਏਕੜ ਖੇਤੀ ਯੋਗ ਜ਼ਮੀਨ ਦਾ ਨੁਕਸਾਨ ਹੋਵੇਗਾ ਤੇ ਵਾਤਾਵਰਣ ਦਾ ਸੰਤੁਲਨ ਵਿਗੜ ਜਾਵੇਗਾ। ਇਸ ਦੇ ਨਾਲ ਹੀ, ਬੰਗਲਾਦੇਸ਼ ਵਰਗੇ ਗੁਆਂਢੀ ਮੁਲਕ ਨਾਲ ਖਾਹਮਖਾਹ ਦਾ ਵੱਡਾ ਝਗੜਾ ਖੜ੍ਹਾ ਹੋ ਜਾਵੇਗਾ। ਇਸ ਤੋਂ ਬਿਨਾਂ ਘੋਰ ਵਰਤੋਂ ਵਾਲੇ ਇਲਾਕਿਆਂ, ਜਿਵੇਂ ਕਿ ਪੰਜਾਬ ਵਿਚ ਜ਼ਮੀਨ ਹੇਠਲੇ ਪਾਣੀ ਨੂੰ ਕੱਢਣ ਉਤੇ ਰੋਕ ਲਾਉਣੀ ਬੜਾ ਮੁਸ਼ਕਿਲ ਸਵਾਲ ਬਣ ਜਾਵੇਗਾ। ਜੇ ਕੇਂਦਰ/ਰਾਜ ਸਰਕਾਰਾਂ ਇਸ ਸੇਧ ਵਿਚ ਕਦਮ ਉਠਾਉਂਦੀਆਂ ਹਨ ਤਾਂ ਉਥੋਂ ਦੇ ਖੇਤੀ ਨਾਲ ਸਬੰਧਤ ਭਾਈਚਾਰੇ ਇਸ ਦਾ ਜ਼ੋਰਦਾਰ ਵਿਰੋਧ ਕਰਨਗੇ।

ਛੇਵਾਂ ਨੁਕਤਾ ਪਾਣੀ ਦੀ ਮੰਗ ਦੇ ਪ੍ਰਬੰਧ ਪਾਣੀ ਦੀ ਉਪਯੋਗਤਾ ਨੂੰ ਵਧਾਉਣ ਉਤੇ ਜ਼ੋਰ ਦਿੰਦਾ ਹੈ। ਮੰਗ ਦੇ ਪ੍ਰਬੰਧ ਨੂੰ ਜ਼ਬਤ ਹੇਠ ਲਿਆਉਣ ਲਈ ਵਾਟਰ ਆਡਿਟ ਅਤੇ ਸੰਸਥਾਗਤ ਕਰਨ ਦੀ ਗੱਲ ਉਠਾਈ ਗਈ ਹੈ। ਪਾਣੀ ਦੀ ਉਪਯੋਗਤਾ ਨੂੰ ਵਧਾਉਣ ਲਈ ਜਲ ਨੂੰ ਰੀਸਾਈਕਲ ਕਰਨ ਅਤੇ ਮੁੜ ਵਰਤੋਂ ਵਿਚ ਲਿਆਉਣ ਅਤੇ ਸਿੰਚਾਈ ਦੇ ਤੌਰ ਤਰੀਕਿਆਂ ਨੂੰ ਬਦਲਣ ਦਾ ਮੁੱਦਾ ਲਿਆ ਗਿਆ ਹੈ।

ਸਤਵੇਂ ਨੁਕਤੇ ਵਿਚ ਜਲ ਦੀ ਕੀਮਤ ਤੈਅ ਕਰਨ ਦਾ ਮਸਲਾ ਲਿਆ ਗਿਆ ਹੈ ਅਤੇ ਇਸ ਪ੍ਰਸੰਗ ਵਿਚ ਬੁਨਿਆਦੀ ਜ਼ਰੂਰਤਾਂ ਲਈ ਜਲ ਦੀ ਪੂਰਤੀ ਨੂੰ ਛੱਡ ਕੇ ਬਾਕੀ ਜਲ ਨੂੰ ਇਕ ਆਰਥਿਕ ਜਿਣਸ ਮੰਨਿਆ ਗਿਆ ਹੈ। ਇਸ ਵਿਚ ਬੁਨਿਆਦੀ ਜ਼ਰੂਰਤਾਂ, ਜਿਵੇਂ ਭੋਜਨ ਸੁਰੱਖਿਆ ਤੇ ਗਰੀਬਾਂ ਦੀ ਰੋਜ਼ੀ ਰੋਟੀ ਲਈ ਵਰਤੇ ਜਾਂਦੇ ਜਲ ਵਾਸਤੇ ਇਕ ਮੁੱਲ ਅਤੇ ਬਾਕੀ ਦੇ ਪਾਣੀ ਦੀ ਵਰਤੋਂ ਵਾਸਤੇ ਮਾਤਰਾ ਆਧਾਰਤ ਮੁੱਲ ਤੈਅ ਕਰਨ ਦੀ ਗੱਲ ਕੀਤੀ ਗਈ ਹੈ। ਇਸ ਵਿਚ ਸਾਫ਼ ਤੌਰ 'ਤੇ ਕਿਹਾ ਗਿਆ ਹੈ ਕਿ ਕਿਉਂਕਿ ਘੱਟ ਕੀਮਤ ਉਤੇ ਬਿਜਲੀ ਮੁਹੱਈਆ ਕਰਨ ਨਾਲ ਬਿਜਲੀ ਦੇ ਨਾਲ-ਨਾਲ ਪਾਣੀ ਦੀ ਵੀ ਬਰਬਾਦੀ ਹੁੰਦੀ ਹੈ, ਇਸ ਲਈ ਸਬਸਿਡੀ ਦੇ ਪ੍ਰਬੰਧ ਨੂੰ ਖ਼ਤਮ ਕਰ ਦੇਣਾ ਚਾਹੀਦਾ ਹੈ।

ਇਸ ਤਰ੍ਹਾਂ ਇਸ ਨੁਕਤੇ ਤਹਿਤ ਜੋ ਨੀਤੀ ਬਿਆਨ ਕੀਤੀ ਗਈ ਹੈ ਉਹ ਪੰਜਾਬ ਤੇ ਹਰਿਆਣਾ ਜਿਹੇ ਸੂਬਿਆਂ ਵਿਚ, ਜਿਥੇ ਖੇਤੀ ਤੇ ਘਰੇਲੂ ਖਪਤ ਲਈ ਬਿਜਲੀ ਦੀ ਕੀਮਤ ਜਾਂ ਤਾਂ ਲਾਗੂ ਹੀ ਨਹੀਂ ਜਾਂ ਕਾਫ਼ੀ ਘੱਟ ਹੈ, ਉਲਟੇ ਰੁਖ਼ ਅਸਰਅੰਦਾਜ਼ ਹੋਵੇਗੀ। ਜ਼ਰੂਰਤ ਤਾਂ ਅਜਿਹੀ ਨੀਤੀ ਦੀ ਹੈ ਕਿ ਛੋਟੇ ਤੇ ਦਰਮਿਆਨੇ ਕਿਸਾਨਾਂ, ਜਿਨ੍ਹਾਂ ਦੀ ਖੇਤੀ ਘਾਟੇ ਵਿਚ ਚਲਦੀ ਹੈ, ਵਾਸਤੇ ਬਿਜਲੀ ਤੇ ਪਾਣੀ ਦਾ ਮੁਫ਼ਤ ਪ੍ਰਬੰਧ ਕੀਤਾ ਜਾਵੇ ਅਤੇ ਨਾਲ ਹੀ ਨਾਲ, ਬੀਜ, ਖਾਦ ਆਦਿ ਵਿਚ ਸਰਕਾਰੀ ਸਬਸਿਡੀ ਵਧਾਈ ਜਾਵੇ ਪਰ ਹਕੂਮਤ ਕਿਸਾਨ ਵਿਰੋਧੀ ਜਲ ਨੀਤੀ ਤੈਅ ਕਰ ਕੇ ਪਹਿਲਾਂ ਤੋਂ ਹੀ ਖੁੰਗਲ ਹੋ ਚੁੱਕੀ ਕਿਸਾਨਾਂ ਨੂੰ ਹੋਰ ਜ਼ਿਆਦਾ ਤਬਾਹੀ ਵੱਲ ਧੱਕਣਾ ਚਾਹੁੰਦੀ ਹੈ।

ਅੱਠਵਾਂ ਨੁਕਤਾ ਦਰਿਆਵਾਂ ਦੇ ਪ੍ਰਵਾਹ ਖੇਤਰ ਅਤੇ ਦੂਸਰੇ ਪੇਂਡੂ ਤੇ ਸ਼ਹਿਰੀ ਜਲ ਸੋਮਿਆਂ ਦੀ ਸੁਰੱਖਿਆ ਦੀ ਗੱਲ ਕਰਦਾ ਹੈ ਤਾਂ ਕਿ ਉਨ੍ਹਾਂ ਦੀ ਹੱਦੋਂ ਵੱਧ ਵਰਤੋਂ ਅਤੇ ਗੰਧਲੇ ਹੋਣ ਨੂੰ ਰੋਕਿਆ ਜਾ ਸਕੇ। ਇਹਦੇ ਵਾਸਤੇ ਢੁਕਵੇਂ ਆਲ-ਜਲਾਲ ਨੂੰ ਉਸਾਰਨ ਤੇ ਵਿਕਸਿਤ ਕਰਨ ਉਤੇ ਜ਼ੋਰ ਦਿੱਤਾ ਗਿਆ ਹੈ ਪਰ ਇਸ ਵਿਚ ਇਕ ਖਾਸ ਗੱਲ ਇਹ ਕੀਤੀ ਗਈ ਹੈ ਕਿ ਦਰਿਆਵਾਂ, ਝੀਲਾਂ, ਕੱਚੇ ਬੰਨ੍ਹਾਂ, ਤਲਾਬਾਂ, ਨਾਲਿਆਂ ਆਦਿ ਉਤੇ ਕਬਜ਼ਾ ਨਹੀਂ ਹੋਣ ਦਿੱਤਾ ਜਾਵੇਗਾ ਅਤੇ ਜੇ ਕਬਜ਼ਾ ਹੈ ਤਾਂ ਉਸ ਨੂੰ ਹਟਾਇਆ ਜਾਵੇਗਾ। ਜਦਕਿ ਤੱਥ ਇਹ ਕਹਿੰਦੇ ਹਨ ਕਿ ਦੇਸ਼ ਦੀਆਂ ਜ਼ਿਆਦਾ ਨਹਿਰਾਂ ਅਤੇ ਤਲਾਬਾਂ ਉਤੇ ਜਾਂ ਤਾਂ ਰਿਹਾਇਸ਼ੀ ਮਕਾਨ ਬਣ ਚੁੱਕੇ ਹਨ ਜਾਂ ਉਨ੍ਹਾਂ ਨੂੰ ਖੇਤੀ ਯੋਗ ਜ਼ਮੀਨ ਵਿਚ ਤਬਦੀਲ ਕੀਤਾ ਜਾ ਚੁੱਕਾ ਹੈ। ਹਕੀਕਤ ਇਹ ਹੈ ਕਿ ਸਾਰੇ ਦਰਿਆਵਾਂ ਦੇ ਕੰਢਿਆਂ ਦੀ ਜ਼ਮੀਨ ਉਤੇ ਲੱਖਾਂ ਪਰਿਵਾਰ ਖੇਤੀ ਕਰ ਰਹੇ ਹਨ। ਸਰਕਾਰ ਜੇ ਇਸ ਨੀਤੀ ਨੂੰ ਲਾਗੂ ਕਰਦੀ ਹੈ ਤਾਂ ਲੱਖਾਂ ਪਰਿਵਾਰ/ਕਿਸਾਨਾਂ ਨੂੰ ਉਜਾੜੇ ਦਾ ਸ਼ਿਕਾਰ ਹੋਣਾ ਪਵੇਗਾ।

ਨੌਵਾਂ ਨੁਕਤਾ ਪ੍ਰੋਜੈਕਟ ਯੋਜਨਾਵਾਂ ਅਤੇ ਉਨ੍ਹਾਂਦੀ ਕਾਰਜਸ਼ੈਲੀ ਨਾਲ ਸਬੰਧਤ ਹੈ। ਇਸ ਵਿਚ ਜਲ ਸਰੋਤਾਂ ਨਾਲ ਜੁੜੇ ਪ੍ਰਾਜੈਕਟਾਂ ਨੂੰ ਸਮਾਜਿਕ ਅਤੇ ਵਾਤਾਵਰਣ ਤੇ ਤਕਨੀਕੀ ਆਰਥਿਕ ਪਹਿਲੂਆਂ ਨਾਲ ਜੋੜ ਕੇ ਚਲਾਉਣ ਦੀ ਗੱਲ ਕੀਤੀ ਗਈ ਹੈ। ਸੋਧੀ ਹੋਈ ਨੀਤੀ ਵਿਚ ਦੋ ਖ਼ਾਸ ਤਬਦੀਲੀਆਂ ਕੀਤੀਆਂ ਗਈਆਂ ਹਨ। ਪਹਿਲੀ ਇਹ ਕਿ ਵਾਤਾਵਰਣ ਸਬੰਧੀ ਮਨਜ਼ੂਰੀ ਲੈਣ ਨੂੰ ਸਮਾਂਬੱਧ ਕਰ ਦਿੱਤਾ ਗਿਆ ਹੈ ਤਾਂ ਕਿ ਪ੍ਰਾਜੈਕਟਾਂ ਦੇ ਪੂਰੇ ਹੋਣ ਵਿਚ ਹੋਣ ਵਾਲੀ ਦੇਰੀ ਕਾਰਨ ਹੋਣ ਵਾਲੇ ਆਰਥਿਕ ਨੁਕਸਾਨ ਨੂੰ ਘਟਾਇਆ ਜਾ ਸਕੇ। ਇਸ ਦਾ ਸਿੱਧਾ ਅਸਰ ਇਹ ਪਵੇਗਾ ਕਿ ਵਾਤਾਵਰਣ ਉਤੇ ਪੈਣ ਵਾਲੇ ਅਸਰਾਂ ਦੀ ਢੁਕਵੀਂ ਜਾਂਚ ਕੀਤੇ ਬਗੈਰ ਹੀ ਪ੍ਰਾਜੈਕਟ ਸ਼ੁਰੂ ਕਰਨ ਦੀ ਮਨਜ਼ੂਰੀ ਦੇ ਦਿੱਤੀ ਜਾਵੇਗੀ। ਦੂਸਰਾ ਇਸ ਵਿਚ ਇਹ ਜ਼ਿਕਰ ਹੈ ਕਿ ਪਣ-ਬਿਜਲੀ ਪ੍ਰਾਜੈਕਟ ਦੀ ਯੋਜਨਾ ਸਟੋਰੇਜ (ਭੰਡਾਰ ਕਰਨ) ਪ੍ਰਬੰਧ ਦੇ ਨਾਲ ਨਾਲ ਬਣੇ। ਜਦਕਿ ਬਹੁਤ ਸਾਰੇ ਅਧਿਐਨ ਅਤੇ ਉਦਾਹਰਣਾਂ ਤੋਂ ਸਾਬਤ ਹੋ ਗਿਆ ਹੈ ਕਿ ਸਟੋਰੇਜ ਆਧਾਰਤ ਪਣ-ਬਿਜਲੀ ਪਾਵਰ ਪ੍ਰਾਜੈਕਟ ਭੂਚਾਲ ਦੇ ਖਤਰੇ ਪੈਦਾ ਕਰਦੇ ਹਨ ਅਤੇ ਵਿਆਪਕ ਜੀਵ ਵਿਭਿੰਨਤਾ ਵਾਲੇ ਇਲਾਕਿਆਂ ਵਾਸਤੇ ਤਬਾਹਕੁੰਨ ਹੁੰਦੇ ਹਨ।

ਦਸਵਾਂ ਨੁਕਤਾ ਹੜ੍ਹਾਂ ਅਤੇ ਸੋਕੇ ਦੇ ਪ੍ਰਬੰਧ ਸਬੰਧੀ ਹੈ। ਇਸ ਮੁਤਾਬਕ ਕਿਉਂਕਿ ਹੜ੍ਹ ਅਤੇ ਸੋਕੇ ਤੋਂ ਬਚਾਓ ਤੇ ਪ੍ਰਬੰਧ ਗੜਬੜ ਤੋਂ ਰਹਿਤ ਨਹੀਂ ਹੁੰਦੇ ਇਸ ਲਈ ਇਨ੍ਹਾਂ ਨਾਲ ਨਜਿੱਠਣ ਦੇ ਤੌਰ ਤਰੀਕੇ ਵਿਕਸਤ ਕਰਨ ਉਤੇ ਜ਼ੋਰ ਦਿੱਤਾ ਜਾਣਾ ਚਾਹੀਦਾ ਹੈ। ਜਦਕਿ ਹਕੀਕਤ ਇਹ ਹੈ ਕਿ ਜੇ ਹਾਲਤ ਨੂੰ ਧਿਆਨ ਵਿਚ ਰੱਖ ਕੇ ਜਲ ਪ੍ਰਬੰਧ ਦੀ ਢੁਕਵੀਂ ਨੀਤੀ ਅਪਣਾਈ ਜਾਵੇ ਅਤੇ ਇਹ ਨੂੰ ਇਮਾਨਦਾਰੀ ਨਾਲ ਲਾਗੂ ਕੀਤਾ ਜਾਵੇ ਤਾਂ ਮਨੁੱਖਤਾ ਨੂੰ ਹੜ੍ਹ ਅਤੇ ਸੋਕੇ ਦੀ ਭਿਆਨਕ ਤੇ ਜਾਨਾਂ ਦਾ ਖੌ ਬਣਨ ਵਾਲੀ ਤਰਾਸਦੀ ਤੋਂ ਮੁਕਤ ਕੀਤਾ ਜਾ ਸਕਦਾ ਹੈ। ਇਸ ਨੁਕਤੇ ਵਿਚ ਪਹਿਲਾਂ ਦੇ ਖਰੜੇ ਵਿਚ ਮੁੜ-ਵਸੇਬੇ ਦਾ ਜ਼ਿਕਰ ਕੀਤਾ ਗਿਆ ਸੀ ਜਿਸ ਨੂੰ ਸੋਧੇ ਹੋਏ ਖਰੜੇ ਵਿਚੋਂ ਹਟਾ ਦਿੱਤਾ ਗਿਆ। ਯਾਨੀ ਕਿ ਜਲ ਵਸੀਲਿਆਂ ਦਾ ਮੰਤਰਾਲਾ ਜਲ ਪ੍ਰਾਜੈਕਟਾਂ ਨਾਲ ਉਜਾੜੇ ਗਏ ਲੋਕਾਂ ਦੇ ਮੁੜ-ਵਸੇਬੇ ਵਾਸਤੇ ਜਵਾਬਦੇਹ ਨਹੀਂ ਹੋਵੇਗਾ।

ਗਿਆਰਵਾਂ ਨੁਕਤਾ ਪੇਂਡੂ ਅਤੇ ਸ਼ਹਿਰੀ ਖੇਤਰਾਂ ਦੀ ਜਲ ਪੂਰਤੀ ਦੇ ਤੌਰ ਤਰੀਕੇ ਵਿਕਸਤ ਕਰਨ ਦੇ ਨਾਲ ਨਾਲ ਸਫ਼ਾਈ ਤੇ ਸੀਵਰੇਜ ਪ੍ਰਬੰਧ ਨੂੰ ਦਰੁਸਤ ਕਰਨ ਦੀ ਗੱਲ ਕਰਦਾ ਹੈ।

ਬਾਹਰਵਾਂ ਨੁਕਤਾ ਸੰਸਥਾਗਤ ਪ੍ਰਬੰਧ ਦਾ ਮਸਲਾ ਉਠਾਉਂਦਾ ਹੈ ਕਿ ਸੂਬਿਆਂ ਦਰਮਿਆਨ ਪਾਣੀ ਸੰਬੰਧੀ ਝਗੜਿਆਂ ਨੂੰ ਇਨਸਾਫ਼ ਭਰੇ ਢੰਗ ਨਾਲ ਸੁਲਝਾਉਣ ਲਈ ਕੇਂਦਰ ਪੱਧਰ ਉਤੇ ਸਥਾਈ ਵਾਟਰ ਬੋਰਡ ਬਣਾਇਆ ਜਾਵੇ।

ਇਸ ਨੁਕਤੇ ਵਿਚਲੀ ਖ਼ਤਰਨਾਕ ਗੱਲ ਇਹ ਹੈ ਕਿ ਸਾਂਝੀ ਹਿੱਸੇਦਾਰੀ ਨਾਲ ਜਲ ਸਰੋਤਾਂ ਸਬੰਧੀ ਪ੍ਰਾਜੈਕਟਾਂ ਤੇ ਸੇਵਾਵਾਂ ਦਾ ਪ੍ਰਬੰਧ ਕੀਤਾ ਜਾਵੇ ਅਤੇ ਪੀ. ਪੀ. ਪੀ. (ਪਬਲਿਕ ਪ੍ਰਾਈਵੇਟ ਪਾਰਟਨਰਸ਼ਿਪ) ਦੇ ਮਾਡਲ ਤਹਿਤ ਨਿੱਜੀ ਖੇਤਰ ਨੂੰ ਸੇਵਾ ਦੇਣ ਵਾਲੇ ਦੀ ਭੂਮਿਕਾ ਅਦਾ ਕਰਨ ਵਾਲੇ ਵਜੋਂ ਉਤਸ਼ਾਹਿਤ ਕੀਤਾ ਜਾਵੇ। ਮਤਲਬ ਸਾਫ਼ ਹੈ ਕਿ ਆਉਣ ਵਾਲੇ ਸਮੇਂ ਵਿਚ ਰਾਜ ਨੂੰ ਇਕ ਰੈਗੂਲੇਟਿੰਗ ਏਜੰਸੀ ਦੀ ਭੂਮਿਕਾ ਤੱਕ ਹੀ ਸੀਮਤ ਰਹਿ ਜਾਣਾ ਚਾਹੀਦਾ ਹੈ।

ਤੇਰਵਾਂ ਨੁਕਤਾ ਕਈ ਦੇਸ਼ਾਂ ਵਿਚੋਂ ਵਹਿਣ ਵਾਲੇ ਦਰਿਆਵਾਂ ਦੀ ਚਰਚਾ ਕਰਦਾ ਹੈ ਅਤੇ ਕਹਿੰਦਾ ਹੈ ਕਿ ਗੁਆਂਢੀ ਮੁਲਕਾਂ ਨਾਲ ਦੁਵੱਲੀ ਗੱਲਬਾਤ ਰਾਹੀਂ ਦਰਿਆਵਾਂ ਦੇ ਪਾਣੀਆਂ ਸਬੰਧੀ ਝਗੜਿਆਂ ਨੂੰ ਨਜਿੱਠਿਆ ਜਾਣਾ ਚਾਹੀਦਾ ਹੈ। ਨਾਲ ਹੀ ਇਹ ਵੀ ਕਿਹਾ ਗਿਆ ਹੈ ਕਿ ਕੌਮਾਂਤਰੀ ਸੁਭਾਅ ਵਾਲੇ ਦਰਿਆਵਾਂ ਦੇ ਪਾਣੀ ਦੀ ਵੰਡ ਤੇ ਪ੍ਰਬੰਧ ਵਿਚ ਕੌਮੀ ਹਿੱਤਾਂ ਨੂੰ ਸਿਰਮੌਰ ਰੱਖਣਾ ਚਾਹੀਦਾ ਹੈ। ਇਸ ਦਾ ਸਿੱਧਾ ਅਰਥ ਇਹ ਹੈ ਕਿ ਨੇਪਾਲ, ਪਾਕਿਸਤਾਨ ਤੇ ਬੰਗਲਾਦੇਸ਼ ਚਾਹੇ ਲੱਖ ਵਾਰੀ ਨੱਕ ਰਗੜ ਲੈਣ ਉਨ੍ਹਾਂ ਨੂੰ ਆਪਣੇ ਦੇਸ਼ ਦੇ ਦਰਿਆਵਾਂ ਦੇ ਜਲ ਦੇ ਢੁਕਵੇਂ ਹਿੱਸੇ ਦੀ ਵਰਤੋਂ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ।

ਚੌਧਵਾਂ ਨੁਕਤਾ ਡਾਟਾ ਬੇਸ ਤੇ ਸੂਚਨਾ ਤੰਤਰ ਵਿਕਸਿਤ ਕਰਨ ਦੀ ਗੱਲ ਕਰਦਾ ਹੈ। ਇਸ ਵਿਚ ਇਕ 'ਨੈਸ਼ਨਲ ਵਾਟਰ ਇਨਫਰਮੈਟਕ ਸੈਂਟਰ' ਬਣਾਉਣ ਦੀ ਯੋਜਨਾ ਐਲਾਨੀ ਗਈ ਹੈ। ਇਹ ਸੈਂਟਰ ਬਕਾਇਦਗੀ ਨਾਲ ਦੇਸ਼ ਭਰ ਵਿਚੋਂ ਜਲ ਵਿਗਿਆਨ ਨਾਲ ਸਬੰਧਤ (ਹਾਈਡਰੋਲਾਜਿਕ) ਅੰਕੜੇ ਇਕੱਠੇ ਕਰੇਗਾ ਅਤੇ ਉਨ੍ਹਾਂ ਨੂੰ ਤਰਤੀਬ ਦੇ ਕੇ ਜਨਤਾ ਤੱਕ ਪਹੁੰਚਾਏਗਾ। ਭਾਵੇਂ ਕਿ ਇਨ੍ਹਾਂ ਅੰਕੜਿਆਂ ਨੂੰ ਜਨਤਾ ਦੇ ਰੂਬਰੂ ਪੇਸ਼ ਕਰਦੇ ਵਕਤ ਕੌਮੀ ਸੁਰੱਖਿਆ ਨੂੰ ਧਿਆਨ ਵਿਚ ਰੱਖਿਆ ਜਾਵੇਗਾ, ਗੱਲ ਸਾਫ਼ ਹੈ ਕਿ ਲੋਕਾਂ ਦੇ ਸੂਚਨਾ ਪ੍ਰਾਪਤ ਕਰਨ ਦੇ ਹੱਕ ਉਤੇ ਕਟੌਤੀ ਲੱਗੇਗੀ।

ਪੰਦਰਵਾਂ ਨੁਕਤਾ ਜਲ ਸਰੋਤਾਂ ਦੇ ਖੇਤਰ ਵਿਚ ਰਿਸਰਚ ਤੇ ਟਰੇਨਿੰਗ ਦੀ ਜ਼ਰੂਰਤ ਉਤੇ ਜ਼ੋਰ ਦਿੰਦਾ ਹੈ। ਇਸ ਵਾਸਤੇ ਇਹ ਢੁਕਵੇਂ ਫੰਡ ਮੁਹੱਈਆ ਕਰਾਉਣ ਤੇ ਖੁਦਮੁਖਤਿਆਰ ਕੇਂਦਰ ਖੜ੍ਹਾ ਕਰਨ ਅਤੇ ਨਿੱਜੀ ਤੇ ਪਬਲਿਕ ਖੇਤਰਾਂ ਵਿਚ ਆਧੁਨਿਕ ਖੋਜ ਤੇ ਟਰੇਨਿੰਗ ਸੰਸਥਾਵਾਂ ਖੜ੍ਹੀਆਂ ਕਰਨ ਦੀ ਮਹੱਤਤਾ ਉਤੇ ਜ਼ੋਰ ਦਿੰਦਾ ਹੈ। ਸਾਨੂੰ ਪਤਾ ਹੈ ਕਿ ਸਾਡੇ ਮੁਲਕ ਵਿਚ ਸਰਕਾਰੀ ਖੇਤਰ ਦੀਆਂ ਖੋਜ ਤੇ ਸਿਖਲਾਈ ਸੰਸਥਾਵਾਂ ਦੀ ਹਾਲਤ ਕਿੰਨੀ ਖ਼ਰਾਬ ਹੈ। ਇਸ ਲਈ ਕੁਦਰਤੀ ਹੈ ਕਿ ਜਲ ਵਸੀਲਿਆਂ ਸਬੰਧੀ ਖੋਜ ਤੇ ਸਿਖਲਾਈ ਉਤੇ ਨਿੱਜੀ ਕੰਪਨੀਆਂ ਦੀ ਸਰਦਾਰੀ ਕਾਇਮ ਹੋਵੇਗੀ।

ਆਖ਼ਰੀ ਤੇ ਸੋਹਲਵੇਂ ਨੁਕਤੇ ਉਤੇ ਕੌਮੀ ਜਲ ਨੀਤੀ ਦੀ ਕਾਰਜਸ਼ੈਲੀ ਦੀ

ਚਰਚਾ ਕੀਤੀ ਗਈ ਹੈ। ਇਸ ਵਿਚ ਇਹ ਵਿਵਸਥਾ ਕੀਤੀ ਗਈ ਹੈ ਕਿ ਕੌਮੀ ਜਲ ਸਰੋਤ ਕੌਂਸਲ ਰਾਹੀਂ ਬਣਾਈ ਗਈ ਜਲ ਨੀਤੀ ਦੇ ਆਧਾਰ ਉਤੇ ਕੌਮੀ ਜਲ ਬੋਰਡ 'ਪਲਾਨ ਆਫ ਐਕਸ਼ਨ' ਤਿਆਰ ਕਰੇਗਾ। ਕਾਰਵਾਈ ਦੀ ਇਸ ਯੋਜਨਾ ਦੇ ਕੰਮਕਾਰ ਦਾ ਬਾਕਾਇਦਾ ਰੂਪ ਵਿਚ ਮੁਲਾਂਕਣ ਕੀਤਾ ਜਾਵੇਗਾ। ਇਸ ਵਿਚ ਰਾਜਾਂ ਨੂੰ ਵੀ ਆਪਣੀਆਂ ਜਲ ਨੀਤੀਆਂ ਬਣਾਉਣ ਦੇ ਹੱਕ ਦੀ ਗੱਲ ਕੀਤੀ ਗਈ ਹੈ। ਜਦ ਕਿ ਸੂਬਾ ਸਰਕਾਰਾਂ ਨੂੰ ਕੌਮੀ ਜਲ ਨੀਤੀ ਦੇ ਬੁਨਿਆਦੀ ਫ਼ਿਕਰਾਂ ਤੇ ਸਿਧਾਂਤਾਂ ਅਤੇ ਇਕਜੁਟ ਕੌਮੀ ਚੌਖ਼ਟੇ ਨੂੰ ਹਮੇਸ਼ਾ ਧਿਆਨ ਵਿਚ ਰੱਖਣਾ ਹੋਵੇਗਾ। ਮਤਲਬ ਕਿ ਕਿਸੇ ਵੀ ਸੂਬੇ ਨੂੰ ਆਪਣੀਆਂ ਕੁਦਰਤੀ ਤੇ ਭੂਗੋਲਿਕ ਸਥਿਤੀਆਂ ਅਨੁਸਾਰ ਕੋਈ ਸੁਤੰਤਰ ਜਲ ਨੀਤੀ ਘੜਣ ਦਾ ਅਧਿਕਾਰ ਨਹੀਂ ਹੋਵੇਗਾ। ਇਸ ਤਰ੍ਹਾਂ ਸਪਸ਼ਟ ਹੈ ਕਿ ਜਲ ਸਰੋਤਾਂ ਉਤੇ ਸੂਬਿਆਂ ਦੀ ਸਰਦਾਰੀ ਦਾ ਵਰਤਮਾਨ ਢਾਂਚਾ ਪੂਰੀ ਤਰ੍ਹਾਂ ਖ਼ਤਮ ਕਰ ਦੇਣ ਦੀ ਗੁੰਜਾਇਸ਼ ਪੈਦਾ ਕਰ ਦਿੱਤੀ ਗਈ ਹੈ।

ਉਪਰੋਕਤ ਨੁਕਤਾ-ਬ-ਨੁਕਤਾ ਵਿਸ਼ਲੇਸ਼ਣ ਨਾਲ ਇਹ ਸਪਸ਼ਟ ਹੋ ਗਿਆ ਹੈ ਕਿ ਕੌਮੀ ਜਲ ਨੀਤੀ 2012 (ਖਰੜਾ) ਦਾ ਅਸਲੀ ਮਕਸਦ ਦੁਰਲੱਭ ਜਲ ਵਸੀਲਿਆਂ ਨੂੰ ਕੇਂਦਰ ਦੇ ਅਧਿਕਾਰ ਖੇਤਰ ਵਿਚ ਲਿਆਉਣਾ, ਇਸ ਜੀਵਨ ਦੇਣ ਵਾਲੇ ਵਸੀਲੇ ਉਤੇ ਦੇਸ਼ ਦੀ ਜਨਤਾ ਦੇ ਮੌਲਿਕ ਅਧਿਕਾਰ ਵਿਚ ਕਟੌਤੀ ਕਰਨਾ ਅਤੇ ਪਾਣੀ ਜਿਹੀ ਮਹੱਤਵਪੂਰਨ ਕੁਦਰਤੀ ਦੌਲਤ ਨੂੰ ਦੇਸੀ-ਵਿਦੇਸ਼ੀ ਸਰਮਾਏਦਾਰਾਂ ਅਤੇ ਬਹੁਕੌਮੀ ਕੰਪਨੀਆਂ ਦੇ ਸਪੁਰਦ ਕਰ ਦੇਣਾ ਹੈ।


ਸਿਆਸੀ ਪਾਰਟੀਆਂ ਤੇ ਜਥੇਬੰਦੀਆਂ ਦੀ ਭੂਮਿਕਾ : ਯੂ. ਪੀ. ਏ. ਦੀ ਮਨਮੋਹਨ ਸਰਕਾਰ ਤੇ ਇਸ ਵਿਚ ਸ਼ਾਮਲ ਸਾਰੀਆਂ ਸਿਆਸੀ ਪਾਰਟੀਆਂ ਕਾਫ਼ੀ ਜੋਸ਼-ਖਰੋਸ਼ ਨਾਲ ਇਸ ਕੌਮੀ ਜਲ ਨੀਤੀ ਦੀ ਹਮਾਇਤ ਕਰ ਰਹੀਆਂ ਹਨ। ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੇ 10 ਅਪ੍ਰੈਲ 2012 ਨੂੰ ਦਿੱਲੀ ਵਿਚ ਮਨਾਏ ਗਏ 'ਇੰਡੀਆ ਵਾਟਰ ਵੀਕ' ਵਿਚ ਆਪਣਾ ਉਦਘਾਟਨੀ ਭਾਸ਼ਣ ਦਿੰਦੇ ਹੋਏ ਸਪਸ਼ਟ ਕਿਹਾ ਕਿ ਬਿਜਲੀ-ਪਾਣੀ ਉਤੇ ਦਿੱਤੀ ਜਾ ਰਹੀ ਸਬਸਿਡੀ ਨਾਲ ਜ਼ਮੀਨੀ ਹੇਠਲੇ ਪਾਣੀ ਦੀ ਦੁਰਵਰਤੋਂ ਹੋ ਰਹੀ ਹੈ, ਇਸ ਲਈ ਇਸ ਪਾਣੀ ਦੀ ਸਾਂਝੀ ਮਲਕੀਅਤ ਦੇ ਰੂਪ ਵਿਚ ਨਿਸ਼ਾਨਦੇਹੀ ਕੀਤੀ ਜਾਣੀ ਚਾਹੀਦੀ ਹੈ। ਨਾਲ ਹੀ ਉਹਨੇ ਜਲ ਇਕੱਠਾ ਕਰਨ ਤੇ ਇਸ ਦਾ ਪ੍ਰਬੰਧ ਕਰਨ ਵਿਚ ਨਿੱਜੀ ਖੇਤਰ ਦੀ ਭਾਗੀਦਾਰੀ ਅਤੇ ਖ਼ਾਸ ਕਰਕੇ ਖੇਤੀ ਦੇ ਖੇਤਰ ਵਿਚ ਨਿੱਜੀ ਸਿੰਜਾਈ ਵਿਵਸਥਾ ਨੂੰ ਉਤਸ਼ਾਹਤ ਕਰਨ ਦੀ ਗੱਲ ਵੀ ਕੀਤੀ। ਯਾਦ ਰਹੇ ਕਿ ਇਸ ਸਾਰੇ ਪ੍ਰੋਗਰਾਮ ਵਿਚ 43 ਦੇਸ਼ਾਂ ਦੇ ਨੁਮਾਇੰਦਿਆਂ ਸਮੇਤ 1000 ਵਿਅਕਤੀ ਸ਼ਾਮਲ ਸਨ। ਇਸੇ ਪ੍ਰੋਗਰਾਮ ਵਿਚ ਯੋਜਨਾ ਕਮਿਸ਼ਨ ਦੇ ਉਪ ਪ੍ਰਧਾਨ ਐਸ. ਐਸ. ਆਹਲੂਵਾਲੀਆ ਨੇ ਕਿਸਾਨਾਂ ਨੂੰ ਸਾਫ਼ ਸਾਫ਼ ਹਦਾਇਤ ਦਿੱਤੀ ਕਿ ਉਨ੍ਹਾਂ ਨੂੰ ਖੇਤੀ ਵਾਸਤੇ ਪਾਣੀ ਦੀ ਵਰਤੋਂ ਵਿਚ 50% ਕਟੌਤੀ ਕਰਨੀ ਪਵੇਗੀ। ਜਲ ਸਰੋਤਾਂ ਦੇ ਕੇਂਦਰੀ ਮੰਤਰੀ ਪਵਨ ਕੁਮਾਰ ਬਾਂਸਲ ਨੇ 7 ਮਈ 2012 ਨੂੰ ਪਾਰਲੀਮੈਂਟ ਵਿਚ ਕਿਹਾ ਕਿ ਪੇਸ਼ ਕੀਤੀ ਗਈ ਜਲ ਨੀਤੀ ਵਿਚ ਜ਼ੋਰ ਦਿੱਤਾ ਗਿਆ ਹੈ ਕਿ ਸਰਕਾਰ ਨੂੰ ਪੀ. ਪੀ. ਪੀ. ਮਾਡਲ ਅਪਣਾਉਣਾ ਚਾਹੀਦਾ ਹੈ ਕਿਉਂਕਿ ਦੇਸ਼ ਦੇ ਕਈ ਸ਼ਹਿਰਾਂ ਵਿਚ ਇਸ ਦੇ ਵਧੀਆ ਸਿੱਟੇ ਨਿਕਲੇ ਹਨ। ਉਦਾਹਰਣ ਵਜੋਂ ਉਸਨੇ ਤਿਰੂਪੁਰ, ਸਾਲਟ ਲੇਕ ਕੋਲਕਾਤਾ, ਚੇਨਈ, ਨਾਗਪੁਰ, ਹੈਦਰਾਬਾਦ, ਹੁਬਲੀ, ਧਾਰਵਾਰ, ਬੇਲਗਾਮ, ਗੁਲਬਰਗਾ, ਲਾਤੂਰ, ਮੈਸੂਰ, ਹਲਦੀਆ, ਦੇਵਾਸ, ਖਾਂਡਵਾ, ਸ਼ਿਵਪੁਰੀ, ਰਾਇਪੁਰ ਤੇ ਕੋਹਲਾਪੁਰ ਜਿਹੇ ਸ਼ਹਿਰਾਂ ਦੇ ਨਾਮ ਗਿਣਾਏ। ਜਦਕਿ ਤੱਥ ਇਹ ਹੈ ਕਿ ਇਨ੍ਹਾਂ ਸਾਰੇ ਸ਼ਹਿਰਾਂ ਵਿਚ ਮਾਡਲ ਅਸਫ਼ਲ ਰਿਹਾ ਹੈ।

ਜਿਥੋਂ ਤੱਕ ਭਾਜਪਾ ਦੀ ਐੱਨ. ਡੀ. ਏ. ਦਾ ਸਬੰਧ ਹੈ ਉਸ ਵਿਚ ਸ਼ਾਮਲ ਪਾਰਟੀਆਂ ਨੇ ਅਜੇ ਤੱਕ ਇਸ ਜਲ ਨੀਤੀ ਨੂੰ ਆਪਣੇ ਏਜੰਡੇ ਉਤੇ ਹੀ ਨਹੀਂ ਲਿਆਂਦਾ। ਇਥੋਂ ਤੱਕ ਕਿ ਸੀ. ਪੀ. ਆਈ., ਸੀ. ਪੀ. ਐਮ., ਜਿਹੀਆਂ ਪਾਰਲੀਮਾਨੀ ਖੱਬੀਆਂ ਪਾਰਟੀਆਂ ਨੇ ਵੀ ਇਸ ਨੀਤੀ ਉਤੇ ਕੋਈ ਠੋਸ ਪ੍ਰਤੀਕਰਮ ਨਹੀਂ ਦਿਖਾਇਆ। ਇਨ੍ਹਾਂ ਪਾਰਟੀਆਂ ਨੇ ਖਾਧ ਸੁਰੱਖਿਆ ਦੇ ਸਵਾਲ ਉਤੇ ਕੇਂਦਰਤ ਕਰਦੇ ਹੋਏ ਕਈ ਦਿਨ ਦਿੱਲੀ ਦੇ ਜੰਤਰ ਮੰਤਰ ਉਤੇ ਸਾਂਝਾ ਧਰਨਾ ਦਿੱਤਾ ਪਰ ਖਾਧ ਸੁਰੱਖਿਆ ਵਾਸਤੇ ਇਸ ਖ਼ਤਰਨਾਕ ਨੀਤੀ ਨੂੰ ਵਾਪਸ ਲੈਣ ਦੀ ਮੰਗ ਨਹੀਂ ਕੀਤੀ। ਇਸੇ ਦੌਰਾਨ ਜੰਤਰ ਮੰਤਰ ਉਤੇ ਅੰਨਾ ਤੇ ਉਸ ਦੇ ਸਹਿਯੋਗੀਆਂ ਨੇ ਵਰਤ ਸੱਤਿਆਗ੍ਰਹਿ ਵੀ ਕੀਤਾ ਪਰ ਉਨ੍ਹਾਂ ਦਾ ਅੰਦੋਲਨ ਜਨ ਲੋਕਪਾਲ ਕਾਨੂੰਨ ਬਣਾਉਣ ਅਤੇ ਭ੍ਰਿਸ਼ਟ ਮੰਤਰੀਆਂ ਨੂੰ ਸਜ਼ਾ ਦੇਣ ਦੀਆਂ ਮੰਗਾਂ ਤੱਕ ਹੀ ਸੀਮਤ ਰਿਹਾ। ਇਸ ਅੰਦੋਲਨ ਨਾਲ ਜੁੜੇ ਕਿਸੇ ਵਿਅਕਤੀ ਨੇ ਲੋਕ-ਵਿਰੋਧੀ ਕੌਮੀ ਜਲ ਨੀਤੀ 2012 ਉਤੇ ਟਿੱਪਣੀ ਨਹੀਂ ਕੀਤੀ।

ਵਿਰੋਧੀ ਪਾਰਟੀਆਂ ਦੀ ਅਗਵਾਈ ਵਿਚ ਚਲ ਰਹੀਆਂ ਕੁਝ ਸੂਬਾ ਸਰਕਾਰਾਂ ਨੇ ਇਸ ਜਲ ਨੀਤੀ ਦੇ ਉਸ ਨੁਕਤੇ ਉਤੇ ਹੀ ਆਪਣੀ ਚਿੰਤਾ ਜ਼ਾਹਰ ਕੀਤੀ ਹੈ ਜਿਸ ਵਿਚ ਜਲ ਵਸੀਲਿਆਂ ਨੂੰ ਕੇਂਦਰੀ ਅਧਿਕਾਰ ਖੇਤਰ ਹੇਠ ਲੈ ਲਏ ਜਾਣ ਦੀ ਗੱਲ ਕੀਤੀ ਗਈ ਹੈ। ਪੰਜਾਬ ਦੀ ਸ਼੍ਰੋਮਣੀ ਅਕਾਲੀ ਦਲ ਤੇ ਭਾਜਪਾ ਦੀ ਸਾਂਝੀ ਹਕੂਮਤ ਨੇ ਨਵੇਂ ਬਣੇ ਮੰਤਰੀ ਮੰਡਲ ਦੀ ਆਪਣੀ ਪਹਿਲੀ ਬੈਠਕ ਵਿਚ ਕੌਮੀ ਜਲ ਨੀਤੀ 2012 ਦੇ ਨਾਲ-ਨਾਲ ਸੂਬਿਆਂ ਵਿਚ ਦਖ਼ਲ-ਅੰਦਾਜ਼ੀ ਕਰਨ ਵਾਲੇ ਨੈਸ਼ਨਲ ਕਾਊਂਟਰ ਟੈਰਰਿਜ਼ਮ ਸੈਂਟਰ ਦੇ ਪ੍ਰਸਤਾਵ ਪ੍ਰਤੀ ਚਿੰਤਾ ਜ਼ਾਹਰ ਕੀਤੀ ਹੈ। ਸੱਚਾਈ ਇਹ ਹੈ ਕਿ ਪੰਜਾਬ ਸਰਕਾਰ ਵਲੋਂ ਜਾਰੀ ਪੰਜਾਬ ਰਾਜ ਜਲ ਨੀਤੀ 2008 (ਮਸੌਦਾ) ਵਿਚ ਵੀ ਪਾਣੀ ਦੇ ਸੰਗ੍ਰਹਿ ਕਰਨ ਤੇ ਪ੍ਰਬੰਧ ਕਰਨ ਵਿਚ ਪੀ. ਪੀ. ਪੀ. ਮਾਡਲ ਅਪਣਾਉਣ, ਪਾਣੀ ਉਤੇ ਟੈਕਸ ਲਾ ਕੇ ਹਰ ਤਰ੍ਹਾਂ ਦੀ ਜਲ ਸੇਵਾ ਦਾ ਖ਼ਰਚਾ ਪੂਰਾ ਕਰਨ ਅਤੇ ਇਸ ਮਦ ਵਿਚ ਦਿੱਤੀ ਜਾਣ ਵਾਲੀ ਸਬਸਿਡੀ ਨੂੰ ਕੇਵਲ ਕਮਜ਼ੋਰ ਤਬਕਿਆਂ ਤੱਕ ਸੀਮਤ ਕਰਨ ਦੀ ਵਿਵਸਥਾ ਕੀਤੀ ਗਈ ਸੀ। ਨਾਲ ਹੀ ਇਸ ਵਿਚ ਧਰਤੀ ਹੇਠਲੇ ਪਾਣੀ ਦੀ ਵਰਤੋਂ ਨੂੰ ਘੱਟ ਕਰਨ ਲਈ ਖੇਤਰ ਤੇ ਸਿੰਜਾਈ ਦੀ ਵਿਵਸਥਾ ਨੂੰ ਬਦਲਣ ਦੀ ਗੱਲ ਕੀਤੀ ਗਈ ਸੀ।

ਇਸੇ ਤਰ੍ਹਾਂ ਹਰਿਆਣਾ ਸਰਕਾਰ ਨੇ ਹਾਲ ਵਿਚ ਹੀ ਰਾਜਕੀ ਗ੍ਰਾਮੀਣ ਜਲ ਨੀਤੀ 2012 ਬਣਾਈ ਹੈ ਜਿਸ ਵਿਚ ਖਾਸ ਤੌਰ 'ਤੇ ਪਾਣੀ ਦੀ ਬਰਬਾਦੀ ਨੂੰ ਰੋਕਣ ਲਈ ਫਲੈਟ ਰੇਟ (ਇਕ ਜਿਹੀ ਕੀਮਤ) ਦੀ ਥਾਂ ਵਰਤੋਂ ਦੀ ਮਾਤਰਾ ਮੁਤਾਬਕ ਪਾਣੀ ਦਾ ਬਿੱਲ ਬਣਾਉਣ ਦੀ ਗੱਲ ਕੀਤੀ ਗਈ ਹੈ। ਜਲ ਅਤੇ ਬਿਜਲੀ ਪ੍ਰਦੂਸ਼ਣ ਅਤੇ ਜਲ ਚੋਰੀ ਨੂੰ ਰੋਕਣ ਲਈ ਹਰਿਆਣਾ ਸਰਕਾਰ ਨੇ ਪੂਰੇ ਰਾਜ ਵਿਚ ਵਾਟਰ ਤੇ ਪਾਵਰ ਪੁਲਿਸ ਥਾਣਾ ਬਣਾਇਆ ਹੈ ਜਿਸ ਨੂੰ ਇਸ ਨੀਤੀ ਨੂੰ ਲਾਗੂ ਕਰਨ ਦੀ ਜ਼ਿੰਮੇਵਾਰੀ ਸੌਂਪੀ ਗਈ ਹੈ।

ਕਈ ਐਨ. ਜੀ. ਓ. ਸਮੂਹਾਂ ਨੇ (ਖਾਸ ਕਰਕੇ ਜਲ ਵਸੀਲਿਆਂ ਉਤੇ ਕੰਮ ਕਰਨ ਵਾਲੇ) ਕੇਂਦਰ ਸਰਕਾਰ ਵਲੋਂ ਬਣਾਈ ਗਈ ਕੌਮੀ ਜਲ ਨੀਤੀ 2012 ਉਤੇ ਦੇਸ਼ ਦੇ ਕਈ ਸ਼ਹਿਰਾਂ ਵਿਚ ਗੰਭੀਰ ਚਰਚਾਵਾਂ ਕਰਵਾਈਆਂ ਹਨ। ਇਸੇ ਤਰ੍ਹਾਂ ਦਿੱਲੀ ਵਿਚ 10-11 ਮਈ 2012 ਨੂੰ ਨਾਗਰਿਕ ਸਮੂਹਾਂ ਵਲੋਂ ਵਿਚਾਰ ਚਰਚਾ ਕਰਵਾਈ ਗਈ। ਉਨ੍ਹਾਂ



ਨੇ ਆਪਣੀਆਂ ਸਾਰੀਆਂ ਖ਼ਾਮੀਆਂ ਦੇ ਬਾਵਜੂਦ ਇਸ ਨਵੀਂ ਜਲ ਨੀਤੀ ਨੂੰ ਲੋਕ ਵਿਰੋਧੀ ਅਤੇ ਕਿਸਾਨ ਵਿਰੋਧੀ ਖ਼ਾਸੇ ਵਾਲੀ ਗਰਦਾਨਿਆ ਹੈ।

ਪਰ ਚਿੰਤਾ ਵਾਲੀ ਗੱਲ ਇਹ ਹੈ ਕਿ ਅਜੇ ਤੱਕ ਦੇਸ਼ ਦੀਆਂ ਜਮਹੂਰੀ ਇਨਕਲਾਬੀ ਧਿਰਾਂ ਵਲੋਂ ਇਸ ਖ਼ਤਰਨਾਕ ਜਲ ਨੀਤੀ ਦੇ ਵਿਰੋਧ ਵਿਚ ਆਪਣੀ ਆਵਾਜ਼ ਬੁਲੰਦ ਨਹੀਂ ਕੀਤੀ ਗਈ। ਭਾਵੇਂ ਕਿ ਉੱਤਰ ਪ੍ਰਦੇਸ਼, ਪੰਜਾਬ ਅਤੇ ਕਰਨਾਟਕ ਦੀਆਂ ਕੁਝ ਕਿਸਾਨ ਜਥੇਬੰਦੀਆਂ ਨੇ ਇਸ ਜਲ ਨੀਤੀ ਵਿਰੁੱਧ ਟੁੱਟਵਾਂ ਖਿੰਡਵਾਂ ਪ੍ਰਤੀਕਰਮ ਜ਼ਾਹਰ ਕੀਤਾ ਹੈ ਲੇਕਿਨ ਮਾਮਲਾ ਏਨਾ ਗੰਭੀਰ ਹੈ ਕਿ ਇਹ ਇਕਮੁੱਠ, ਜਥੇਬੰਦ ਅਤੇ ਜ਼ੋਰਦਾਰ ਵਿਰੋਧ ਦੀ ਮੰਗ ਕਰਦਾ ਹੈ।

ਦੇਸ਼ ਦੇ ਸਮੁੱਚੇ ਅਗਾਂਹਵਧੂ, ਜਮਹੂਰੀ ਤੇ ਇਨਕਲਾਬੀ ਹਲਕਿਆਂ ਦਾ ਫਰਜ਼ ਹੈ ਕਿ ਉਹ ਇਸ ਲੋਕ ਵਿਰੋਧੀ, ਕਾਰਪੋਰੇਟ ਦੇ ਹਿੱਤਾਂ ਨੂੰ ਪੂਰਨ ਵਾਲੀ ਨੀਤੀ ਵਿਰੁੱਧ ਕਿਸਾਨਾਂ, ਮਜ਼ਦੂਰਾਂ ਤੇ ਜਨਤਾ ਦੇ ਵਿਸ਼ਾਲ ਹਿੱਸਿਆਂ ਨੂੰ ਗੋਲਬੰਦ ਕਰਨ, ਇਸ ਤੋਂ ਪਹਿਲਾਂ ਕਿ ਇਹ ਜਲ ਨੀਤੀ ਲਾਗੂ ਹੋ ਜਾਵੇ, ਤੇ ਹਕੂਮਤ ਨੂੰ ਇਹ ਨੀਤੀ ਵਾਪਸ ਲੈਣੀ ਪਵੇ।

## ਜ਼ਰਾ ਸੋਚੋ ਖਾਂ

# ਕੀ ਅਸੀਂ ਆਪਣਿਆਂ ਦੇ ਸੋਗ ਕਰਨ ਤੋਂ ਵੀ ਵਿਰਵੇ ਹੋ ਰਹੇ ਹਾਂ

**ਸੁਰਜੀਤ ਮਾਨ**

ਕਿਹਾ ਤਾਂ ਇਹ ਜਾਂਦਾ ਹੈ ਅਤੇ ਇਹ ਹੈ ਵੀ ਠੀਕ ਕਿ ਜੇਹ ਰਚਨਾ ਤੇਹੀ ਸ਼ੈਲੀ। ਅਰਥਾਤ ਦੋਵਾਂ ਵਿਚ ਸੁਮੇਲ ਹੋਣਾ ਚਾਹੀਦਾ ਹੈ ਪਰ ਹੈਰਾਨੀਨੁਮਾ ਦੁੱਖ ਹੁੰਦਾ ਹੈ ਜਦੋਂ ਅੱਜ ਸੱਥਰਾਂ 'ਤੇ ਮੌਤ ਦੇ ਸੋਗੀ ਗੀਤ ਜ਼ਿੰਦਗੀ ਦੀ ਲੈਅ ਵਿਚ ਗਾਏ ਜਾਂਦੇ ਵੇਖਦੇ ਅਤੇ ਸੁਣਦੇ ਹਾਂ। ਕੰਧਾਂ ਰੁਆਉਣ ਵਾਲੇ ਵੈਣਾਂ ਦੀ ਥਾਂ ਉੱਚੇ-ਉੱਚੇ ਸੁਰਾਂ 'ਚ ਕੀਤੀਆਂ, ਨਹੀਂ ਘੜੀਆਂ, ਤਕਰੀਰਾਂ ਨੇ ਲੈ ਲਈ ਹੈ। ਕਹਿਣ ਨੂੰ ਪੁਰਾਣੀਆਂ, ਪ੍ਰਤੀਕਾਤਮਕ, ਸਭਿਆ ਅਤੇ ਬਹੁਪਰਤੀ ਅਰਥਾਂ ਵਾਲੀਆਂ ਕਦਰਾਂ-ਕੀਮਤਾਂ ਦੀਆਂ ਸਫਾਂ ਲਪੇਟਣ ਵਾਲੀ ਰਾਜਨੀਤੀ ਨੇ ਮੌਤ ਨਾਲ ਜੁੜੀਆਂ ਰਸਮਾਂ ਨੂੰ ਵੀ ਨਹੀਂ ਬਖ਼ਸ਼ਿਆ। ਸੋਗੀ ਸੱਥਰਾਂ ਅਤੇ ਖੁਸ਼ੀ ਵਰੋਸਾਏ ਸਮਾਰੋਹਾਂ ਵਿਚ ਫਰਕ ਕਰਨਾ ਤਕਰੀਬਨ ਅਸੰਭਵ ਹੋ ਗਿਆ ਹੈ। ਫਰਕ ਹੁੰਦਾ ਸੀ, "ਜਦੋਂ ਸਰਬੰਸ ਜਿਉਂਦਾ ਸੀ।"

ਉਦੋਂ ਸੱਥਰ 'ਵਿਛਾਏ' ਜਾਂਦੇ ਸਨ, ਹੁਣ ਇਹ ਸੱਥਰ 'ਸਜਾਏ' ਜਾਂਦੇ ਹਨ। ਆਮ ਸਮਾਰੋਹਾਂ ਵਾਂਗ 'ਵਿਸ਼ੇਸ਼ ਮਹਿਮਾਨਾਂ' ਨੂੰ ਉਨ੍ਹਾਂ ਰਾਹੀਂ ਨੈਣ ਵਿਛਾ ਕੇ ਉਡੀਕਿਆ ਜਾਂਦਾ ਹੈ। ਵੱਖਰੀਆਂ ਸੋਫਿਆਂ ਵਰਗੀਆਂ ਸੀਟਾਂ ਰਿਜ਼ਰਵ ਕੀਤੀਆਂ ਅਤੇ ਰੱਖੀਆਂ ਜਾਂਦੀਆਂ ਹਨ, ਉਨ੍ਹਾਂ ਲਈ, ਕਿਉਂਕਿ ਪੰਗਤ ਦੀ ਮਹੱਤਤਾ ਇਹ ਸੰਗਤ ਕਦੋਂ ਦੀ ਭੁੱਲ-ਭੁਲਾ ਚੁੱਕੀ ਹੈ, ਜੇ ਕੋਈ ਵਜੂਦ ਬਾਕੀ ਹੈ ਉਹ ਮਹਿਜ਼ ਕਹਿਣੀ ਵਿਚ। ਜਦੋਂ ਵਿਸ਼ੇਸ਼ ਵਿਅਕਤੀ 'ਆਪਣੇ ਕੀਮਤੀ ਰੁਝੇਵੇਂ 'ਚੋਂ ਥੋੜ੍ਹਾ ਪਲ ਕੱਢ ਕੇ ਚੋਣਵੇਂ ਚਰਨ ਪਾਉਣ ਲਈ ਪਹੁੰਚਦਾ ਹੈ। 'ਚੌਹੀਂ ਪਾਸੀਂ ਖੁਸ਼ੀ ਭਰਿਆ ਮਾਹੌਲ ਤਾਰੀ ਹੋ ਜਾਂਦਾ ਹੈ। ਵੱਡੇ ਕਵੀ ਵਾਂਗ ਉਸ ਦੀ ਤਕਰੀਰ ਨਾਲ ਸੰਪੰਨ ਹੁੰਦਾ ਹੈ ਸਮਾਰੋਹ। ਪਹਿਲਾਂ ਮੁਫੱਸਿਲ ਨੇਤਾ ਆਪਣੀਆਂ 'ਸਿੱਖਿਆ ਭਰੀਆਂ' ਤਕਰੀਰਾਂ ਕਰਦੇ ਹਨ-ਸ਼ਿਅਰਾਂ 'ਚ ਗੁੰਦੀਆਂ, ਲੰਮੀਆਂ-ਲੰਮੀਆਂ ਅਕਾਊ। ਇਹ ਵੀ ਸੱਚ ਹੈ ਕਿ ਜਿਨ੍ਹਾਂ ਨੂੰ 'ਦੁੱਖ ਸਾਂਝਾ' ਕਰਨ ਲਈ ਸਮਾਂ ਨਹੀਂ ਦਿੱਤਾ ਜਾਂਦਾ, ਉਹ ਅੰਦਰੋ ਅੰਦਰੀ ਗੁੱਸੇ ਨਾਲ ਭਰੇ ਭਰਾਏ ਮੁੜ ਜਾਂਦੇ ਹਨ ਅਤੇ ਧਰੀਆਂ-ਧਰਾਈਆਂ ਰਹਿ ਜਾਂਦੀਆਂ ਹਨ ਜੇਬਾਂ ਵਿਚ ਲਿਖੀਆਂ ਲਿਖਵਾਈਆਂ ਤਕਰੀਰਾਂ।

ਸਦਾ ਲਈ ਤੁਰ ਜਾਣ ਵਾਲੇ ਦਾ ਪ੍ਰਸੰਗ ਤਾਂ "ਗਾਲਿਬ ਐਂਡ ਗੋਇਟੇ" ਵਾਂਗ ਕਦੇ ਕਦਾਈਂ ਹੀ ਆਉਂਦਾ ਹੈ, ਅਸਲ ਵਿਆਖਿਆ ਤਾਂ ਹੁੰਦੀ ਹੈ ਵਿਸ਼ੇਸ਼ ਵਿਅਕਤੀ ਦੀ ਆਮਦ ਦੀ। ਬਹੁਤ ਮਾਣ ਨਾਲ ਅਗਲੇ ਦਿਨੀਂ, ਬਿਨਾਂ ਪੁੱਛੇ, ਦੱਸਿਆ ਜਾਂਦਾ ਹੈ ਕਿ ਫਲਾਣਾ ਵਿਸ਼ੇਸ਼ ਵਿਅਕਤੀ ਵੀ ਆਇਆ ਸੀ। (ਪਤਾ ਹੀ ਹੈ ਕਿ ਵਿਸ਼ੇਸ਼ ਵਿਅਕਤੀ ਜਾਂ ਮਹਿਮਾਨ ਤਾਂ ਹਮੇਸ਼ਾ ਕੋਈ ਵੱਡਾ ਨੇਤਾ ਜਾਂ ਧੰਨਵਾਨ ਪੁਰਸ਼ ਹੀ ਹੁੰਦਾ ਹੈ-ਭਾਵੇਂ ਖੇਡ ਸਮਾਰੋਹ ਹੋਵੇ, ਭਾਵੇਂ ਕਵੀ ਦਰਬਾਰ, ਭਾਵੇਂ ਵਿਗਿਆਨ ਨਾਲ ਸਬੰਧਤ ਹੋਵੇ ਭਾਵੇਂ ਧਰਮ ਨਾਲ) ਸਰੋਤੇ ਵੀ ਜ਼ਿਆਦਾ ਵਿਸ਼ੇਸ਼ ਵਿਅਕਤੀ ਕਰਕੇ ਹੀ ਆਉਂਦੇ, ਤੁਰ ਜਾਣ ਵਾਲੇ ਦੇ ਦੁੱਖ ਦਰਦ ਕਰਕੇ ਨਹੀਂ।

ਵਰਤਮਾਨ ਤੋਂ ਬਾਅਦ ਅਤੀਤ ਨੂੰ ਵੀ ਯਾਦ ਕਰ ਲਈਏ। ਦੋਵਾਂ ਵਿਚਲਾ ਫਰਕ ਆਪਣੇ ਆਪ ਸਭ ਕੁਝ ਬਿਆਨ ਕਰ ਦੇਵੇਗਾ। ਉਨ੍ਹੀਂ ਦਿਨੀਂ ਸੱਥਰ ਤੇ ਮੌਤ ਵਰਗਾ ਸੰਨਾਟਾ ਹੁੰਦਾ ਸੀ। ਸਾਰੇ ਸੋਗੀ ਰੰਗ-ਕਾਲੇ, ਚਿੱਟੇ ਕੱਪੜੇ ਪਾ ਕੇ ਆਉਂਦੇ ਸਨ। ਇਥੋਂ ਤੱਕ ਕਿ ਵਿਆਹ ਵੇਲੇ ਕਾਲਾ ਘੱਗਰਾ ਦਿੱਤਾ ਜਾਂਦਾ ਸੀ ਜੋ ਦੁਲਹਨ ਅਜਿਹੇ ਮੌਕਿਆਂ 'ਤੇ ਪਾਉਂਦੀ ਸੀ। ਵੈਣ ਪਾਉਂਦੇ ਆਉਂਦੇ, ਬੱਸ ਚੁੱਪ-ਚਾਪ ਬੈਠਦੇ, ਬਿਨਾਂ ਕੁਝ ਖਾਧੇ-ਪੀਤੇ ਮੁੜ ਜਾਂਦੇ। ਸੱਥਰ 'ਤੇ ਬਿਰਧ ਆਪੋ-ਆਪਣੀ ਮੱਤ ਅਨੁਸਾਰ ਧਰਵਾਸ ਦੇਣ ਵਾਲੀਆਂ ਗੱਲਾਂ ਕਰਦੇ ਜਿਵੇਂ:

"ਭਾਈ ਭਾਣਾ ਮੰਨੋ, ਜੋ ਓਹਦੀ ਰਜ਼ਾ, ਪੁੱਤਰਾਂ ਦੀ ਫੌਜ ਵਾਲਾ ਰੌਣ ਨਹੀਂ ਰਿਹਾ। ਕਲਗੀਆਂ ਵਾਲੇ ਦੇ ਫੁੱਲਾਂ ਵਰਗੇ ਲਾਲ ਖਿੜਨੋਂ ਪਹਿਲਾਂ ਤੋੜ-ਮਰੋੜ ਦਿੱਤੇ। ਨਾਲੇ ਜੋ ਬੀਜਦੇ ਹਾਂ, ਕੱਟਦੇ ਹਾਂ। ਸੁਣਿਆ ਨੀ, "ਜੈਸਾ ਬੀਜੈ ਸੋ ਲੁਣੈ, ਕਰਮਾ ਸੰਦੜਾ ਖੇਤ।" ਕੋਈ ਭੁੱਖਾ ਮੋੜਤਾ ਹੋਊ ਘਰੋਂ, ਤਾਂ ਹੀ ਤਾਂ ਇਹ ਦੁੱਖ ਮਿਲਿਐ ਪਹਾੜ ਵਰਗਾ।'' (ਬੇਸ਼ੱਕ ਅਚੇਤ ਹੋਵੇ-ਨਾ ਗੁਰਬਾਣੀ ਵਿਚ ਕਿਤੇ ਕੋਈ ਸ਼ਿਕਾਇਤ, ਨਾ ਇਨ੍ਹਾਂ ਕਥਿਤ "ਓਮੀ ਸਾਧਾਂ" ਕੋਲ)

"ਓਮੀ ਸਾਧਾਂ" ਪਰ ਪ੍ਰੇਮ ਦੇ ਢਾਈ ਅੱਖਰ ਪੜ੍ਹੇ ਹੋਇਆ ਦੇ ਵਿਹਾਰ ਅਤੇ ਵਿਚਾਰ ਬਾਅਦ ਅੱਜ ਦੇ ਪੜ੍ਹੇ-ਲਿਖੇ, ਡਿਗਰੀਆਂ ਨਾਲ ਗੱਡੇ ਲੱਦਣ ਵਾਲਿਆਂ ਵੱਲ ਵੀ ਨਜ਼ਰ ਮਾਰ ਲਈਏ। ਦੋਨੋਂ, ਔਰਤਾਂ ਅਤੇ ਮਰਦ, ਫੈਸ਼ਨੇਬਲ ਕੱਪੜੇ ਅਤੇ ਸੈਂਟ ਦੀ ਖੁਸ਼ਬੋ ਨਾਲ ਬਣ-ਠਣ ਕੇ ਆਉਂਦੇ ਹਨ। ਗੱਲਾਂ ਕਰਦੇ ਹਨ ਦੁਨੀਆਂਦਾਰੀ ਦੀਆਂ, ਨੇਤਾਵਾਂ ਦੀਆਂ ਅਤੇ ਮਿੰਟ ਬਾਅਦ ਕੰਨ ਨੂੰ ਲਾਉਂਦੇ ਹਨ ਮੋਬਾਈਲ। "ਦਰਦਮੰਦਾਂ ਦੀ ਮਾਰਦੀ ਬਾਤ ਥੋੜ੍ਹੀ।" ਵਾਂਗ ਏਨਾਂ ਹੀ ਬਹੁਤ ਹੈ। ਜਿੰਨਾ ਵੱਧ ਸਮਝਾਂਗੇ, ਓਨਾ ਜ਼ਿਆਦਾ ਉਦਾਸ ਹੋਵਾਂਗੇ।

ਹੋਰ ਤਾਂ ਹੋਰ, ਸਾਡਾ ਸਭ ਤੋਂ ਦਰਦੀਲਾ ਦੁਖਾਂਤ, ਸਰਹਿੰਦ ਦਾ ਸੱਥਰ, ਜਦੋਂ ਕੰਧਾਂ ਵਿਚ ਪੱਥਰ ਨਹੀਂ ਪੁੱਤਰ ਚਿਣੇ ਸਨ, ਵੀ ਅੱਜ ਜੋੜ ਮੇਲਾ ਬਣਾ ਦਿੱਤਾ ਗਿਆ ਹੈ। ਸੁਣਦੇ ਹਾਂ ਕਿ ਉਨ੍ਹੀਂ ਦਿਨੀਂ ਨਾਲ ਦੇ ਇਲਾਕਿਆਂ ਦੇ ਲੋਕ ਕਾਲੇ ਵੇਸ ਵਿਚ ਪਿੱਟਦੇ ਹੀ ਆਉਂਦੇ ਸਨ ਅਤੇ 'ਜ਼ਾਲਮਾਂ' ਨੂੰ ਸਰਾਪ ਦੇ ਕੇ ਪਿੱਟਦੇ ਪਿੱਟਦੇ ਹੀ ਭੁੱਬਾਂ ਮਾਰਦੇ ਮੁੜ ਜਾਂਦੇ ਸਨ। ਅੱਜ ਉਨ੍ਹਾਂ ਵੈਣਾਂ ਦੀ ਥਾਂ ਲੈ ਲਈ ਹੈ ਆਤਮ ਪ੍ਰਸ਼ੰਸਾ ਅਤੇ ਨਿੰਦਾ ਵਾਲੀਆਂ ਗਰਜਦੀਆਂ ਤਕਰੀਰਾਂ ਨੇ। ਤੁਸੀਂ ਕਹੋਗੇ, ਉਹ ਉਸ ਪੰਜਾਬ ਦੇ ਵਾਸੀ ਸਨ ਜੋ ਪ੍ਰੋ. ਪੂਰਨ ਸਿੰਘ ਅਨੁਸਾਰ, "ਗੁਰਾਂ ਦੇ ਨਾਮ 'ਤੇ ਜਿਉਂਦਾ ਸੀ।" ਨਾ ਕਿ ਅੱਜ ਵਾਂਗ ਨੇਤਾਵਾਂ ਦੇ ਨਾਂ 'ਤੇ। ਉਹ ਰੱਬ ਦੇ ਜੀਅ ਰੁਖੀ-ਸੁੱਖੀ ਖਾ ਕੇ, ਸ਼ੁਕਰ ਸਬਰ ਕਰਨ ਵਾਲੇ ਸਨ ਨਾ ਕਿ ਪਰਾਈਆਂ ਚੋਪੜੀਆਂ ਵੇਖ ਤਰਸਣ ਅਤੇ ਬੱਬਰ ਭਰਨ ਵਾਲੇ।

ਇਹ ਕਿੱਸੇ ਦਾ ਅੰਜਾਮ ਨਹੀਂ, ਸਿਰਫ ਆਗਾਜ਼ ਹੈ ਕਿਉਂਕਿ ਇਹ ਚੌਤਰਫੀ ਗਿਰਾਵਟ ਉਪਰ ਝੁਰਨ ਵਾਲੇ ਬਹੁਤ ਘੱਟ ਹਨ। ਉਸ ਤੋਂ ਵੀ ਘੱਟ ਹਨ ਸੁਣਨ ਮੰਨਣ ਵਾਲੇ। ਇਨਸਾਨਾਂ ਦੇ ਵੇਸ ਵਿਚ ਭਾਵਨਾ ਰਹਿਤ ਕੈਲਕੁਲੇਟਰਾਂ ਅਤੇ ਕੰਪਿਊਟਰਾਂ ਦੀ ਨਗਰੀ ਤੋਂ ਹੋਰ ਉਮੀਦ ਹੀ ਕੀ ਕੀਤੀ ਜਾ ਸਕਦੀ ਹੈ।



# ਕੁਦਰਤੀ ਭੰਡਾਰਾਂ 'ਤੇ ਕਬਜ਼ੇ ਦਾ ਮਸਲਾ

**ਪ੍ਰਸਿੱਧ ਵਿਦਵਾਨ ਐਚ. ਬਰਾੜ ਦੀ ਕਿਤਾਬ 'ਇੰਪੀਰਿਅਲਿਜ਼ਮ ਇਨ ਦੀ ਮਿਡਲ ਈਸਟ' ਨੂੰ ਆਧਾਰ ਬਣਾ ਕੇ ਪ੍ਰਤੀਬੱਧ ਲੇਖਕ ਤੇ ਅਨੁਵਾਦਕ ਡਾ. ਪਰਮਜੀਤ ਢੀਂਗਰਾ ਨੇ ਦੁਨੀਆ ਦੇ ਅਹਿਮ ਮਸਲੇ ਨੂੰ ਸਾਹਮਣੇ ਲਿਆਂਦਾ ਹੈ ਜਿਸ ਰਾਹੀਂ ਇਹ ਗੱਲ ਸਪਸ਼ਟ ਰੂਪ ਵਿਚ ਸਾਹਮਣੇ ਆ ਰਹੀ ਹੈ ਕਿ ਜਿਵੇਂ ਦੁਨੀਆ ਦੇ ਅਮੀਰ ਮੁਲਕਾਂ ਦਾ ਆਪਸੀ ਭੇੜ ਕੱਚੇ ਤੇਲ ਦੇ ਸੋਮਿਆਂ ਨੂੰ ਕਬਜ਼ੇ ਹੇਠ ਲੈਣ ਲਈ ਚਲਿਆ ਹੋਇਆ ਹੈ ਉਨ੍ਹਾਂ ਲਈ ਮਨੁੱਖੀ ਜਾਨਾਂ ਦੀ ਕੋਈ ਕੀਮਤ ਨਹੀਂ। ਸਮੁੱਚੀ ਤਸਵੀਰ ਦਾ ਉਲੇਖ ਇਸ ਵਿਚ ਪ੍ਰਸਤੁਤ ਕੀਤਾ ਗਿਆ ਹੈ।**

ਰੂਸੀ ਇਨਕਲਾਬ ਦੇ ਬਾਨੀ ਅਤੇ ਚਿੰਤਕ ਲੈਨਿਨ ਨੇ ਇੱਕ ਵਾਰ ਕਿਹਾ ਸੀ ਕਿ ਪੂੰਜੀਵਦ ਜਿੰਨਾ ਜ਼ਿਆਦਾ ਵਿਕਸਤ ਹੋਵੇਗਾ, ਕੱਚੇ ਮਾਲ ਦੀ ਘਾਟ ਓਨੀ ਵਧੇਰੇ ਮਹਿਸੂਸ ਹੋਵੇਗੀ। ਇਸ ਘਾਟ 'ਤੇ ਕਾਬੂ ਪਾਉਣ ਲਈ ਆਪਸੀ ਹੋੜ ਅਤੇ ਕੁੱਲ ਦੁਨੀਆਂ ਵਿੱਚ ਕੱਚੇ ਮਾਲ ਦੇ ਸੋਮਿਆਂ ਦੀ ਭਾਲ ਓਨੀ ਜ਼ਿਆਦਾ ਤੇਜ਼ ਹੁੰਦੀ ਜਾਏਗੀ ਤੇ ਕੱਚੇ ਮਾਲ ਦੇ ਸੋਮਿਆਂ ਵਾਲੇ ਦੇਸ਼ਾਂ 'ਤੇ ਕਬਜ਼ਾ ਕਰਨ ਦੀ ਲੜਾਈ ਸ਼ਰਮਨਾਕ ਰੂਪ ਅਖ਼ਤਿਆਰ ਕਰ ਜਾਏਗੀ। ਅੱਜ ਤੇਲ ਦੇ ਕੁਦਰਤੀ ਸੋਮਿਆਂ ਨਾਲ ਭਰਪੂਰ ਦੇਸ਼ਾਂ ਨਾਲ ਅਜਿਹਾ ਹੀ ਵਾਪਰ ਰਿਹਾ ਹੈ। ਲਗਾਤਾਰ ਫੈਲ ਰਹੇ ਪੂੰਜੀਵਾਦ ਨੇ ਸਾਰੀ ਦੁਨੀਆਂ ਵਿਚਲੇ ਕੱਚੇ ਮਾਲ ਦੇ ਸੋਮਿਆਂ ਨੂੰ ਸਿੱਧੇ-ਅਸਿੱਧੇ ਢੰਗ ਨਾਲ ਹੜੱਪਣ ਲਈ ਹਰ ਹਰਬਾ ਵਰਤਿਆ ਹੈ। ਇਸ ਕਾਰਨ ਦੁਨੀਆਂ ਵਿੱਚ ਪੈਦਾ ਹੋਏ ਅਸੰਤੁਲਨ ਨੇ ਅੰਤਿਮ ਰੂਪ ਵਿੱਚ ਦੇਸ਼ਾਂ ਦੀ ਤਬਾਹੀ, ਮਨੁੱਖੀ ਆਬਾਦੀਆਂ ਦੇ ਘਾਣ ਅਤੇ ਇੱਕ ਉਦਾਸ ਹਨੇਰੇ ਨੂੰ ਜਨਮ ਦਿੱਤਾ ਹੈ। ਇਸ ਵਿੱਚ ਆਸ ਦੀ ਕਿਰਨ ਸਿਰਫ਼ ਪੂੰਜੀਵਾਦ ਦੇ ਖਾਸੇ ਤੋਂ ਨਿਜਾਤ ਵਿੱਚ ਹੀ ਨਜ਼ਰ ਆਉਂਦੀ ਹੈ। ਜੇ ਵੀਹਵੀਂ ਸਦੀ ਦੇ ਸ਼ੁਰੂ ਵਿੱਚ ਪੱਛਮੀ ਏਸ਼ੀਆ ਦੀ ਆਰਥਿਕਤਾ ਅਤੇ ਰਾਜਨੀਤੀ ਨੂੰ ਸਮਝਣਾ ਹੋਵੇ ਤਾਂ 'ਤੇਲ' ਲਫ਼ਜ਼ ਦੇ ਡੂੰਘੇ ਅਰਥਾਂ ਅਤੇ ਇਸ ਦੀ ਅਹਿਮੀਅਤ ਨੂੰ ਜਾਨਣਾ ਜ਼ਰੂਰੀ ਹੈ। ਇਹ ਇਕੱਲਾ ਲਫ਼ਜ਼ ਇਸ ਖਿੱਤੇ ਦੀ ਹੋਣੀ ਨਾਲ ਜੁੜਿਆ ਹੋਇਆ ਹੈ। ਇਹ ਜੰਗ ਅਤੇ ਅਮਨ ਨਾਲ ਜੁੜੇ ਸਵਾਲਾਂ ਦੇ ਹੱਲ ਦੀ ਕੁੰਜੀ ਹੈ। ਪਹਿਲੇ ਸੰਸਾਰ ਯੁੱਧ ਤੋਂ ਬਾਅਦ ਪੱਛਮੀ ਏਸ਼ੀਆ ਨੂੰ ਆਪਸ ਵਿੱਚ ਵੰਡਣ ਲਈ ਸਾਮਰਾਜਵਾਦੀ ਤਾਕਤਾਂ ਦੀ ਜੱਦੋ-ਜਹਿਦ, ਲਿਬਨਾਨ ਵਿੱਚ ਵਰ੍ਹਿਆਂ ਤਕ ਚੱਲੇ ਯੁੱਧ, ਖਾੜੀ ਦੀ ਜੰਗ, ਬਾਲਕਨ ਯੁੱਧ, ਅਫ਼ਗਾਨਿਸਤਾਨ 'ਤੇ ਹਮਲੇ ਅਤੇ ਇਰਾਕ ਖ਼ਿਲਾਫ਼ ਬਰਤਾਨਵੀਆਂ ਅਤੇ ਅਮਰੀਕੀਆਂ ਦੀਆਂ ਵਿਨਾਸ਼ਕਾਰੀ ਜੰਗੀ ਨੀਤੀਆਂ ਦੀ ਘੋਖ ਰਾਹੀਂ ਹੀ ਇਸ ਨੂੰ ਸਮਝਿਆ ਜਾ ਸਕਦਾ ਹੈ।

ਡੇਵਿਡ ਸਮਿਥ ਨੇ ਲਿਖਿਆ ਸੀ ਕਿ ਜਦੋਂ ਵੀਹਵੀਂ ਸਦੀ ਦਾ ਇਤਿਹਾਸ ਲਿਖਿਆ ਜਾਵੇਗਾ ਤਾਂ ਸੰਦਰਭ ਸੂਚੀ ਵਿੱਚ ਤੇਲ ਸ਼ਬਦ ਕਿਸੇ ਵੀ ਹੋਰ ਸ਼ਬਦ ਦੇ ਮੁਕਾਬਲੇ ਵੱਧ ਵਾਰ ਆਵੇਗਾ। ਦੁਨੀਆਂ ਭਰ ਵਿੱਚ ਤੇਲ ਦੇ ਦੋ-ਤਿਹਾਈ ਭੰਡਾਰ ਇਕੱਲੇ ਪੱਛਮੀ ਏਸ਼ੀਆ ਵਿੱਚ ਹਨ। ਖਾੜੀ ਲੀਗ ਦੇ ਦੇਸ਼ਾਂ ਵਿੱਚ ਬਹਿਰੀਨ, ਕੁਵੈਤ, ਓਮਾਨ, ਕਤਰ, ਸਾਊਦੀ ਅਰਬ ਤੇ ਸੰਯੁਕਤ ਅਰਬ ਅਮੀਰਾਤ ਦੁਨੀਆਂ ਭਰ ਦੇ ਲਗਪਗ ਅੱਧੇ ਤੇਲ ਭੰਡਾਰਾਂ ਅਤੇ ਕੁਦਰਤੀ ਗੈਸ ਦੇ 15 ਫ਼ੀਸਦੀ ਭੰਡਾਰਾਂ ਦੇ ਮਾਲਕ ਹਨ। ਤੇਲ ਦਾ ਮਹੱਤਵ ਇਸ ਲਈ ਵੀ ਵਧੇਰੇ ਹੈ ਕਿਉਂਕਿ ਵੀਹਵੀਂ ਸਦੀ ਦੇ ਆਰੰਭ ਵਿੱਚ ਇਹ ਰਵਾਇਤੀ ਊਰਜਾ ਦੇ ਮੁਕਾਬਲੇ ਪ੍ਰਮੁੱਖ ਊਰਜਾ ਸ੍ਰੋਤ ਬਣ ਗਿਆ। ਆਧੁਨਿਕ ਦੁਨੀਆਂ ਦਾ ਸਮੁੱਚਾ ਢਾਂਚਾ ਇਸ ਉਪਰ ਟਿਕਿਆ ਹੋਇਆ ਹੈ। ਅੱਜ ਕੋਈ ਵੀ ਮੁਲਕ ਇਸ ਤੋਂ ਬਿਨਾਂ ਨਾ ਤਾਂ ਤਰੱਕੀ ਕਰ ਸਕਦਾ ਹੈ ਤੇ ਨਾ ਹੀ ਗੁਜ਼ਾਰਾ। ਇੱਥੋਂ ਤਕ ਕਿ ਜਿਨ੍ਹਾਂ ਮੁਲਕਾਂ ਕੋਲ ਇਸ ਦੇ ਅਲਪ ਸੋਮੇ ਹਨ, ਉਨ੍ਹਾਂ ਨੂੰ ਲੱਗਦਾ ਹੈ ਕਿ ਜਦੋਂ ਕੁਝ ਦਹਾਕਿਆਂ ਵਿੱਚ ਉਹ ਖ਼ਤਮ ਹੋ ਗਏ ਤਾਂ ਉਹ ਕੀ ਕਰਨਗੇ। ਅਜੇ ਤਕ ਤੇਲ ਤੋਂ ਇਲਾਵਾ ਹੋਰ ਕੋਈ ਭਵਿੱਖੀ ਊਰਜਾ ਸੋਮਾ ਨਜ਼ਰ ਨਹੀਂ ਆਉਂਦਾ।

ਦੂਜੇ ਸੰਸਾਰ ਯੁੱਧ ਤੋਂ ਕੁਝ ਸਮਾਂ ਪਹਿਲਾਂ ਮਈ 1939 ਵਿੱਚ ਸਾਊਦੀ ਅਰਬ ਨੇ ਤੇਲ ਦੇ ਖੇਤਰਾਂ ਵਿੱਚੋਂ ਉਤਪਾਦਨ ਸ਼ੁਰੂ ਕਰ ਦਿੱਤਾ। ਜ਼ਮੀਨ ਵਿੱਚੋਂ ਨਿਕਲ ਕੇ ਵਹਿੰਦੇ ਤੇਲ ਦੇ ਦ੍ਰਿਸ਼ ਨੇ ਸਾਊਦੀ ਸ਼ਾਹ ਨੂੰ ਏਨਾ ਖ਼ੁਸ਼ ਕਰ ਦਿੱਤਾ ਕਿ ਉਸ ਨੇ ਸੋਕਾਲ ਨੂੰ ਦਿੱਤੇ ਇਲਾਕੇ ਦਾ ਖੇਤਰਫਲ ਵਧਾ ਕੇ 4,44,000 ਵਰਗ ਮੀਲ ਕਰ ਦਿੱਤਾ। ਇਸੇ ਦੌਰਾਨ 23 ਦਸੰਬਰ 1934 ਨੂੰ ਐਂਗਲੋ-ਪਰਸ਼ੀਅਨ ਅਤੇ ਅਮਰੀਕਾ ਦੀ ਗ਼ਲਫ਼ ਕੰਪਨੀ ਨੂੰ ਕੁਵੈਤ ਦੇ ਤੇਲ ਖੇਤਰਾਂ ਵਿੱਚੋਂ ਤੇਲ ਕੱਢਣ ਦਾ ਠੇਕਾ ਦੇ ਦਿੱਤਾ ਗਿਆ। ਸੰਨ 1938 ਵਿੱਚ ਇੱਥੋਂ ਭਰਪੂਰ ਮਾਤਰਾ ਵਿੱਚ ਤੇਲ ਲੱਭਿਆ।

ਸਾਊਦੀ ਅਰਬ ਦਾ ਵਿਸ਼ਾਲ ਕੁਦਰਤੀ ਸਰੋਤਾਂ ਵਾਲਾ ਕਾਰੋਬਾਰ ਪੂਰੀ ਤਰ੍ਹਾਂ ਅਮਰੀਕੀ ਤੇਲ ਕੰਪਨੀਆਂ ਦੇ ਹੱਥਾਂ ਵਿੱਚ ਜਾਣ ਨਾਲ ਪੱਛਮੀ ਏਸ਼ੀਆ ਵਿੱਚ ਸ਼ਕਤੀ ਦਾ ਸੰਤੁਲਨ ਵਿਗੜ ਗਿਆ। ਇਸ ਖਿੱਤੇ ਵਿਚਲੀ ਬਰਤਾਨਵੀ ਅਤੇ ਫਰਾਂਸੀਸੀ ਸਾਮਰਾਜਵਾਦ ਦੀ ਚੌਧਰ ਖ਼ਤਮ ਕਰਕੇ ਅਮਰੀਕੀ ਸਾਮਰਾਜਵਾਦ ਨੇ ਆਪਣੇ ਝੰਡੇ ਗੱਡ ਦਿੱਤੇ। ਇਸੇ ਕਰਕੇ ਰਾਸ਼ਟਰਪਤੀ ਰੂਜ਼ਵੈਲਟ ਨੇ ਇੱਕ ਖ਼ਤ ਵਿੱਚ ਲਿਖਿਆ ਸੀ: ਮੈਂ ਸਮਝਦਾ ਹਾਂ ਕਿ ਸਾਊਦੀ ਅਰਬ ਦੀ ਰੱਖਿਆ ਕਰਨਾ ਅਮਰੀਕਾ ਦੀ ਰੱਖਿਆ ਲਈ ਬੇਹੱਦ ਮਹੱਤਵਪੂਰਨ ਹੈ। ਸਾਊਦੀ ਅਰਬ ਨੂੰ ਸੁਰੱਖਿਆ ਦੇਣ ਦੀ ਇਹ ਅਮਰੀਕੀ ਸਾਮਰਾਜਵਾਦ ਦੀ ਪ੍ਰਤੀਬੱਧਤਾ ਦਾ ਐਲਾਨ ਤਾਂ ਸੀ ਹੀ, ਨਾਲ ਹੀ ਯੁੱਧ ਵਿੱਚ ਉਹਦੇ ਜੋਟੀਦਾਰ ਰਹੇ ਬਰਤਾਨਵੀ ਸਾਮਰਾਜਵਾਦ ਲਈ ਇੱਕ ਚਿਤਾਵਨੀ ਵੀ ਸੀ ਕਿ ਉਹ ਸਾਊਦੀ ਅਰਬ ਤੋਂ ਦੂਰ ਹੀ ਰਹੇ। ਅਮਰੀਕੀ ਸਾਮਰਾਜਵਾਦ ਦੇ ਕਦਮ ਜਿੱਥੇ ਨਹੀਂ ਸਨ ਪਹੁੰਚ ਸਕੇ ਉੱਥੇ ਉਹ ਖੁੱਲ੍ਹੇ ਦਰਵਾਜ਼ੇ ਦੀ ਨੀਤੀ 'ਤੇ ਅੜਿਆ ਰਹਿੰਦਾ ਅਤੇ ਅੰਦਰ ਵੜਦਿਆਂ ਪੂਰੀ ਜ਼ੋਰ ਨਾਲ ਧੱਕ ਕੇ ਦਰਵਾਜ਼ਾ ਬੰਦ ਕਰ ਦਿੰਦਾ।

ਦੂਜੇ ਸੰਸਾਰ ਯੁੱਧ ਦੇ ਖਾਤਮੇ ਤੋਂ ਬਾਅਦ ਸੰਨ 1948 ਵਿੱਚ ਰੈੱਡ ਲਾਈਨ ਸੰਧੀ ਭੰਗ ਹੋ ਗਈ ਜਿਸ ਦੇ ਤਹਿਤ ਹੁਣ ਆਈ.ਪੀ.ਸੀ. ਵਿੱਚ ਸ਼ਾਮਲ ਕੰਪਨੀਆਂ ਅੱਤਾਮਾਨ ਦੇ ਇਲਾਕਿਆਂ ਵਿੱਚ ਆਜ਼ਾਦਾਨਾ ਤੌਰ 'ਤੇ ਕਾਰੋਬਾਰ ਨਹੀਂ ਸਨ ਕਰ ਸਕਦੀਆਂ। ਸੰਧੀ ਟੁੱਟਦਿਆਂ ਹੀ ਐਕਸਾਨ ਅਤੇ ਮੋਬਿਲ ਨੇ ਸਾਊਦੀ ਐਰਮਕੋ ਵਿੱਚ 30 ਅਤੇ 10 ਫ਼ੀਸਦੀ ਦੇ ਸ਼ੇਅਰ ਹਾਸਲ ਕਰ ਲਏ। ਬਰਤਾਨੀਆ ਤੇ ਫਰਾਂਸ ਨੂੰ ਇਸ ਤੋਂ ਬਾਹਰ ਰੱਖਿਆ।

ਓਧਰ ਡਾ. ਮੁਸਦਕ ਦੀ ਸਰਕਾਰ ਨੇ ਇਰਾਨ ਵਿੱਚ ਤੇਲ ਉਤਪਾਦਨ ਦਾ ਕੌਮੀਕਰਨ ਕਰ ਦਿੱਤਾ। ਇਹ ਗੱਲ ਅਮਰੀਕੀ ਅਤੇ ਬਰਤਾਨਵੀ ਸਾਮਰਾਜਵਾਦੀਆਂ ਦੇ ਬਰਦਾਸ਼ਤ ਤੋਂ ਬਾਹਰ ਸੀ। ਅਗਸਤ 1954 ਵਿੱਚ ਇੱਕ ਅਮਰੀਕੀ ਸਾਜ਼ਿਸ਼ ਤਹਿਤ ਮੁਸਦਕ ਸਰਕਾਰ ਦਾ ਤਖ਼ਤਾ ਪਲਟ ਦਿੱਤਾ ਗਿਆ ਅਤੇ ਸ਼ਾਹ ਨੂੰ ਗੱਦੀ 'ਤੇ ਬਿਠਾ ਦਿੱਤਾ ਗਿਆ। ਹੁਣ ਇਰਾਨ ਵਿੱਚ ਤਾਕਤਵਰ ਬਣ ਗਏ ਅਮਰੀਕੀ ਸਾਮਰਾਜ ਨੇ ਇਰਾਨੀ ਤੇਲ ਉਤਪਾਦਨ ਦਾ ਨਵੇਂ ਸਿਰੇ ਤੋਂ ਵੰਡ-ਵੰਡਾਰਾ ਕਰ ਦਿੱਤਾ। ਭਾਵੇਂ ਬਾਹਰੀ ਤੌਰ 'ਤੇ ਇਰਾਨੀ ਤੇਲ ਉਤਪਾਦਨ ਦਾ ਕੌਮੀਕਰਨ ਹੀ ਰਿਹਾ ਪਰ ਲੁਕਵੇਂ ਤੌਰ 'ਤੇ ਕਬਜ਼ਾ ਬਾਹਰੀ ਤੇਲ ਕੰਪਨੀਆਂ ਦਾ ਹੀ ਰਿਹਾ। ਇਸ ਵੰਡ-ਵੰਡਾਰੇ ਵਿੱਚ ਅਮਰੀਕਾ, ਬਰਤਾਨੀਆ ਅਤੇ ਫਰਾਂਸ ਦੀਆਂ ਤੇਲ ਕੰਪਨੀਆਂ ਨੇ ਹਿੱਸੇ ਵੰਡ ਲਏ।

ਦੋ ਵਰ੍ਹਿਆਂ ਬਾਅਦ ਮਿਸਰ ਨੇ ਸਵੇਜ਼ ਨਹਿਰ ਦਾ ਕੌਮੀਕਰਨ ਕਰ ਦਿੱਤਾ। ਬਰਤਾਨੀਆ, ਫਰਾਂਸ ਅਤੇ ਇਜ਼ਰਾਈਲ ਨੇ ਉਹਦੇ 'ਤੇ ਹਮਲਾ ਕਰ ਦਿੱਤਾ। ਇਸ ਯੁੱਧ ਵਿੱਚ ਮਿਸਰ ਦੀ ਹਾਰ ਤੋਂ ਬਾਅਦ ਅਮਰੀਕਾ ਓਥੇ ਹੀ ਫੈਸਲਾਕੁੰਨ ਤਾਕਤ ਬਣ ਗਿਆ। ਇਹ ਯੁੱਧ ਤੇਲ ਲਈ ਲੜਿਆ ਗਿਆ ਸੀ ਕਿਉਂਕਿ ਸਵੇਜ਼ ਨਹਿਰ ਵਿਚਲੀ ਆਵਾਜਾਈ ਵਿੱਚੋਂ ਦੋ-ਤਿਹਾਈ ਸਿਰਫ਼ ਤੇਲ ਢੋਣ ਲਈ ਕੀਤੀ ਜਾਂਦੀ ਸੀ। ਐਂਗਲੋ-ਫਰੈਂਚ ਸਾਮਰਾਜਵਾਦੀਆਂ ਨੂੰ ਨਾ ਤਾਂ ਮਿਸਰ ਅਤੇ ਨਾ ਹੀ ਅਰਬਾਂ ਦੇ ਏਨੇ ਜ਼ਬਰਦਸਤ ਪ੍ਰਤੀਰੋਧ ਦਾ ਅੰਦਾਜ਼ਾ ਸੀ, ਜਿਹੜਾ ਓਥੇ ਹੋਇਆ। ਅਮਰੀਕਾ ਨੂੰ ਤਾਂ ਬਿਲਕੁਲ ਹੀ ਨਹੀਂ ਸੀ। ਮਿਸਰ ਨੇ ਇਸ ਦੇ ਸਿੱਟੇ ਵਜੋਂ ਇੱਕ ਪਾਸੇ ਤੇਲ ਦੇ ਜਹਾਜ਼ਾਂ ਨੂੰ ਨਹਿਰ ਵਿੱਚ ਡੁਬੋਣਾ ਸ਼ੁਰੂ ਕਰ ਦਿੱਤਾ ਤੇ ਦੂਜੇ ਪਾਸੇ ਫ਼ੌਜੀ ਅਤੇ ਯਾਤਰੂ ਦੋਵਾਂ ਤਰ੍ਹਾਂ ਦੇ ਜਹਾਜ਼ਾਂ ਦਾ ਲਾਂਘਾ ਬੰਦ ਕਰ ਦਿੱਤਾ। ਇਸ ਦੇ ਨਾਲ ਹੀ ਪੱਛਮੀ ਏਸ਼ੀਆ ਦੇ ਸਾਰੇ ਵੱਡੇ ਸ਼ਹਿਰਾਂ ਵਿੱਚ ਸਾਮਰਾਜਵਾਦ ਵਿਰੋਧੀ ਪ੍ਰਦਰਸ਼ਨ ਸ਼ੁਰੂ ਹੋ ਗਏ।

ਅਮਰੀਕੀ ਦਾਬਿਆਂ ਅਤੇ ਸ਼ਾਤਰ ਚਾਲਾਂ ਕਰਕੇ ਸੰਨ 1956 ਵਿੱਚ ਬਰਤਾਨਵੀ ਅਤੇ ਫਰਾਂਸੀਸੀ ਫ਼ੌਜਾਂ ਨੂੰ ਸਵੇਜ਼ ਨਹਿਰ ਤੋਂ ਪਿੱਛੇ ਹਟਣਾ ਪਿਆ ਤੇ ਇੰਜ ਪੱਛਮੀ ਏਸ਼ੀਆ ਵਿੱਚ ਅਮਰੀਕਾ ਸਭ ਤੋਂ ਵੱਡੀ ਤਾਕਤ ਬਣ ਗਿਆ। ਹੁਣ ਬਰਤਾਨੀਆ ਅਮਰੀਕਾ ਦਾ ਜੂਨੀਅਰ ਪਾਰਟਨਰ ਬਣ ਕੇ ਹੀ ਰਹਿ ਸਕਦਾ ਸੀ। ਇਸ ਤਰ੍ਹਾਂ ਸਿਰਫ਼ ਤਿੰਨ ਦਹਾਕਿਆਂ ਵਿੱਚ ਅਮਰੀਕਾ ਨੇ ਵੱਡੇ ਚੌਧਰੀ ਵਾਲੀ ਪਦਵੀ ਹਾਸਲ ਕਰ ਲਈ। ਸੰਨ 1939 ਵਿੱਚ ਪੱਛਮੀ ਏਸ਼ੀਆ 'ਚ ਬਰਤਾਨੀਆ ਦਾ 60 ਅਤੇ ਅਮਰੀਕਾ ਦਾ 13 ਫ਼ੀਸਦੀ ਤੇਲ 'ਤੇ ਕੰਟਰੋਲ ਸੀ। ਸੰਨ 1960 ਤਕ ਪਹੁੰਚਦਿਆਂ ਅਮਰੀਕਾ ਦਾ 65 ਅਤੇ ਬਰਤਾਨੀਆ ਦਾ 30 ਫ਼ੀਸਦੀ 'ਤੇ ਕੰਟਰੋਲ ਰਹਿ ਗਿਆ।

ਜੇ ਤੇਲ ਦੇ ਮੁਨਾਫ਼ੇ ਦੀ ਗੱਲ ਕਰੀਏ ਤਾਂ ਅਮਰੀਕੀ ਵਣਜ ਵਿਭਾਗ ਮੁਤਾਬਕ ਸੰਨ 1970 ਵਿੱਚ ਪੱਛਮੀ ਏਸ਼ੀਆ ਵਿੱਚ ਤੇਲ ਉਦਯੋਗ 1.5 ਅਰਬ ਡਾਲਰ ਦਾ ਸੀ ਅਤੇ ਇਸ ਵਿੱਚੋਂ 1.2 ਅਰਬ ਡਾਲਰ ਦਾ ਮੁਨਾਫ਼ਾ ਸੀ ਭਾਵ ਲਾਗਤ ਦਾ 79 ਫ਼ੀਸਦੀ। ਤੇਲ ਕੰਪਨੀਆਂ ਦਾ ਇਹ ਮੁਨਾਫ਼ਾ ਲਗਾਤਾਰ ਵਧਿਆ ਹੈ। ਖਾੜੀ ਦੇ ਦੇਸ਼ਾਂ ਵਿੱਚ ਤੇਲ ਤੋਂ ਸੰਨ 1980 ਵਿੱਚ ਮੁਨਾਫ਼ਾ 350 ਅਰਬ ਡਾਲਰ ਸੀ। ਉਸ ਤੋਂ ਬਾਅਦ ਕੀਮਤਾਂ ਵਿੱਚ ਆਈ ਗਿਰਾਵਟ ਕਾਰਨ ਸੰਨ 1988 ਵਿੱਚ ਇਹ 110 ਅਰਬ ਡਾਲਰ ਸੀ ਜੋ ਸੰਨ 2000 ਵਿੱਚ ਵਧ ਕੇ ਫਿਰ 250 ਅਰਬ ਡਾਲਰ ਹੋ ਗਿਆ। ਇਸ ਉਤਰਾਅ-ਚੜ੍ਹਾਅ ਦੇ ਬਾਵਜੂਦ ਮਾੜੇ ਵਰ੍ਹਿਆਂ ਵਿੱਚ ਵੀ ਉਨ੍ਹਾਂ ਕੋਲ ਬੇਸ਼ੁਮਾਰ ਪੈਟਰੋ ਡਾਲਰ ਹੁੰਦੇ ਸਨ, ਜਿਨ੍ਹਾਂ ਨਾਲ ਅੱਜ ਵੀ ਸਾਮਰਾਜੀ ਵਿੱਤੀ ਸੰਸਥਾਵਾਂ ਦੀਆਂ ਤਿਜੌਰੀਆਂ ਭਰੀਆਂ ਹੀ ਰਹਿੰਦੀਆਂ ਹਨ। ਇਸ ਤੋਂ ਬਾਅਦ ਵੀ ਉਨ੍ਹਾਂ ਕੋਲ ਹਥਿਆਰਾਂ ਦੀ ਖਰੀਦੋ-ਫਰੋਖ਼ਤ ਲਈ ਢੇਰ ਸਾਰਾ ਸਰਮਾਇਆ ਰਹਿੰਦਾ ਹੈ। ਇਸ ਨਾਲ ਅਮਰੀਕਾ, ਬਰਤਾਨੀਆ ਅਤੇ ਫਰਾਂਸ ਦੇ ਹਥਿਆਰ ਉਦਯੋਗਾਂ ਲਈ ਮੁਨਾਫ਼ੇ ਦਾ ਬਾਜ਼ਾਰ ਗਰਮ ਰਹਿੰਦਾ ਹੈ। ਇਸ ਤਰ੍ਹਾਂ ਵਿੱਤੀ ਪੂੰਜੀ+ਤੇਲ+ਹਥਿਆਰ ਉਦਯੋਗ= ਮੁਨਾਫ਼ੇ ਦੇ ਸੂਤਰ ਰਾਹੀਂ ਇਨ੍ਹਾਂ ਦੇ ਆਪਸੀ ਰਿਸ਼ਤੇ ਨੂੰ ਪਛਾਣਿਆ ਜਾ ਸਕਦਾ ਹੈ।


ਸਾਮਰਾਜਵਾਦੀ ਤਾਕਤਾਂ ਨੇ ਤੇਲ ਵਾਲੇ ਦੇਸ਼ਾਂ 'ਤੇ ਕਬਜ਼ਾ ਕਰਨ ਲਈ ਜਿਹੜੀਆਂ ਚਾਲਾਂ ਚੱਲੀਆਂ ਉਨ੍ਹਾਂ ਦੀ ਇਤਿਹਾਸ ਵਿੱਚ ਕਿਤੇ ਮਿਸਾਲ ਨਹੀਂ ਮਿਲਦੀ। ਜਿਹੜਾ ਅੱਖਾਂ ਕੱਢੇ ਉਸ ਨੂੰ ਸਬਕ ਸਿਖਾਉਣ ਲਈ ਉਨ੍ਹਾਂ ਕੋਲ ਹਰ ਤਰ੍ਹਾਂ ਦੇ ਹਥਿਆਰਾਂ ਦੇ ਜ਼ਖੀਰੇ ਹਨ। ਇਸੇ ਕਰਕੇ ਅਮਰੀਕਾ ਨੇ ਸੰਨ 1990 ਵਿੱਚ ਫ਼ੌਜੀ ਬਜਟ 280 ਅਰਬ ਡਾਲਰ ਤੋਂ ਵਧਾ ਕੇ 350 ਅਰਬ ਡਾਲਰ ਕਰ ਦਿੱਤਾ ਸੀ ਤੇ ਹਰ ਸਾਲ ਇਸ ਵਿੱਚ ਲਗਾਤਾਰ ਵਾਧਾ ਕਰ ਰਿਹਾ ਹੈ।

ਅਮਰੀਕਾ ਦੇ ਵੱਡ ਅਕਾਰੀ ਫ਼ੌਜੀ ਬਜਟ ਦਾ ਵੱਡਾ ਹਿੱਸਾ ਉਥਲ-ਪੁਥਲ ਦੀ ਸੰਭਾਵਨਾ ਵਾਲੇ ਦੇਸ਼ਾਂ ਵਿਚਲੇ ਤੇਲ ਨੂੰ ਸੁਰੱਖਿਅਤ ਰੱਖਣ ਲਈ ਹੈ। ਇਸੇ ਲਈ ਉਹਨੇ 28 ਦੇਸ਼ਾਂ ਦੀ 7 ਲੱਖ ਫ਼ੌਜ ਇਰਾਕ 'ਤੇ ਹਮਲਾ ਕਰਨ ਲਈ ਇਕੱਠੀ ਕੀਤੀ। ਜਾਰਜ ਬੁਸ਼ ਸੀਨੀਅਰ ਨੇ ਕਿਹਾ ਸੀ ਕਿ ਜੇ ਦੁਨੀਆਂ ਦੇ ਵਿਸ਼ਾਲ ਤੇਲ ਭੰਡਾਰਾਂ ਦਾ ਕੰਟੋਰਲ ਸੱਦਾਮ ਹੁਸੈਨ ਦੇ ਹੱਥਾਂ ਵਿੱਚ ਆ ਗਿਆ ਤਾਂ ਸਾਡੀਆਂ ਨੌਕਰੀਆਂ, ਸਾਡੀ ਜੀਵਨ ਸ਼ੈਲੀ, ਸਾਡੀ ਆਜ਼ਾਦੀ ਅਤੇ ਮਿੱਤਰ ਦੇਸ਼ਾਂ ਦੀ ਆਜ਼ਾਦੀ ਸਭ ਖ਼ਤਰੇ ਵਿੱਚ ਪੈ ਜਾਣਗੇ। ਇਸੇ ਕਰਕੇ ਸੱਦਾਮ ਹੁਸੈਨ ਦਾ ਫਸਤਾ ਵੱਢ ਦਿੱਤਾ ਗਿਆ।

ਸਾਮਰਾਜਵਾਦੀ ਤਾਕਤਾਂ ਦੇ ਸਿੱਧੇ ਦਖਲ ਕਰਕੇ ਹੀ ਪੱਛਮੀ ਏਸ਼ੀਆ ਲਗਾਤਾਰ ਜੰਗਾਂ-ਯੁੱਧਾਂ ਦਾ ਅਖਾੜਾ ਬਣਿਆ ਹੋਇਆ ਹੈ। ਜਦ ਤਕ ਲਹੂ ਪੀਣੀਆਂ ਤਾਕਤਾਂ ਇਨ੍ਹਾਂ ਖਿੱਤਿਆਂ 'ਚੋਂ ਤੇਲ ਚੂਸਦੀਆਂ ਰਹਿਣਗੀਆਂ, ਇਨ੍ਹਾਂ ਖਿੱਤਿਆਂ ਵਿੱਚ ਉਦੋਂ ਤਕ ਅਮਨ ਸ਼ਾਂਤੀ ਸੰਭਵ ਨਹੀਂ। ਲੋਕਾਂ ਦਾ ਘਾਣ ਹੁੰਦਾ ਰਹੇਗਾ ਅਤੇ ਪੂਰੀ ਦੁਨੀਆਂ ਵਿੱਚ ਅਸ਼ਾਂਤੀ ਦੇ ਬੱਦਲ ਮੰਡਰਾਉਂਦੇ ਰਹਿਣਗੇ। ਦੁਨੀਆਂ ਵਿਚਲੀ ਭੁੱਖ, ਨੰਗ, ਗ਼ਰੀਬੀ, ਬੀਮਾਰੀ ਇਸ ਗੱਲ 'ਤੇ ਟਿਕੀ ਹੋਈ ਹੈ ਕਿ ਕਦੋਂ ਕੁਦਰਤੀ ਸ੍ਰੋਤਾਂ ਦੀ ਕਾਣੀ ਵੰਡ ਦੂਰ ਹੋਵੇਗੀ ਅਤੇ ਮੁਨਾਫ਼ੇ ਦੇ ਲਾਲਚ ਵਾਲੀ ਸੋਚ ਦਾ ਅੰਤ ਹੋਵੇਗਾ। ਅਖੀਰ ਵਿੱਚ ਤ੍ਰਾਸਦੀ ਦੇ ਰੰਗ ਇਫ਼ਤੀ ਨਸੀਮ ਦੀਆਂ ਹੇਠ ਲਿਖੀਆਂ ਕਾਵਿ ਪੰਕਤੀਆਂ 'ਚ ਦੇਖੇ ਜਾ ਸਕਦੇ ਹਨ:

**ਬ਼ਗਦਾਦ ਕਿਸੇ ਫ਼ਿਲਮ ਦਾ ਸੈੱਟ ਨਹੀਂ**
**ਓਥੇ ਸੱਚਮੁੱਚ ਦੇ ਬੰਬ ਸੁੱਟੇ ਜਾਂਦੇ ਨੇ**
**ਕੀ ਤੁਸੀਂ ਕਦੇ ਗਏ ਹੋ**
**ਉਨ੍ਹਾਂ ਬੰਬਾਂ ਦੀਆਂ ਕਿਰਚਾਂ ਦੇਖਣ**
**ਜਿਨ੍ਹਾਂ ਨੇ ਕਿਸੇ ਨਾਗਰਿਕ ਦੀ ਜਾਨ ਲੈ ਲਈ**
**ਜਾਂ ਨਿਗਲ ਲਿਆ ਕਿਸੇ ਬੱਚੇ ਨੂੰ....**
**ਬਗਦਾਦ ਕੋਈ ਪ੍ਰਯੋਗਸ਼ਾਲਾ ਨਹੀਂ**
**ਬਗਦਾਦ ਇੱਕ ਇਤਿਹਾਸ ਹੈ**
**ਆਰਥਿਕ ਪਾਬੰਦੀ ਸਭ ਤੋਂ**
**ਵੱਡਾ ਨਸਲਵਾਦੀ ਵਿਚਾਰ ਹੈ**
**ਜਿਸ ਨੂੰ ਮੈਂ ਆਧੁਨਿਕ**
**ਇਤਿਹਾਸ ਵਿੱਚ ਦੇਖਿਆ**
**ਇਰਾਕੀ ਬੱਚੇ ਤੁਹਾਡੇ ਜ਼ਹਿਰ ਵਿੱਚ ਘੁਲਿਆ**
**ਦੁੱਧ ਪੀ ਰਹੇ ਨੇ ਤੇ ਖਾਣਾ ਖਾ ਰਹੇ ਨੇ**
**ਤੁਸਾਂ ਨ਼ਫ਼ਰਤ ਦੀ ਫ਼ਸਲ ਹੈ ਬੀਜ ਦਿੱਤੀ**
**ਤੇ ਮੈਨੂੰ ਡਰ ਹੈ ਕਿ-**
**ਉਹਦੀ ਵਾਢੀ ਦੇ ਦਿਨ ਆ ਗਏ ਨੇ...**

# ਸੰਘਰਸ਼ ਅਤੇ ਸੰਘਰਸ਼ਸ਼ੀਲ ਪ੍ਰਕਿਰਿਆ ਦੇ ਅੰਗ-ਸੰਗ



ਫੀਡਲ ਕਾਸਟਰੋ

**‘20ਵੀਂ ਸਦੀ ਦੇ ਇਤਿਹਾਸ ਵਿਚ ਬਹੁਤ ਹੀ ਮੁਢਲੇ ਸਮਿਆਂ ’ਚ ਧਰਤੀ ਨੂੰ ਸਵਰਗ ਬਣਾ ਦੇਣ ਵਾਲੀਆਂ ਘਟਨਾਵਾਂ ਵਾਪਰੀਆਂ ਪਰ ਜਿਸ ਕਦਰ 1960 ਤੋਂ ਲੈ ਕੇ ਅੱਜ ਤੱਕ ਕਿਊਬਾ ਦੀ ਧਰਤੀ ’ਤੇ ਇਕ ਨਵੇਂ ਸਮਾਜ ਦੀ ਸਿਰਜਨਾ ਦੇ ਸੁਪਨੇ ਨੂੰ ਹਕੀਕਤ ਵਿਚ ਸਥਾਪਤ ਕਰਨ ਵਾਲੇ ਚੁੰਬਕੀ ਸ਼ਕਤੀ ਵਾਲੇ ਇਨਸਾਨ ਫੀਡਲ ਕਾਸਟਰੋ ਆਧੁਨਿਕ ਸਮਿਆਂ ਵਿਚ ਵੀ ਦੁਨੀਆ ਨੂੰ ਰਾਹ ਦਰਸਾਵਾ ਦਰਸਾਉਣ ਦੀ ਸ਼ਕਤੀ ਰੱਖਦੇ ਹਨ। ਉਸ ਸ਼ਕਤੀ ਦੀਆਂ ਉਨ੍ਹਾਂ ਦੀਆਂ ਸੋਚਣ ਅਤੇ ਕਰਨ ਦੇ ਪੱਧਰ ’ਤੇ ਕੀਤੀਆਂ ਕੁਝ ਯਾਦਗਾਰੀ ਪਲਾਂ ਦੀਆਂ ਵਿਚਾਰਧਾਰਕ ਤੰਦਾਂ ਨੂੰ ਪੜ੍ਹਦਿਆਂ ਇੰਝ ਜਾਪੇਗਾ ਕਿ ਅਸੀਂ ਆਪਣੀ ਜ਼ਿੰਦਗੀ ਜੇ ਇੰਝ ਢਾਲ ਲਈਏ ਤਾਂ ਧਰਤੀ ਦੇ ਹਰੇਕ ਕੋਨੇ ’ਤੇ ਸਵਰਗ ਨੂੰ ਉਤਾਰਿਆ ਜਾ ਸਕਦਾ ਹੈ। ਮਾਨਵੀ ਤਬਦੀਲੀਆਂ ਵਿਚ ਵਿਸ਼ਵਾਸ ਰੱਖਣ ਵਾਲੇ ਇਨਸਾਨਾਂ ਨੂੰ ਹਜ਼ਾਰਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਪਰ ਜਿਵੇਂ ਕਿਹਾ ਜਾਂਦਾ ਹੈ ਕਿ ਰੌਸ਼ਨੀ ਜੇ ਦਿਖਾਈ ਦਿੰਦੀ ਹੋਵੇ ਤਾਂ ਪਰਬਤ ਪਾਰ ਕਰਨੇ ਵੀ ਆਸਾਨ ਹੋ ਜਾਂਦੇ ਨੇ। ਬਸ ਚਾਹੀਦੇ ਨੇ ਅਜਿਹੇ ਜਾਂਬਾਜ਼ ਜਿਹੜੇ ਸਮੇਂ ਦੀਆਂ ਨਿਵਾਲ ਕਰ ਦੇਣ ਵਾਲੀਆਂ ਪਗਡੰਡੀਆਂ ਨੂੰ ਪਾਰ ਕਰਦੇ ਜਾਣ ਅਤੇ ਧਰਤੀ ’ਤੇ ਇਕ ਰੌਸ਼ਨਮਈ ਕਿਰਨ ਦਾ ਸਮਾਜ ਉਸਾਰ ਸਕਣ। ਇਹ ਸ਼ਕਤੀ ਜੇ ਫੀਡਲ ਕਾਸਟਰੋ ਤੇ ਚੀ ਗਵੇਰਾ ਵਿਚ ਆ ਸਕਦੀ ਹੈ ਤਾਂ ਇਹ ਸ਼ਕਤੀ ਅਸੀਂ ਜਿਹੜੇ ਬੰਦਾ ਬਹਾਦਰ ਤੋਂ ਤੋਂ ਲੈ ਕੇ ਸ਼ਹੀਦ ਭਗਤ ਸਿੰਘ ਦੀ ਵਿਰਾਸਤ ਨਾਲ ਲੈਸ ਹਾਂ ਸਾਡੇ ਵਿਚ ਇਹ ਸ਼ਕਤੀ ਦਾ ਮਾਦਾ ਵੀ ਨਵੀਂ ਕਰਵਟ ਲੈ ਸਕਦਾ ਹੈ ਅਤੇ ਨਵੀਂ ਦਿਸ਼ਾ ਪ੍ਰਦਾਨ ਕਰ ਸਕਦਾ ਹੈ।’**

ਅਸੀਂ ਖੁਸ਼ਕਿਸਮਤ ਹਾਂ ਕਿ ਕ੍ਰਾਂਤੀ ਨੂੰ ਤਿੰਨ ਪੀੜ੍ਹੀਆਂ ਤੱਕ ਲੈ ਆਏ ਹਾਂ। ਅਸੀਂ ਇਥੇ ਸਿੱਖਿਆ ਨੂੰ ਪ੍ਰਫੁੱਲਤ ਕਰਦੇ ਪ੍ਰੋਗਰਾਮ ਆਰੰਭੇ, ਡਾਕੂਆਂ ਵਿਰੁੱਧ ਮੋਰਚਾ ਛੇੜਿਆ, ਨਾਕੇਬੰਦੀ ਵਿਰੁੱਧ ਸੰਘਰਸ਼ ਕੀਤਾ, ਅੱਤਵਾਦ ਵਿਰੁੱਧ ਲੜੇ ਅਤੇ ਹੋਰ ਅਨੇਕਾਂ ਅੰਤਰ-ਰਾਸ਼ਟਰੀ ਪ੍ਰੋਗਰਾਮ.....ਲੱਖਾਂ ਲੋਕ ਇਨ੍ਹਾਂ ਪ੍ਰੋਗਰਾਮਾਂ ਨਾਲ ਜੁੜੇ ਹੋਏ ਹਨ। ਅਸੀਂ ਵਿਗਿਆਨ ਵਿਚ, ਤਕਨੀਕ ਵਿਚ, ਮਜ਼ਦੂਰਾਂ ਦੀ ਅਗਵਾਈ ਵਿਚ, ਬੌਧਿਕਤਾ ਵਿਚ, ਅਧਿਐਨ ਵਿਚ, ਲਗਭਗ ਹਰ ਖੇਤਰ ਵਿਚ ਮਹੱਤਵਪੂਰਨ ਉਪਲਬਧੀਆਂ ਕੀਤੀਆਂ ਹਨ। ਇਨ੍ਹਾਂ ਉਪਲਬਧੀਆਂ ਵਿਚ ਅੱਜ ਦੀ ਨੌਜਵਾਨ ਪੀੜ੍ਹੀ ਵੀ ਸ਼ਾਮਲ ਹੈ।.....ਸਾਡੇ ਸਾਹਮਣੇ ਇਹ ਨਵੀਂ ਪੀੜ੍ਹੀ ਹੈ, ਕਿਉਂਕਿ ਅਸੀਂ ਤਾਂ ਹੁਣ ਬੀਤ ਚੁੱਕੇ ਹਾਂ। ਰਾਊਲ ਮੈਥੋਂ ਕੇਵਲ ਚਾਰ ਸਾਲ ਛੋਟੇ ਹਨ ਪਰ ਉਹ ਮੇਰੇ ਨਾਲੋਂ ਵੱਧ ਜਵਾਨ ਹਨ।

..... ਅਸੀਂ ਸੈਂਕੜਿਆਂ ਦੀ ਤਾਦਾਦ ਵਿਚ ਨਵੀਆਂ ਪ੍ਰਤਿਭਾਵਾਂ ਨੂੰ ਲੱਭਿਆ ਹੈ। ਇਹ ਬੱਚੇ ਪ੍ਰਭਾਵਸ਼ਾਲੀ ਹਨ ਤੇ ਆਪਣੇ ਵਿਚਾਰਾਂ ਨੂੰ ਸਪਸ਼ਟ ਰੂਪ ਵਿਚ ਸਾਹਮਣੇ ਰੱਖਦੇ ਹਨ। ਕੌਣ ਜਾਣਦਾ ਸੀ ਕਿ ਸਾਡੇ ਏਨੇ ਪ੍ਰਤਿਭਾਸ਼ਾਲੀ ਬੱਚੇ ਹੋਣਗੇ। ਮੈਂ ਮੰਨਦਾ ਹਾਂ ਕਿ ਪ੍ਰਤਿਭਾ ਹਰ ਜਗ੍ਹਾ ਹੁੰਦੀ ਹੈ। ਕਿਸੇ ਕੋਲ ਕੋਈ ਪ੍ਰਤਿਭਾ ਹੈ ਤੇ ਦੂਸਰੇ ਕੋਲ ਕੋਲ। ਸਮਾਜਵਾਦੀ ਸਮੂਹ ਦੇ ਦੇਸ਼ਾਂ ਦੇ ਪਤਨ ਤੋਂ ਬਾਅਦ ਸਾਡੇ ਅੱਠ ਕਰੋੜ ਲੋਕਾਂ ਨੇ ਐਲਾਨ ਕੀਤਾ ਸੀ ਕਿ ਅਸੀਂ ਸਮਾਜਵਾਦੀ ਹਾਂ। ਅੱਜ ਸਾਡੇ ਡਾਕਟਰ ਹਜ਼ਾਰਾਂ ਦੀ ਗਿਣਤੀ ਵਿਚ ਉਨ੍ਹਾਂ ਥਾਵਾਂ ’ਤੇ ਜਾ ਕੇ ਲੋਕਾਂ ਦੀ ਸੇਵਾ ਵਿਚ ਜੁਟੇ ਹੋਏ ਹਨ ਜਿਥੇ ਅਮਰੀਕਾ ਜਾਂ ਯੂਰਪੀ ਦੇਸ਼ ਮਿਲਕੇ ਵੀ ਆਪਣੇ ਡਾਕਟਰ ਨਹੀਂ ਭੇਜ ਸਕਦੇ। ਇਸ ਸਮੇਂ ਕੇਵਲ ਅਫਰੀਕਾ ਵਿਚ ਹੀ ਸਾਡੇ 3000 ਤੋਂ ਵੱਧ ਡਾਕਟਰ ਕਾਰਜਸ਼ੀਲ ਹਨ। ਅਸੀਂ ਨਾਕਾਬੰਦੀ ਦੇ ਬਾਵਜੂਦ ਲੋਕਾਂ ਨੂੰ ਸੰਤੁਸ਼ਟਤਾ ਪ੍ਰਦਾਨ ਕੀਤੀ ਹੈ।

...ਪਰ ਮੈਂ ਇਹ ਵੀ ਮੰਨਦਾ ਹਾਂ ਕਿ ਅਸੀਂ ਆਦਰਸ਼ਵਾਦ ਦੇ ਅੰਤਰਗਤ ਕੁਝ ਗਲਤੀਆਂ ਕੀਤੀਆਂ ਹਨ। ਅਸੀਂ ਬਹੁਤ ਤੇਜ਼ੀ ਨਾਲ ਅਗਾਂਹ ਵਧਣ ਦਾ ਯਤਨ ਕੀਤਾ ਹੈ। ਹੋ ਸਕਦਾ ਹੈ ਕਿ ਅਸੀਂ ਮਨੁੱਖ ਜਾਤੀ ਦੀਆਂ ਆਦਤਾਂ ਤੇ ਹੋਰ ਤੱਥਾਂ ਬਾਰੇ ਧਿਆਨ ਹੀ ਨਾ ਦਿੱਤਾ ਹੋਵੇ। ਪਰ ਕਿਸੇ ਵੀ ਦੇਸ਼ ਨੇ ਏਨੇ ਸ਼ਕਤੀਸ਼ਾਲੀ ਪ੍ਰਚਾਰ, ਯੁੱਧ, ਨਾਕੇਬੰਦੀ ਵਰਗੀਆਂ ਪ੍ਰਸਥਿਤੀਆਂ ਦਾ ਸਾਹਮਣਾ ਨਹੀਂ ਕੀਤਾ ਹੋਣਾ। ਸੋਵੀਅਤ ਸੰਘ ਅਲੋਪ ਹੋ ਗਿਆ ਸੀ ਅਤੇ ਅਸੀਂ ਵਿਚਾਰਧਾਰਕ ਤੌਰ ’ਤੇ ਬਿਲਕੁਲ ਇਕੱਲੇ ਰਹਿ ਗਏ ਸਾਂ। ਪਰ ਨਾ ਤਾਂ ਅਸੀਂ ਕਦੇ ਘਬਰਾਏ ਤੇ ਨਾ ਹੀ ਕਦੇ ਹਿੰਮਤ ਛੱਡੀ। ਅਸੀਂ ਇਸ ਗੱਲ ਦੇ ਗਵਾਹ ਹਾਂ ਕਿ ਕਿਸ ਤਰ੍ਹਾਂ ਅਸੀਂ ਬੇਰੁਜ਼ਗਾਰੀ ਹੇਠਾਂ ਲੈ ਕੇ ਆਏ ਅਤੇ ਸਭ ਤੋਂ ਵੱਡੀ ਗੱਲ ਕਿ ਇਥੇ ਚੇਤਨਾ ਫੈਲਾਉਣ ਦਾ ਕੰਮ ਕੀਤਾ। ਤੁਸੀਂ ਵੋਟਾਂ ਦੀ ਗਿਣਤੀ ਨਾਲ ਸਾਡੇ ਦੇਸ਼ ਦੀਆਂ ਚੋਣਾਂ ਨੂੰ ਨਹੀਂ ਸਮਝ ਸਕਦੇ। ਮੈਂ ਇਸ ਨੂੰ ਭਾਵਨਾਵਾਂ ਦੀ ਗਹਿਰਾਈ ਅਤੇ ਉਸ ਵਿਚ ਮੌਜੂਦਾ ਊਰਜਾ ਦੇ ਆਧਾਰ ’ਤੇ ਸਮਝਦਾ ਹਾਂ। ਇਸ ਨੂੰ ਮੈਂ ਲਗਾਤਾਰ ਕਈ ਸਾਲਾਂ ਤੋਂ ਵੇਖ ਰਿਹਾ ਹਾਂ। ਮੈਂ ਉਮੀਦ ਨਾਲ ਭਰਪੂਰ ਚੇਹਰਿਆਂ ਨੂੰ ਵੇਖਿਆ ਹੈ। ਮੈਂ ਪਹਿਲਾਂ ਕਦੇ ਇਸ ਤਰ੍ਹਾਂ ਦੇ ਉਮੀਦਾਂ ’ਤੇ ਮਾਣ ਨਾਲ ਭਰੇ ਚੇਹਰਿਆਂ ਨੂੰ ਵਖਿਆ ਹੈ। ਮੈਂ ਪਹਿਲਾਂ ਕਦੇ ਇਸ ਤਰ੍ਹਾਂ ਦੇ ਉਮੀਦਾਂ ਤੇ ਮਾਣ ਨਾਲ ਭਰੇ ਚੇਹਰਿਆਂ ਨੂੰ ਨਹੀਂ ਸੀ ਵੇਖਿਆ।

ਪਹਿਲੇ ਸਮਾਜਵਾਦੀ ਰਾਜ ਸੋਵੀਅਤ ਸੰਘ, ਜਿਸ ਨੂੰ ਆਪਣੇ ਆਪ ਨੂੰ ਪੁਨਰਗਠਿਤ ਕਰਨਾ ਚਾਹੀਦਾ ਸੀ ਤੇ ਟੁੱਟਣ ਤੋਂ ਬਚਾਉਣਾ ਚਾਹੀਦਾ ਸੀ, ਦੇ ਅਨੁਭਵ ਸਾਡੇ ਲਈ ਬਹੁਤ ਕੌੜੇ ਹਨ। ਇਹ ਨਾ ਸੋਚਣਾ ਕਿ ਅਸੀਂ ਇਸ ਬਾਰੇ ਗੰਭੀਰਤਾ ਨਾਲ ਵਿਚਾਰ ਨਹੀਂ ਕੀਤਾ। ਸੋਵੀਅਤ ਸੰਘ ਦੁਨੀਆ ਦਾ ਵਿਸ਼ਵਾਸਯੋਗ ਸ਼ਕਤੀ ਕੇਂਦਰ ਸੀ ਜੋ ਦੂਜੀਆਂ ਮਹਾਂਸ਼ਕਤੀਆਂ ਨਾਲ ਸ਼ਕਤੀ ਸੰਤੁਲਨ ਕਰਨ ਵਿਚ ਮਹਾਨ ਭੂਮਿਕਾ ਨਿਭਾਉਂਦਾ ਸੀ। ਇਸ ਨੇ ਫਾਸ਼ੀਵਾਦ ਨੂੰ ਹਰਾਇਆ। ਦੁਨੀਆ ਨੂੰ ਅਣਮਨੁੱਖੀ ਦਹਿਸ਼ਤ ਤੋਂ ਮੁਕਤ ਕਰਵਾਇਆ।

ਕੁਝ ਲੋਕ ਅਜਿਹੇ ਸਨ ਜੋ ਸੋਚਦੇ ਸਨ ਕਿ ਸਮਾਜਵਾਦ ਦੇ ਨਿਰਮਾਣ ਲਈ ਪੂੰਜੀਵਾਦੀ ਤੌਰ ਤਰੀਕਿਆਂ ਨੂੰ ਅਪਣਾਉਣਾ ਹੋਵੇਗਾ। ਇਹ ਇਤਿਹਾਸ ਦੀ ਸਭ ਤੋਂ ਗੰਭੀਰ ਭੁੱਲ ਸੀ। ਮੇਰੇ ਕੋਲ ਅਜਿਹੇ ਅਣਗਿਣਤ ਉਦਾਹਰਣ ਹਨ, ਜਦੋਂ ਕੁਝ ਲੋਕਾਂ ਨੇ ਸੋਚਿਆ ਕਿ ਮਾਰਕਸ, ਏਂਜਲਜ਼ ਅਤੇ ਲੈਨਿਨ ਦੇ ਦਾਰਸ਼ਨਿਕ ਸਿਧਾਂਤਾਂ ਦੀ ਵਿਆਖਿਆ ਕਰਨ ਦੇ ਯਤਨ ਵਿਚ ਮਹਾਨ ਭੁੱਲਾਂ ਹੋਈਆਂ ਹਨ।

ਮੈਂ ਇਕ ਗਲਤੀ ਵੱਖ ਸੰਕੇਤ ਕਰਦਾ ਹਾਂ, ਜੋ ਸ਼ੁਰੂ ਤੋਂ ਹੁੰਦੀ ਆਈ ਹੈ। ਇਸ ਗਲਤੀ ਨੂੰ ਬਾਰ-ਬਾਰ ਦੁਹਰਾਇਆ ਗਿਆ। ਇਸ ਵਿਚ ਇਹ ਵਿਸ਼ਵਾਸ ਕੀਤਾ ਗਿਆ ਕਿ ਕੁਝ ਲੋਕ ਹਨ ਜੋ ਜਾਣਦੇ ਹਨ ਕਿ ਸਮਾਜਵਾਦ ਦਾ ਨਿਰਮਾਣ ਕਿਵੇਂ ਹੋਣਾ ਚਾਹੀਦਾ ਹੈ। ਮੇਰੀ ਰਾਇ ਵਿਚ ਅੱਜ ਸਾਨੂੰ ਸਪਸ਼ਟ ਵਿਚਾਰਾਂ ਦੇ ਨਾਲ-ਨਾਲ ਇਨ੍ਹਾਂ ਸਵਾਲਾਂ ਦੇ ਜਵਾਬ ਦੀ ਵੀ ਲੋੜ ਹੈ। ਉਦਾਹਰਣ ਦੇ ਤੌਰ ’ਤੇ ਭਵਿੱਖ ਵਿਚ ਸਮਾਜਵਾਦ ਦਾ ਕੀ ਸਰੂਪ ਹੋਣਾ ਚਾਹੀਦਾ ਹੈ ਅਤੇ ਸਮਾਜਵਾਦ ਦੀ ਰੱਖਿਆ ਲਈ ਕੀ ਕਰਨਾ ਚਾਹੀਦਾ ਹੈ?

....ਚੀਨ ਇਕ ਮਹਾਨ ਸਿਆਸੀ ਸ਼ਕਤੀ ਹੈ, ਜੋ ਆਪਣੀ ਮੌਜੂਦਗੀ ਦਰਜ ਕਰਵਾ ਰਹੀ ਹੈ।.....ਹਰੇਕ ਦੇਸ਼ ਨੂੰ ਲਗਾਤਾਰ ਬੇਹਤਰ ਤਰੀਕੇ ਨਾਲ ਆਪਣੇ ਆਪ ਨੂੰ ਤਿਆਰ ਕਰਨ ਦੀ ਲੋੜ ਹੁੰਦੀ ਹੈ। ਹੁਣ ਜੋ ਉਦੇ ਹੋਈ ਨਵੀਂ ਦੁਨੀਆ ਹੈ ਅਸੀਂ ਇਸ ਨੂੰ ਸਵੀਕਾਰ ਚੁੱਕੇ ਹਾਂ। ਅਸੀਂ ਸਿੱਖ ਵੀ ਰਹੇ ਹਾਂ ਕਿ ਹੁਣ ਅਸੀਂ ਕੀ ਕਰਨਾ ਹੈ? ਅਸੀਂ ਭਾਈਚਾਰੇ ਦੀ ਭਾਵਨਾ, ਕ੍ਰਾਂਤੀ ਦੀ ਚੇਤਨਾ ਤੇ ਸਭਿਆਚਾਰਕ ਮੁੱਲਾਂ ਨੂੰ ਵਿਕਸਿਤ ਕੀਤਾ ਹੈ।

ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ ਸੋਵੀਅਤ ਸੰਘ ਦੇ ਪਤਨ ਕਾਰਨ ਇਸ ਦੁਨੀਆ ਦੀਆਂ ਪਤਾ ਨਹੀਂ ਕਿੰਨੀਆਂ ਬੇਹਤਰੀਨ ਚੀਜ਼ਾਂ ਤੇ ਸ਼ਾਸਨ ਬਰਬਾਦ ਹੋ ਗਏ। ਇਸ ਦੇ ਬਾਵਜੂਦ ਸਾਡਾ ਦੇਸ਼ ਆਪਣੇ ਸਰੋਤ ਸਾਂਝੇ ਕਰ ਸਕਦਾ ਹੈ, ਦੂਸਰੇ ਮੁਲਕਾਂ ਦੀ ਮਦਦ ਕਰ ਸਕਦਾ ਹੈ, ਤੀਸਰੀ ਦੁਨੀਆ ਦੇ ਸਿੱਖਿਅਕ ਵਿਅਕਤੀਆਂ ਨੂੰ ਹੋਰ ਸਿੱਖਿਅਤ ਕਰ ਸਕਦਾ ਹੈ। ਉਹ ਵੀ ਮੁਫ਼ਤ ਵਿਚ। ਇਹ ਹਰ ਮੋਰਚੇ, ਹਰ ਖੇਤਰ ਵਿਚ ਅਸਲੀ ਤੇ ਪ੍ਰਗਤੀਸ਼ੀਲ ਪ੍ਰਸਥਿਤੀਆਂ ਨੂੰ ਪੈਦਾ ਕਰ ਸਕਦਾ ਹੈ।

ਅਸੀਂ ਆਪਣੇ ਮਨੁੱਖੀ ਸਰੋਤਾਂ ’ਤੇ ਜਿਉਂਦੇ ਹਾਂ। ਆਪਣੀ ਮਨੁੱਖੀ ਸਰੋਤਾਂ ਸਦਕਾ ਹੀ ਅਸੀਂ ਦੂਜਿਆਂ ਦੀ ਮਦਦ ਕਰ ਸਕਦੇ ਹਾਂ। ਅਸੀਂ ਜੋ ਕੀਤਾ ਆਪਣੇ ਤਜਰਬੇ ਤੋਂ ਸਿੱਖ ਕੇ ਕੀਤਾ ਅਤੇ ਅੱਜ ਅਸੀਂ ਆਪਣੀ ਸਹਾਇਤਾ ਆਪ ਕਰ ਸਕਦੇ ਹਾਂ।

ਮੈਂ ਬਿਲਕੁਲ ਚਿੰਤਤ ਨਹੀਂ ਹਾਂ ਕਿਉਂਕਿ ਜੋ ਕੁਝ ਅਸੀਂ ਕਰਦੇ ਹਾਂ ਉਸ ਬਾਰੇ ਬਾਰ-ਬਾਰ ਚਿੰਤਨ-ਮਨਨ ਕਰਦੇ ਹਾਂ ਅਤੇ ਆਪਣੀਆਂ ਗਲਤੀਆਂ ਤੋਂ ਵੀ ਸਿੱਖਦੇ ਹਾਂ।

ਕੀ ਕ੍ਰਾਂਤੀ ਕਿਸੇ ਪਤਨ ਨਾਲ ਸਬੰਧਤ ਹੁੰਦੀ ਹੈ ਜਾਂ ਕਿਸੇ ਵੀ ਕ੍ਰਾਂਤੀ ਦਾ ਕਾਰਨ ਵਿਅਕਤੀ ਨਹੀਂ ਹੁੰਦੇ? ਕੀ ਵਿਅਕਤੀ ਕ੍ਰਾਂਤੀ ਦੇ ਪਤਨ ਨੂੰ ਰੋਕ ਸਕਦੇ ਹਨ ਜਾਂ ਉਹ ਅਜਿਹਾ ਨਹੀਂ ਕਰ ਸਕਦੇ? ਕੀ ਸਮਾਜ ਕ੍ਰਾਂਤੀਆਂ ਦੇ ਪਤਨ ਨੂੰ ਰੋਕ ਸਕਦਾ ਹੈ ਜਾਂ ਨਹੀਂ ? ਕਈਵ ਾਰ ਮੈਂ ਇਹ ਸਾਰੇ ਸਵਾਲ ਆਪਣੇ ਆਪ ਨੂੰ ਕਰਦਾ ਹਾਂ। ਅਮਰੀਕਾ ਸਾਡੀ ਇਸ ਕ੍ਰਾਂਤੀ ਪ੍ਰਕਿਰਿਆ ਨੂੰ ਬਰਬਾਦ ਨਹੀਂ ਕਰ ਸਕਦਾ ਕਿਉਂਕਿ ਸਾਡੇ ਨਾਲ ਪੂਰਾ ਦੇਸ਼ ਹੈ, ਜਿਸ ਨੇ ਹਥਿਆਰ ਚੁੱਕਣੇ ਸਿੱਖੇ ਹਨ। ਇਹ ਇਕ ਅਜਿਹਾ ਦੇਸ਼ ਹੈ ਜਿਸ ਨੇ ਸਭਿਆਚਾਰ, ਗਿਆਨ ਤੇ ਚੇਤਨਾ ਦੇ ਸਭ ਤੋਂ ਉਚੇਰੇ ਪੱਧਰਾਂ ਨੂੰ ਪ੍ਰਾਪਤ ਕੀਤਾ ਹੈ। ਹੁਣ ਇਹ ਕਿਸੇ ਦੂਸਰੇ ਦੇਸ਼ ਦੀ ਬਸਤੀ ਕਦੇ ਨਹੀਂ ਬਣੇਗਾ।.....ਪਰ ਜੇਕਰ ਅਸੀਂ ਆਪਣੀਆਂ ਗਲਤੀਆਂ ਨੂੰ ਨਹੀਂ ਸੁਧਾਰਾਂਗੇ ਤਾਂ ਅਸੀਂ ਆਪਣੇ ਆਪ ਨੂੰ ਬਰਬਾਦ ਕਰ ਲਵਾਂਗੇ। ਇਸ ਵੇਲੇ ਭ੍ਰਿਸ਼ਟਾਚਾਰ ਨੂੰ ਰੋਕਣ ਦੀ ਬਹੁਤ ਲੋੜ ਹੈ। ਪਰ ਮੈਨੂੰ ਯਕੀਨ ਹੈ ਕਿ ਇਨ੍ਹਾਂ ਸਮੱਸਿਆਵਾਂ ਨੂੰ ਸੁਲਝਾ ਕੇ ਅਸੀਂ ਆਪਣਾ ਮਕਸਦ ਜ਼ਰੂਰ ਪ੍ਰਾਪਤ ਕਰ ਲਵਾਂਗੇ। ਮਾਤਰੀ ਨੇ ਕਿਹਾ ਸੀ, ‘ਸਭਿਆਚਾਰ ਤੌਰ ’ਤੇ ਸੰਪਨ ਹੋਣਾ ਹੀ ਸੁਤੰਤਰਤਾ ਦਾ ਇਕੋ ਇਕ ਰਾਹ ਹੈ।’ ਬਿਨਾਂ ਸਭਿਆਚਾਰ ਤੋਂ ਸੁਤੰਤਰਤਾ ਸੰਭਵ ਹੀ ਨਹੀਂ ਹੈ।

ਇਹੋ ਕਾਰਨ ਹੈ ਕਿ ਨਵ-ਉਦਾਰਵਾਦੀ ਵਿਸ਼ਵੀਕਰਨ ਦਾ ਮੈਂ ਅਕਸਰ ਖੰਡਨ ਕਰਦਾ ਹਾਂ। ਇਹ ਇਕ ਅਜਿਹੀ ਵਿਵਸਥਾ ਪੈਦਾ ਕਰ ਰਿਹਾ ਹੈ ਜੋ ਲੋਕਾਂ ਨੂੰ ਭੁੱਖਮਰੀ ਵੱਲ ਲਿਜਾ ਰਹੀ ਹੈ। ਇਹ ਪ੍ਰਕਿਰਿਆ ਸਾਨੂੰ ਹਮੇਸ਼ਾ ਭਰਮ ਵਿਚ ਰੱਖਦੀ ਹੈ। ਝੂਠੇ ਸੁਪਨੇ ਵਿਖਾਉਂਦੀ ਹੈ। ਉਪਭੋਗਤਾਵਾਦ ਨੂੰ ਜਨਮ ਦਿੰਦੀ ਹੈ। ਕਾਹਦੇ ਲਈ? ਇਸ ਕਰਕੇ ਲੋਕ ਉਸ ਹਨੇਰੇ ਵਿਚ ਪਹੁੰਚ ਚੁੱਕੇ ਹਨ ਜਿਥੇ ਉਨ੍ਹਾਂ ਨੂੰ ਕੋਈ ਚੰਗਾ ਭਵਿੱਖ ਦਿਖਾਈ ਨਹੀਂ ਦੇ ਰਿਹਾ। ਇਹ ਸਥਿਤੀ ਕਦੋਂ ਤੱਕ ਬਣੀ ਰਹੇਗੀ?

ਅਸੀਂ ਆਪਣੀਆਂ ਸਿਆਸੀ ਉਪਲਬਧੀਆਂ ਦੀਆਂ ਯਾਦਗਾਰਾਂ ਨਹੀਂ ਬਣਾਉਂਦੇ। ਇਹ ਦੁਨੀਆ ਅਜੇ ਵੀ ਅਣਗਿਣਤ ਖ਼ਤਰਿਆਂ ਨਾਲ ਘਿਰੀ ਹੋਈ ਹੈ। ਅਸੀਂ ਤਾਂ ਬਸ ਇਹ ਦੱਸਣ ਦਾ ਯਤਨ ਕਰ ਰਹੇ ਹਾਂ ਕਿ ਅਸੀਂ ਆਪਣੀ ਹੋਂਦ ਨੂੰ ਕਾਇਮ ਰੱਖ ਸਕਦੇ ਹਾਂ। ਮੈਨੂੰ ਪੂਰੀ ਉਮੀਦ ਹੈ ਕਿ ਦੁਨੀਆ ਆਪਣੀ ਹੋਂਦ ਨੂੰ ਬਚਾ ਸਕੇਗੀ ਕਿਉਂਕਿ ਮੈਂ ਵੇਖ ਰਿਹਾ ਹਾਂ ਕਿ ਲੋਕ ਪ੍ਰਤੀਕ੍ਰਿਆ ਕਰ ਰਹੇ ਹਨ। ਮੈਂ ਉਸ ਮਨੁੱਖ ਜਾਤੀ ਨੂੰ ਵੇਖ ਰਿਹਾ ਹਾਂ ਜਿਸ ਕੋਲ ਇਕ ਸਦੀ ਪਹਿਲਾਂ ਨਾਲੋਂ-ਨਾਲ ਚਾਰ ਗੁਣਾਂ ਵੱਧ ਗਿਆਨ ਹੈ ਪਰ ਦੂਸਰੇ ਪਾਸੇ ਇਹ ਵਿਕਾਸ ਜ਼ਹਿਰ ਵੀ ਬੀਜ ਰਿਹਾ ਹੈ। ਝੂਝੇ ਵਿਚਾਰਾਂ ਨੂੰ ਜਨਮ ਦੇ ਰਿਹਾ ਹੈ ਅਤੇ ਇਨ੍ਹਾਂ ਨੂੰ ਪ੍ਰਸਾਰਤ ਕਰ ਰਿਹਾ ਹੈ। ਝੂਠੀਆਂ ਜਾਣਕਾਰੀਆਂ ਨੂੰ ਪੇਸ਼ ਕਰ ਰਿਹਾ ਹੈ।

ਸਾਡੀਆਂ ਕੁਝ ਆਦਤਾਂ ਪੱਕ ਚੁੱਕੀਆਂ ਹਨ। ਜਿਵੇਂ ਨਕਲ ਨਾ ਕਰਨ ਦੀ ਆਦਤ, ‘ਦੇਸ਼ ’ਤੇ ਵਿਸ਼ਵਾਸ ਕਰਨ ਦੀ ਆਦਤ, ਅੰਨੇ-ਰਾਸ਼ਟਰਵਾਦ ਨਾਲ ਸੰਘਰਸ਼ ਕਰਨ ਦੀ ਆਦਤ....ਕੋਈ ਵੀ ਦੇਸ਼ ਦੂਸਰੇ ਦੀ ਤੁਲਨਾ ਵਿਚ ਬੇਹਤਰ ਨਹੀਂ ਹੁੰਦਾ, ਕੋਈ ਵੀ ਵਿਅਕਤੀ ਦੂਸਰੇ ਦੀ ਤੁਲਨਾ ਵਿਚ ਚੰਗਾ ਜਾਂ ਮਾੜਾ ਨਹੀਂ ਹੁੰਦਾ। ਸਭ ਦਾ ਆਪਣਾ ਦੇਸ਼ ਹੁੰਦਾ ਹੈ, ਆਪਣਾ ਸਭਿਆਚਾਰ ਹੁੰਦਾ ਹੈ ਤੇ ਆਪਣਾ ਚਰਿੱਤਰ ਹੁੰਦਾ ਹੈ। ਤੁਸੀਂ ਲਾਤੀਨੀ ਅਮਰੀਕਾ ਵਿਚ ਵੇਖ ਸਕਦੇ ਹੋ। ਇਥੇ ਦੇਸ਼ਾਂ ਦੀ ਇਕ ਪੂਰੀ ਲੜੀ ਹੈ ਜੋ ਇਕ ਭਾਸ਼ਾ ਬੋਲਦੇ ਹਨ। ਸਾਡੀ ਇਕ ਪ੍ਰਤੀਕਾਤਮਕ ਪਛਾਣ ਦੱਸਣ ਵਾਲਾ ਸਾਂਝਾ ਸਭਿਆਚਾਰ ਹੈ। ਇਕ ਧਰਮ ਹੈ ਅਤੇ ਅਸੀਂ ਮਿਸ਼ਰਤ ਹੁੰਦੇ ਹੋਏ ਵੀ ਇਕ ਹਾਂ।

ਮੈਨੂੰ ਪੂਰੀ ਉਮੀਦ ਹੈ ਕਿ ਇਹ ਗੱਲਾਂ ਦੂਸਰਿਆਂ ਲਈ ਫਾਇਦੇਮੰਦ ਹੋ ਸਕਦੀਆਂ ਹਨ। ਸਾਨੂੰ ਖੁਸ਼ੀ ਹੁੰਦੀ ਹੈ ਜਦੋਂ ਕੋਈ ਸਾਡੇ ਕੰਮਾਂ ਤੋਂ ਪ੍ਰੇਰਿਤ ਹੁੰਦਾ ਹੈ। ਤੁਹਾਡੇ ਨਾਲ ਗੱਲਾਂ ਕਰਕੇ ਮੈਨੂੰ ਆਨੰਦ ਤੇ ਸੰਤੁਸ਼ਟੀ ਮਿਲੀ ਹੈ।

# ਜੀਵਨ ਜਾਚ ਦੇ ਅੰਗ-ਸੰਗ ਯਾਦਾਂ ਦੇ ਝਰੋਖੇ 'ਚੋਂ

ਹਰਬੰਸ ਸਿੰਘ

4 ਸਤੰਬਰ 2012 ਦਾ ਦਿਨ ਮੇਰੇ ਲਈ ਬੜਾ ਹੀ ਗਮਗੀਨ ਕਰਨ ਵਾਲਾ ਸੀ ਜਦੋਂ ਮੇਰੀ ਸੋਚ ਦੇ ਹਿੱਸੇ ਵਿਚ ਬੈਠਾ ਮੇਰਾ ਬੜਾ ਨਜ਼ਦੀਕੀ ਵਿਚਾਰਾਂ ਦੇ ਪੱਧਰ 'ਤੇ ਦਰਸ਼ਨ ਚਹਿਲ ਆਪਣੀ ਬਿਮਾਰੀ ਨਾਲ ਜੂਝਦਿਆਂ ਸਦਾ ਹੀ ਅਲਵਿਦਾ ਕਹਿ ਗਿਆ। ਪਤਾ ਨਹੀਂ ਕਿੰਨੀਆਂ ਰੂਹਾਂ ਕਿਥੇ ਕਿਥੇ ਭਟਕਦੀਆਂ ਫਿਰਦੀਆਂ ਨੇ ਜਿਹੜੀਆਂ ਇਕ ਆਜ਼ਾਦੀ ਦਾ ਸੁਪਨਾ ਆਪਣੇ ਜਵਾਨੀ ਦੇ ਸਮੇਂ ਵਿਚ ਲੈ ਕੇ ਚਲੀਆਂ ਸਨ। ਉਨ੍ਹਾਂ ਵਿਚ ਦਰਸ਼ਨ ਚਹਿਲ ਇਕ ਅਜਿਹੀ ਜ਼ਿੰਦਾਦਿਲ ਸ਼ਖਸੀਅਤ ਸੀ ਜਿਸ ਨੇ ਉਤਰਾਵਾਂ-ਚੜ੍ਹਾਵਾਂ ਦੇ ਬਾਵਜੂਦ ਆਪਣੇ ਅੰਦਰਲੇ ਵਿਚਾਰਾਂ ਨੂੰ ਕਦੇ ਵੀ ਨਹੀਂ ਮਰਨ ਦਿੱਤਾ ਸੀ। ਹਾਲਾਂਕਿ ਦੁਨੀਆ ਭਰ ਦੇ ਇਤਿਹਾਸ ਵਿਚ 1960 ਦਾ ਵਰ੍ਹਾ ਬੜਾ ਮਹੱਤਵਪੂਰਨ ਗਿਣਿਆ ਜਾਂਦਾ ਹੈ ਜਦੋਂ ਪੈਰਿਸ ਤੋਂ ਲੈ ਕੇ ਲੰਡਨ ਤੱਕ ਹਜ਼ਾਰਾਂ ਵਿਦਿਆਰਥੀਆਂ ਨੇ ਇਸ ਕਰਕੇ ਮੁਜ਼ਾਹਰੇ ਕੀਤੇ ਸੀ ਕਿ ਸਾਨੂੰ ਰਾਜਨੀਤੀ ਵਿਚ ਹਿੱਸਾ ਲੈਣਾ ਚਾਹੀਦਾ ਹੈ ਅਤੇ ਜਿਸ ਵੀ ਕਲਾਸ ਵਿਚ ਜਾਂਦੇ ਸੀ ਉਹ ਆਪਣੇ ਅਧਿਆਪਕ ਨੂੰ ਇਹ ਸਵਾਲ ਪੁੱਛਦੇ ਸੀ ਕਿ ਤੇਰਾ ਸੋਚਣ ਦਾ ਢੰਗ ਕੀ ਹੈ। ਇਹ ਅੱਜ ਮੈਨੂੰ ਇਸ ਕਰਕੇ ਯਾਦ ਆ ਰਿਹਾ ਹੈ ਕਿ ਹਾਲਾਂਕਿ ਅਸੀਂ ਕੋਈ ਪੈਰਿਸ ਤੋਂ ਲੈ ਕੇ ਲੰਡਨ ਤੱਕ ਲੜੀ ਜਾਂਦੀ ਵਿਦਿਆਰਥੀਆਂ ਦੀ ਲੜਾਈ ਦਾ ਹਿੱਸਾ ਨਹੀਂ ਸੀ ਪਰ ਜਿਸ ਕਿਸਮ ਨਾਲ ਪੰਜਾਬ ਦੀ ਧਰਤੀ 'ਤੇ ਵੱਖ-ਵੱਖ ਸਕੂਲਾਂ ਅਤੇ ਕਾਲਜਾਂ ਵਿਚ ਇਕ ਅਜਿਹੀ ਪ੍ਰਪਰਾ ਸ਼ੁਰੂ ਹੋ ਗਈ ਜਿਹੜੀ ਕਿ 1960 ਤੋਂ ਲੈ ਕੇ 1980 ਤੱਕ ਚਲੀ ਜਿਸ ਵਿਚ ਯੂਨੀਵਰਸਿਟੀ ਤੋਂ ਲੈ ਕੇ ਕਾਲਜਾਂ ਅਤੇ ਇਥੋਂ ਤੱਕ ਕਿਸੇ ਨਾ ਕਿਸੇ ਰੂਪ ਵਿਚ ਦੁਨੀਆ ਭਰ ਦੇ ਰਾਜਨੀਤਕ ਮੁੱਦਿਆਂ ਚਾਹੇ ਉਹ ਕੰਬੋਡੀਆ ਦਾ ਮਸਲਾ ਹੋਵੇ, ਚਾਹੇ ਵੀਅਤਨਾਮ ਤੇਰਾ ਨਾਮ ਮੇਰਾ ਨਾਮ ਦਾ ਸਵਾਲ ਹੋਵੇ ਚਾਹੇ ਅਫ਼ਗਾਨਿਸਤਾਨ ਵਿਚ ਰੂਸੀ ਫੌਜਾਂ ਦੇ ਦਾਖਲਾ ਦਾ ਸਵਾਲ ਹੋਵੇ ਪਤਾ ਨਹੀਂ ਕਿੰਨਾ ਕੁ ਸਵਾਲ ਦੁਨੀਆ ਭਰ ਦੀ ਰਾਜਨੀਤੀ ਦੇ ਸਵਾਲ ਪੰਜਾਬ ਦੇ ਸਕੂਲਾਂ ਅਤੇ ਕਾਲਜਾਂ ਵਿਚ ਪੜ੍ਹਾਈ ਦੇ ਨਾਲ-ਨਾਲ ਜੀਵਨ ਜਾਚ ਦਾ ਇਕ ਹਿੱਸਾ ਵੀ ਬਣ ਗਏ ਸੀ ਇਸ ਪੀਰੀਅਡ 'ਚ ਕਈ ਕਿਸਮ ਦੇ ਵਿਦਿਆਰਥੀ ਆਗੂ ਵਿਕਸਿਤ ਹੋਏ ਜਿਹੜੇ ਆਪਣੇ ਨਿੱਜ ਤੋਂ ਪਾਰ ਜਾ ਕੇ ਲੋਕਾਂ ਦੇ ਅਸਲੀ ਮਸਲਿਆਂ ਵਿਚ ਸ਼ਾਮਲ ਹੁੰਦੇ ਸੀ ਅਤੇ ਹਕੀਕੀ ਲੋਕਾਂ ਦੀ ਦੁਨੀਆ ਕੀ ਹੈ ਉਸ ਨੂੰ ਬਦਲਨ ਦਾ ਜ਼ੇਰਾ ਕਰਨ ਲਈ ਕਿਸੇ ਨਾ ਕਿਸੇ ਸਟੂਡੈਂਟ ਯੂਨੀਅਨ, ਨੌਜਵਾਨ ਭਾਰਤ ਸਭਾ ਜਾਂ ਕਿਸੇ ਨਾ ਕਿਸੇ ਰੂਪ ਵਿਚ ਕਿਸਾਨਾਂ ਦੀ ਜਥੇਬੰਦੀ ਤੱਕ ਇਥੇ ਤੱਕ ਮਜ਼ਦੂਰਾਂ ਦੀਆਂ ਜਥੇਬੰਦੀਆਂ ਵਿਚ ਜਾ ਸ਼ਾਮਲ ਹੁੰਦੇ ਸੀ। ਅਜਿਹੇ ਸਮਿਆਂ ਵਿਚ ਦਰਸ਼ਨ ਚਹਿਲ ਦਾ ਨਾਂ ਸਿਰਫ਼ ਤੇ ਸਿਰਫ਼ ਜਗਰਾਓਂ ਦੇ ਲਾਲਾ ਲਾਜਪਤ ਰਾਏ ਕਾਲਜ ਜਗਰਾਓਂ ਤੱਕ ਹੀ ਸੀਮਤ ਨਹੀਂ ਸੀ ਬਲਕਿ ਉਸ ਸਮੇਂ ਦੇ ਪ੍ਰਸਿੱਧ ਵਿਦਿਆਰਥੀ ਆਗੂ ਪ੍ਰਿਥੀਪਾਲ ਸਿੰਘ ਰੰਧਾਵਾ ਦੀ ਜਥੇਬੰਦੀ ਪੰਜਾਬ ਸਟੂਡੈਂਟ ਯੂਨੀਅਨ ਵਿਚ ਇਕ ਇਮਾਨਦਾਰ ਅਤੇ ਬਹੁਤ ਹੀ ਪ੍ਰਤੀਬੱਧ ਮੈਂਬਰ ਦੇ ਤੌਰ 'ਤੇ ਦਰਸ਼ਨ ਚਹਿਲ ਦਾ ਨਾਂ ਮਕਬੂਲੀਅਤ ਵਾਲਾ ਸੀ। ਇਸ ਦੀ ਮਕਬੂਲੀਅਤ ਉਸ ਸਮੇਂ ਹੋਰ ਵੀ ਵਧ ਗਈ ਜਦੋਂ 1972 ਵਿਚ ਮੋਗਾ ਅੰਦੋਲਨ ਦੌਰਾਨ ਦਰਸ਼ਨ ਚਹਿਲ ਮੁੱਖ ਕਾਰਜਸ਼ੀਲ ਸ਼ਕਤੀ ਦੇ ਤੌਰ 'ਤੇ ਉਭਰਿਆ। ਇਸ ਸਮੇਂ ਦਰਸ਼ਨ ਚਹਿਲ ਦੀ ਸ਼ਖਸੀਅਤ 'ਤੇ ਅੰਮ੍ਰਿਤਪਾਲ ਪਾਸੀ ਤੇ ਬਲਵਿੰਦਰ ਕਰੈਸ਼ਰ ਦਾ ਬੜਾ ਪ੍ਰਭਾਵ ਸੀ ਜਿਹੜੇ ਕਿ ਉਸ ਵੇਲੇ ਸਾਇੰਸ ਕਾਲਜ ਜਗਰਾਓਂ ਦੇ ਵਿਦਿਆਰਥੀ ਸਨ। ਇਸੇ ਤਰ੍ਹਾਂ 1974 ਵਿਚ ਪ੍ਰਿਥੀਵਾਲ ਰੰਧਾਵਾ ਦੀ ਅਗਵਾਈ ਵਿਚ ਸਭ ਤੋਂ ਵੱਧ ਪ੍ਰਭਾਵਸ਼ਾਲੀ ਰੈਲੀ ਜਿਸ ਨੂੰ ਮੋਗਾ ਸੰਗਰਾਮ ਰੈਲੀ ਦੇ ਤੌਰ 'ਤੇ ਜਾਣਿਆ ਜਾਂਦਾ ਹੈ 22 ਅਕਤੂਬਰ ਨੂੰ ਜਥੇਬੰਦ ਕੀਤੀ ਗਈ ਜਿਸ ਨੇ ਇਕ ਪੰਜਾਬ ਅੰਦਰ ਮਿਸਾਲ ਪੈਦਾ ਕਰ ਦਿੱਤੀ ਕਿ ਵਿਦਿਆਰਥੀ ਹੁਣ ਅਜਿਹੀ ਰਾਜਨੀਤੀ ਵਿਚ ਭਾਗੀਦਾਰ ਹੋਣਗੇ ਜਿਹੜੀ ਲੋਕਾਂ ਦੀ ਜੀਵਨ ਜਾਚ ਨੂੰ ਤਬਦੀਲ ਕਰ ਦੇਵੇਗੀ।

ਇਸ ਉਪਰੰਤ ਦਰਸ਼ਨ ਚਹਿਲ ਨੇ ਆਪਣਾ ਵਿਦਿਆਰਥੀ ਜੀਵਨ ਜੋ ਕਿ ਇਕ ਚੰਗੇ ਜਥੇਬੰਦਕ ਦੇ ਤੌਰ 'ਤੇ ਵਿਕਸਿਤ ਕਰ ਲਿਆ ਸੀ, ਨੇ ਕਿਸਾਨਾਂ ਦੀ ਜਥੇਬੰਦੀ ਨੂੰ ਸਥਾਪਤ ਕਰਨ ਹਿੱਤ ਵਾਹੀਕਾਰ ਯੂਨੀਅਨ ਦੀ ਸਥਾਪਨਾ ਕੀਤੀ ਜਿਸ ਨੇ ਸਭ ਤੋਂ ਵੱਡੀ ਰੈਲੀ ਜਗਰਾਓਂ ਵਿਚ ਜਥੇਬੰਦਕ ਕੀਤੀ। ਇਸ ਦੌਰਾਨ ਪੁਲਿਸ ਨਾਲ ਹੋਏ ਟਕਰਾਓ ਵਿਚ ਪੁਲਿਸ ਫਾਇਰਿੰਗ ਦੌਰਾਨ ਇਕ ਕਿਸਾਨ ਪਿਆਰਾ ਸਿੰਘ ਗਾਲਿਬ ਦੀ ਮੌਤ ਹੋ ਗਈ ਪ੍ਰੰਤੂ ਪੁਲਿਸ ਨੇ ਦਰਸ਼ਨ ਚਹਿਲ ਅਤੇ ਅਮਰ ਸਿੰਘ ਅਚਲਵਾਲ ਦੇ ਖਿਲਾਫ਼ ਪਰਚਾ ਦਰਜ ਕਰ ਲਿਆ ਅਤੇ ਉਨ੍ਹਾਂ ਨੂੰ ਜੇਲ੍ਹਾਂ ਵਿਚ ਸੁੱਟ ਦਿੱਤਾ ਗਿਆ। ਇਥੋਂ ਤੱਕ ਕਿ ਇਸ ਸਮੇਂ ਉਨ੍ਹਾਂ ਦੇ ਪੈਰਾਂ ਹੱਥਾਂ ਨੂੰ ਬੇੜੀਆਂ ਲਗਾਈਆਂ ਗਈਆਂ ਅਤੇ ਕਾਲ ਕੋਠੜੀਆਂ ਵਿਚ ਭੇਜ ਦਿੱਤਾ ਗਿਆ।

ਭਾਰਤੀ ਹੁਕਮਰਾਨਾਂ ਨੇ ਲੋਕਾਂ ਦੀ ਜਮਹੂਰੀਅਤ ਜਿਸ ਹੱਦ ਤੱਕ ਵੀ ਮਿਲੀ ਹੋਈ ਸੀ ਉਸ ਨੂੰ ਕੁਚਲਣ ਲਈ ਐਮਰਜੈਂਸੀ ਦਾ ਐਲਾਨ ਕਰ ਦਿੱਤਾ। ਇਸ ਦੇ ਖਿਲਾਫ਼ ਵੱਖ-ਵੱਖ ਕਾਲਜਾਂ ਅਤੇ ਯੂਨੀਵਰਸਿਟੀ ਵਿਚ ਵਿਦਿਆਰਥੀਆਂ ਨੇ ਮੁਜ਼ਾਹਰੇ ਜਥੇਬੰਦ ਕੀਤੇ ਅਤੇ ਸੰਘਰਸ਼ਾਂ ਦੇ ਬਿਗਲ ਵਜਾ ਦਿੱਤਾ। ਇਸੇ ਤਰ੍ਹਾਂ ਐਮਰਜੈਂਸੀ ਦੌਰਾਨ 26 ਜੂਨ 1975 ਤੋਂ 21 ਮਾਰਚ 1977 ਤੱਕ 21 ਮਹੀਨੇ ਕਾਮਰੇਡ ਦਰਸ਼ਨ ਚਹਿਲ, ਵਿਦਿਆਰਥੀ ਆਗੂ ਪ੍ਰਿਥੀਪਾਲ ਰੰਧਾਵਾ ਅਤੇ ਹੋਰ ਕਿੰਨੇ ਹੀ ਆਗੂਆਂ ਨੂੰ ਜੇਲ੍ਹਾਂ ਵਿਚ ਸੁੱਟੀ ਰੱਖਿਆ। ਇਹ ਉਹ ਸਮਾਂ ਸੀ ਜਦੋਂ ਦੇਸ਼ ਦੇ ਅੰਦਰ ਹਰੇਕ ਕਿਸਮ ਦੇ ਪ੍ਰਚਾਰ-ਪ੍ਰਸਾਰ



ਦਰਸ਼ਨ ਚਹਿਲ ਆਪਣੀ ਜੀਵਨ ਸਾਥਣ ਨਾਲ।

ਉਤੇ ਪਾਬੰਦੀ ਸੀ ਪ੍ਰੰਤੂ ਇਹ ਵਿਦਿਆਰਥੀ ਆਗੂ ਸਿਦਕਦਿਲੀ ਨਾਲ ਜੇਲ੍ਹਾਂ ਵਿਚ ਵੀ ਆਪਣੇ ਇਨਕਲਾਬੀ ਵਿਚਾਰਾਂ ਨੂੰ ਪ੍ਰਪੱਕ ਕਰਦੇ ਰਹੇ।

ਐਮਰਜੈਂਸੀ ਦੀ ਰਿਹਾਈ ਤੋਂ ਬਾਅਦ ਦਰਸ਼ਨ ਚਹਿਲ ਪੰਜਾਬ ਦੇ ਸਭ ਤੋਂ ਵੱਧ ਪ੍ਰਸਿੱਧ ਇਨਕਲਾਬੀ ਪੇਪਰ ਜੈਕਾਰਾ ਦੇ ਸੰਪਾਦਕ ਬਣੇ। ਇਹ ਪੇਪਰ ਇਸ ਹੱਦ ਤੱਕ ਨੌਜਵਾਨਾਂ ਤੇ ਇਥੋਂ ਤੱਕ ਕਿ ਬੁੱਧੀਜੀਵੀਆਂ ਨੂੰ ਵੀ ਪ੍ਰਭਾਵਿਤ ਕਰਦਾ ਸੀ ਜਿਸ ਨਾਲ ਇਕ ਕਿਸਮ ਦੀ ਵਿਚਾਰਧਾਰਕ ਸਭਿਆਚਾਰਕ ਕ੍ਰਾਂਤੀ ਕਿਸੇ ਦਿਸ਼ਾ ਵੱਲ ਵਧ ਰਹੀ ਹੋਵੇ। ਇਹ ਉਹ ਸਮਾਂ ਸੀ ਜਦੋਂ ਜੈਕਾਰਾ ਜਲੰਧਰ ਤੋਂ ਨਿਕਲਦਾ ਸੀ ਅਤੇ ਇਥੇ ਹੀ ਉਹ ਪ੍ਰਸਿੱਧ ਕਵੀ ਪਾਸ਼ ਦੇ ਸੰਪਰਕ ਵਿਚ ਆਇਆ। ਜਿਹੜਾ 1988 ਵਿਚ ਪੰਜਾਬ ਵਿਚ ਚਲੀ ਖਾਲਿਸਤਾਨੀ ਲਹਿਰ ਦਾ ਸ਼ਿਕਾਰ ਹੋ ਗਿਆ। ਤੱਤ ਰੂਪ ਵਿਚ ਦਰਸ਼ਨ ਚਹਿਲ 1978 ਤੋਂ ਬਾਅਦ ਵੱਖ-ਵੱਖ ਪੱਧਰ 'ਤੇ ਇਨਕਲਾਬੀ ਗਰੁੱਪਾਂ ਨਾਲ ਆਪਣੇ-ਆਪ ਨੂੰ ਸੁਮਿਲਤ ਕਰਦਾ ਰਿਹਾ।

ਕੈਨੇਡਾ ਪਹੁੰਚਣ 'ਤੇ ਦਰਸ਼ਨ ਚਹਿਲ ਦਾ ਸੰਪਰਕ ਗਾਹੇ-ਬਗਾਹੇ ਮੇਰੇ ਨਾਲ ਹੁੰਦਾ ਰਿਹਾ ਅਤੇ ਮੈਂ ਉਸ ਦਾ ਇਕ ਚੰਗਾ ਦੋਸਤ ਹੀ ਨਹੀਂ ਬਲਕਿ ਇਕ ਸਿਆਸੀ ਹਿੱਸੇਦਾਰ ਵੀ ਬਣ ਗਿਆ। ਜਿਸ ਕਰਕੇ ਉਸ ਨੇ ਖੁਦ ਫੈਸਲਾ ਕਰ ਲਿਆ ਕਿ ਮੈਂ ਮੁੜ ਆਪਣੇ ਆਪ ਨੂੰ ਕਿਸੇ ਨਾ ਕਿਸੇ ਰੂਪ ਵਿਚ ਰਾਜਨੀਤੀ ਅਤੇ ਸਮਾਜਿਕ ਮਸਲਿਆਂ ਦੇ ਅੰਗ ਸੰਗ ਮੁੜ ਗਤੀਸ਼ੀਲ ਹੋਣਾ ਚਾਹੁੰਦਾ ਹਾਂ ਉਸ ਨੇ ਆਪਣੇ ਆਪ ਨੂੰ ਲੋਕ ਪੱਖੀ ਆਰਟਸ ਪ੍ਰੋਜੈਕਟ ਮੀਡੀਆ ਗਰੁੱਪ ਦੇ ਪੇਪਰ 'ਸਰੋਕਾਰਾਂ ਦੀ ਆਵਾਜ਼' ਦੇ ਸੰਪਾਦਕ ਬੋਰਡ ਦਾ ਮੈਂਬਰ ਹੋਣਾ ਕਬੂਲਿਆ ਜਦੋਂ ਪੰਜਾਬ ਵਿਚ ਜਨਵਰੀ 'ਚ ਚੋਣਾਂ ਹੋ ਰਹੀਆਂ ਸਨ ਉਸ ਨੇ ਬੜਾ ਜਾਨਦਾਰ ਪੰਜਾਬ ਚੋਣਾਂ ਦੇ ਆਰਟੀਕਲ ਲਿਖਿਆ ਅਤੇ ਉਸ ਨੇ ਫੈਸਲਾ ਕੀਤਾ ਕਿ ਉਸ ਸਰੀ ਵਿਚ ਰਹਿ ਕੇ ਲਗਾਤਾਰ ਇਸ ਪੇਪਰ ਲਈ ਕੰਮ ਕਰਦਾ ਰਹੇਗਾ।

ਉਸ ਦੀ ਸੋਚ ਅਜੋਕੇ ਦੁਨੀਆ ਭਰ ਦੇ ਮਸਲਿਆਂ ਨਾਲ ਇਸ ਕਦਰ ਜੁੜੀ ਹੋਈ ਸੀ ਕਿ ਉਸ ਨੇ ਅਮਰੀਕਾ ਵਿਚ ਚਲੀ 'ਆਕੂਪਾਈ ਮੂਵਮੈਂਟ' ਅਤੇ ਪਰਵਾਸੀਆਂ ਦੇ ਖਿਲਾਫ਼ ਬਣਦੀਆਂ ਨੀਤੀਆਂ ਪ੍ਰਤੀ ਆਪਣੇ ਰਾਜਨੀਤਕ ਵਿਚਾਰਾਂ ਨੂੰ ਹੋਰ ਪ੍ਰਫੁੱਲਤ ਕੀਤਾ ਅਤੇ ਇਨ੍ਹਾਂ ਪ੍ਰਤੀ ਵੱਖ-ਵੱਖ ਸਰਕਲਾਂ ਵਿਚ ਆਪਣਾ ਵਿਚਾਰ ਪ੍ਰਸਤੁਤ ਕੀਤੇ। ਉਸ ਦੀ ਦਿਲੀ ਇੱਛਾ ਸੀ ਕਿ ਦੇਸ਼ਾਂ ਅਤੇ ਵਿਦੇਸ਼ਾਂ ਦੀਆਂ ਲੋਕ ਪੱਖੀ ਸ਼ਕਤੀਆਂ ਆਪਣੇ ਆਪ ਨੂੰ ਇਕਜੁਟ ਕਰਨ ਅਤੇ ਦੁਨੀਆ ਭਰ ਦੇ ਅਮੀਰ ਅਤੇ ਸਰਮਾਏਦਾਰੀ ਕਿਸਮ ਦੇ ਪ੍ਰਬੰਧਾਂ ਦੇ ਖਿਲਾਫ਼ ਲੜਾਈਆਂ ਵਿਚ ਕੁੱਦਣ। ਉਹ ਲਗਾਤਾਰ ਆਪਣੇ ਸਿਆਸੀ ਕੈਰੀਅਰ ਨੂੰ ਹੋਰ ਪ੍ਰਚੰਡ ਕਰਨ ਲਈ ਕਿਤਾਬਾਂ ਅਤੇ ਆਧੁਨਿਕ ਤਕਨਾਲੋਜੀ ਦੀ ਵਰਤੋਂ ਰਾਹੀਂ ਗਿਆਨ ਨੂੰ ਹਾਸਲ ਕਰਦਾ ਰਹਿੰਦਾ ਸੀ। ਹਾਲਾਂਕਿ ਉਸ ਨੇ 9 ਸਤੰਬਰ ਨੂੰ ਇਕ ਪ੍ਰੋਗਰਾਮ ਗੁਰਪ੍ਰੀਤ ਸਿੰਘ ਨਾਲ ਤੈਅ ਕੀਤਾ ਹੋਇਆ ਸੀ ਕਿ ਉਹ ਰੇਡੀਓ ਇੰਡੀਆ ਤੋਂ ਆਪਣੇ ਸਿਆਸੀ ਵਿਚਾਰਾਂ ਨੂੰ ਪ੍ਰਸਤੁਤ ਕਰੇਗਾ ਪਰ ਜਿਸ ਕਿਸਮ ਨਾਲ ਉਸ ਦੀ ਅੰਦਰੋ-ਅੰਦਰੀ ਬਿਮਾਰੀ ਉਸ ਨੂੰ ਖਾ ਰਹੀ ਸੀ ਉਸ ਨਾਲ ਜੂਝਦਿਆਂ 4 ਸਤੰਬਰ 2012 ਨੂੰ ਅਲਵਿਦਾ ਕਹਿ ਦਿੱਤਾ।

ਅਦਾਰਾ 'ਸਰੋਕਾਰਾਂ ਦੀ ਆਵਾਜ਼' ਇਕ ਸ਼ਾਨਦਾਰ ਇਨਸਾਨ ਤੋਂ ਵਿਰਵਾ ਹੋ ਗਿਆ ਜਿਸ ਨੇ ਆਪਣੇ ਜ਼ਿੰਦਗੀ ਦੇ ਹਰ ਸਮੇਂ ਨੂੰ ਲੋਕਾਂ ਦੇ ਮਸਲਿਆਂ ਨਾਲ ਖੜ੍ਹਦਿਆਂ ਗੁਜ਼ਾਰਨਾ ਸੀ। ਅਜਿਹੇ ਮੁੱਲਵਾਨ ਇਨਸਾਨ ਨੂੰ ਸਾਡੀ ਇਹੀ ਸੱਚੀ ਸ਼ਰਧਾਂਜਲੀ ਹੈ ਕਿ ਅਸੀਂ ਜਿਥੇ ਵੀ ਰਹੀਏ ਉਥੇ ਹੀ ਦਰਸ਼ਨ ਚਹਿਲ ਵਾਂਗ ਲੋਕ ਹਿੱਤਾਂ ਅਤੇ ਲੋਕ ਹੱਕਾਂ ਦੀ ਖਾਤਰ ਜੂਝਦੇ ਰਹੀਏ।

## ਚਲਦੇ ਕਾਫ਼ਲਿਆਂ ਦੇ ਅੰਗ-ਸੰਗ

ਇਤਿਹਾਸ ਦੇ ਦੌਰਾਂ 'ਤੇ ਜਦੋਂ ਨਜ਼ਰ ਦੌੜਾਈ ਜਾਂਦੀ ਹੈ ਤਾਂ ਕਿਸੇ ਵੀ ਹਿੱਸੇ ਵਿਚ ਉਠੀਆਂ ਤਬਦੀਲੀ ਵਾਲੀਆਂ ਲਹਿਰਾਂ ਵਿਚ ਆਉਣ ਵਾਲੇ ਇਨਸਾਨਾਂ ਦੀ ਆਪਣੀ ਕਹਾਣੀ ਹੁੰਦੀ ਹੈ। ਇਸ ਕਹਾਣੀ ਦਾ ਪਾਤਰ ਕਈ ਵਾਰੀ ਰਸਤੇ ਤੋਂ ਥਿੜਕ ਜਾਂਦਾ ਹੈ ਜਾਂ ਚਲਦੇ ਕਾਫ਼ਲੇ 'ਚੋਂ ਉਤਰ ਜਾਂਦਾ ਹੈ। ਜਾਂ ਫਿਰ ਵਿਚਾਰਾਂ ਅੰਦਰ ਇਸ ਪੱਧਰ ਤੱਕ ਥਿੜਕਣ ਆ ਜਾਂਦੀ ਹੈ ਕਿ ਦ੍ਰਿਸ਼ ਧੁੰਦਲਾ ਹੈ ਜਾਂ ਦ੍ਰਿਸ਼ਟੀ ਧੁੰਦਲੀ ਹੈ ਇਹ ਭੁਲੇਖਾ ਪੈਣ ਲੱਗ ਜਾਂਦਾ ਹੈ। ਬਹੁਤ ਹਿੱਸੇ ਅਕਸਰ ਹੀ ਇਨ੍ਹਾਂ ਸਥਿਤੀਆਂ ਅਤੇ ਪ੍ਰਸਥਿਤੀਆਂ ਵਿਚ ਆਪਣੇ ਆਪ ਨੂੰ ਗਵਾ ਬੈਠਦੇ ਹਨ ਜਦੋਂ ਕਦੀ ਉਹ ਆਪਣੇ ਅਤੀਤ 'ਤੇ ਨਜ਼ਰ ਮਾਰਦੇ ਹਨ ਉਨ੍ਹਾਂ ਨੂੰ ਜਾਪਦਾ ਹੈ ਕਿ ਉਹ ਕਿੱਡੇ ਕਾਫ਼ਲੇ ਦੇ ਆਗੂ ਰਹੇ ਨੇ ਅਤੇ ਕਿੰਨੇ ਲੋਕਾਂ ਨੂੰ ਇਸ ਕਾਫ਼ਲੇ ਵਿਚ ਸ਼ਾਮਲ ਕੀਤਾ ਹੈ। ਜਿਵੇਂ ਕਿਹਾ ਜਾਂਦਾ ਹੈ ਕਿ ਇਤਿਹਾਸ ਬੜਾ ਜ਼ਾਲਮ ਹੈ ਇਹ ਹਰ ਇਕ ਦੀ ਨਿਖਰ-ਪਰਖ ਕਰਦਾ ਰਹਿੰਦਾ ਹੈ। ਕਾਫ਼ਲਿਆਂ ਤੋਂ ਪਰੇ ਹੋਏ ਹਿੱਸਿਆਂ ਨੂੰ ਆਪਣੇ ਅੰਗਾਂ-ਸੰਗਾਂ 'ਚੋਂ ਨਿਕਾਰਦਾ ਰਹਿੰਦਾ ਹੈ ਪਰ ਜੇ ਵਿਚਾਰਾਂ 'ਚ ਥਿੜਕਣ ਨਾ ਆਵੇ ਬੌਧਿਕ ਪੱਧਰ 'ਤੇ ਸੋਚਦੇ ਰਹੋ ਜਾਂ ਰੁਕ ਵੀ ਜਾਓ ਪਰ ਕਿਸੇ ਉਸ ਕਿਸਮ ਦੇ ਪਲ ਦੀ ਉਡੀਕ ਕਰੋ ਜਿਸ ਵਿਚ ਤੁਹਾਡੇ ਵਿਚਾਰ ਮੁੜ ਉਸੇ ਰਸਤੇ 'ਤੇ ਅਗਾਂਹ ਤੁਰ ਸਕਣ ਜਿਨ੍ਹਾਂ ਰਾਹਾਂ 'ਤੇ ਤੁਸੀਂ ਇਕ ਕਾਫ਼ਲਾ ਤੋਰਿਆ ਸੀ। ਇਸ ਕਿਸਮ ਦੀ ਤੋਰ ਵਾਲੇ ਇਨਸਾਨਾਂ ਵਿਚ ਅਜੇ ਵੀ ਬੜੇ ਅਜਿਹੇ ਹਿੱਸੇ ਹਨ ਜਿਹੜੇ ਇਸ ਉਡੀਕ ਵਿਚ ਹਨ ਕਿ ਉਹ ਕਾਫ਼ਲੇ ਦੇ ਅੰਗ-ਸੰਗ ਹੀ ਹਨ ਭਲਾਂ ਉਹ ਦੂਰ ਦੁਰੇਡੇ ਹਨ ਜਾਂ ਰਿਜ਼ਕ ਨੇ ਉਨ੍ਹਾਂ ਨੂੰ ਘਰੋਂ ਬੇਘਰ ਕਰ ਦਿੱਤਾ ਹੈ। ਜਾਂ ਸੋਹਣੇ ਜੀਵਨ ਲਈ ਨਵੇਂ ਰਸਤੇ ਦੀ ਤਲਾਸ਼ ਕਰ ਲਈ ਹੈ ਪਰ ਜਿਸ ਕਿਸਮ ਨਾਲ ਵੀ ਇਨ੍ਹਾਂ ਤਲਾਸ਼ਾਂ ਵਿਚ ਕੋਈ ਇਨਸਾਨ ਚਲਦਾ ਹੈ ਅਗਾਂਹ ਜਾ ਕੇ ਉਸ ਨੂੰ ਜਾਪਦਾ ਹੈ ਕਿਤੇ ਪੈਸੇ ਦਾ ਦੌਰ ਘਟ ਹੋ ਸਕਦਾ ਹੈ ਤੇ ਕਿਤੇ ਵੱਧ ਹੋ ਸਕਦਾ ਹੈ। ਰਿਸ਼ਤਿਆਂ ਵਿਚ ਕਿਤੇ ਕੁੜੱਤਣ ਵੱਧ ਹੋ ਸਕਦੀ ਹੈ ਅਤੇ ਕਿਤੇ ਘੱਟ ਹੋ ਸਕਦੀ ਹੈ ਪਰ ਸਮਾਜਿਕ ਸੰਕਟ ਤਾਂ ਹਰ ਥਾਂ ਕਿਤੇ ਨਾ ਕਿਤੇ ਸੰਵੇਦਨਸ਼ੀਲ ਇਨਸਾਨ ਨੂੰ ਅੰਦਰੋਂ ਝੰਜੋੜਦਾ ਹੈ। ਉਸ ਨੂੰ ਜਾਪਦਾ ਹੈ ਕਿ ਕਿਰਤ ਕਰਨ ਵਾਲਿਆਂ ਦੀ ਅਜੇ ਤਾਕਤ ਉਸ ਦੇ ਹੱਥਾਂ ਵਿਚ ਨਹੀਂ ਆਈ। ਉਸ ਨੇ ਅਜੇ ਆਪਣੇ ਵਿਚਾਰਾਂ ਵਾਲਾ ਸਮਾਜ ਨਹੀਂ ਸਿਰਜਿਆ। ਅਜੇ ਉਸ ਨੇ ਹੋਰ ਕਾਫ਼ਲੇ ਦੇ ਅੰਗ-ਸੰਗ ਅਗਾਂਹ ਵਧਣਾ ਸੀ। ਇਸ ਕਿਸਮ ਦੀ ਸੰਵੇਦਨਤਾ ਉਨ੍ਹਾਂ ਇਨਸਾਨਾਂ ਵਿਚ ਹੀ ਦੇਖੀ ਜਾ ਸਕਦੀ ਹੈ ਜਿਨ੍ਹਾਂ ਨੇ ਅਜੇ ਆਪਣੇ ਵਿਚਾਰਾਂ ਨੂੰ ਅਲਵਿਦਾ ਨਹੀਂ ਸੀ ਕਿਹਾ ਬਲਕਿ ਆਪਣੇ ਵਿਚਾਰਾਂ 'ਤੇ ਪ੍ਰਪੱਕ ਹੁੰਦਿਆਂ ਅਜੇ ਅਗਾਂਹ ਤੁਰਨਾ ਸੀ। ਅਗਾਂਹ ਕਾਫ਼ਲਿਆਂ ਦੇ ਅੰਗ-ਸੰਗ ਵਧਣਾ ਸੀ ਅਤੇ ਆਪਣੇ ਵਿਚਾਰਾਂ ਦੀ ਪੁੱਠ ਨੂੰ ਹੋਰ ਗੂੜ੍ਹਾ ਕਰਨਾ ਕਰਨਾ ਸੀ ਪਰ ਫਿਰ ਵੀ ਅਸੀਂ ਕਾਫ਼ਲਿਆਂ ਦੇ ਅੰਗ-ਸੰਗ ਰਹੇ।



# ਸਿਦਕਦਿਲੀ ਵਾਲੇ ਕਾਮਰੇਡ ਦਰਸ਼ਨ ਚਾਹਲ ਨੂੰ ਸਾਡਾ ਸਲਾਮ

ਅਵਤਾਰ ਗਿੱਲ, ਸਰੀ

ਕਾਮਰੇਡ ਦਰਸ਼ਨ ਚਾਹਲ ਪਿੰਡ ਗ਼ਾਲਿਬ ਕਲਾਂ (ਜ਼ਿਲਾ ਲੁਧਿਆਣਾ) ਦਾ ਅੰਤਮ ਸੰਸਕਾਰ ਅੱਜ ਇੱਥੇ ਵੈਲੀ ਵਿਊ ਫਿਊਨਰਲ ਹੋਮ ਵਿੱਚ ਪਰਿਵਾਰ, ਰਿਸ਼ਤੇਦਾਰਾਂ, ਦੋਸਤਾਂ ਮਿੱਤਰਾਂ ਤੋਂ ਇਲਾਵਾ ਸ਼ਾਇਰ, ਲੇਖਕ, ਬੁੱਧੀਜੀਵੀ ਅਤੇ ਅਮਰੀਕਾ ਕੈਨੇਡਾ ਦੇ ਦੂਰ ਦੁਰਾਡੇ ਸ਼ਹਿਰਾਂ ਤੋਂ ਆਏ ਸਬੰਧੀਆਂ ਦੀ ਹਾਜਰੀ ਵਿੱਚ ਕੀਤਾ ਗਿਆ। ਉਨ੍ਹਾਂ ਦੀ ਮ੍ਰਿਤਕ ਦੇਹ ਨੂੰ ਕਿਰਤੀ ਕਿਸਾਨ ਯੂਨੀਅਨ ਪੰਜਾਬ ਦੇ ਆਗੂ ਨਿਰਭੈ ਸਿੰਘ ਢੁੱਡੀਕੇ ਦੀ ਅਗਵਾਈ ਵਿੱਚ ਈਸਟ ਇੰਡੀਅਨ ਡਿਫੈਂਸ ਕਮੇਟੀ ਦੇ ਆਗੂ ਹਰਭਜਨ ਚੀਮਾ ’ਤੇ ਸਾਥੀ, ਤਰਕਸ਼ੀਲ ਸੁਸਾਇਟੀ ਦੇ ਪ੍ਰਧਾਨ ਅਵਤਾਰ ਬਾਈ ’ਤੇ ਹੋਰ ਤਰਕਸ਼ੀਲ ਸਾਥੀ, ਜਗਰੂਪ ਧਾਲੀਵਾਲ ਪ੍ਰਧਾਨ ਐਬਸਫੋਰਡ ਯੂਨਿਟ, ਸਾਧੂ ਸਿੰਘ ਗਿੱਲ, ਬਘੇਰਾ ਸਿੰਘ ਅੱਚਰਵਾਲ, ਹਰਜੀਤ ਦੌਧਰੀਆ, ਰਾਜਾ ਘਾਲੀ, ਮਹਿੰਦਰ ਕੁੱਕੀ ਅਮਰੀਕਾ, ਸੁਰਿੰਦਰ ਸਿੰਘ ਦੌਧਰ ਅਤੇ ਹੋਰ ਸਾਥੀਆਂ ਵੱਲੋਂ ਦਰਸ਼ਨ ਚਾਹਲ ਨੂੰ ਲਾਲ ਸਲਾਮ ਦੇ ਨਾਹਰਿਆਂ ਦੀ ਗੂੰਜ ਹੇਠ ਸੂਹੇ ਲਾਲ ਪਰਚਮ ਵਿੱਚ ਲਪੇਟਿਆ ਗਿਆ। ਇਸ ਸਮੇਂ ਲਿਬਰਲ ਆਗੂ ਸ਼ਿੰਦਰ ਪੁਰੇਵਾਲ, ਪੱਤਰਕਾਰ ਬਲਜੀਤ ਬੱਲੀ, ਜਰਨੈਲ ਸਿੰਘ ਆਰਟਿਸਟ ’ਤੇ ਇੰਡੋ ਕਨੇਡੀਅਨ ਵਰਕਰ ਐਸੋ: ਦੇ ਆਗੂ ਕੁਲਵੰਤ ਢੇਸੀ, ਡਾ: ਸਾਧੂ ਸਿੰਘ, ਸੁਰਿੰਦਰ ਚਾਹਲ ਵੀ ਹਾਜਰ ਸਨ। ਕਾਮਰੇਡ ਚਾਹਲ ਅਜੇ ਇੱਕ ਸਾਲ ਪਹਿਲਾਂ ਹੀ ਕੈਨੇਡਾ ਆਏ ਸਨ ਪਰ ਡਾਕਟਰਾਂ ਵੱਲੋਂ ਕੁੱਝ ਕੁ ਮਹੀਨੇ ਪਹਿਲਾਂ ਹੀ ਉਨ੍ਹਾਂ ਨੂੰ ਕੈਂਸਰ ਦੀ ਨਾਮੁਰਾਦ ਬੀਮਾਰੀ ਦਾ ਪੀੜਤ ਐਲਾਨਿਆ ਗਿਆ ਸੀ। ਕਾਮਰੇਡ ਚਾਹਲ ਆਪਣੇ ਅੰਤਮ ਸਾਹਾਂ ਤੱਕ ਪੂਰੇ ਮਜ਼ਬੂਤ ਰਹੇ ਅਤੇ ਉਨ੍ਹਾਂ ਕਦੇ ਵੀ ਆਪਣੇ ਚਿਹਰੇ ਤੇ ਨਿਰਾਸ਼ਾ ਨਹੀਂ ਆਉਣ ਦਿੱਤੀ ਸਗੋਂ ਉਹ ਕੁੱਝ ਨਾ ਕੁੱਝ ਨਵਾਂ ਕਰਨ ਦੀ ਤਾਂਘ ਹਰ ਸਮੇਂ ਜਾਹਰ ਕਰਦੇ ਰਹੇ।ਕਾਮਰੇਡ ਚਾਹਲ ਹਰ ਵਕਤ ਕੁੱਝ ਨਾ ਕੁੱਝ ਪੜ੍ਹਦੇ ਰਹਿੰਦੇ ਉਨ੍ਹਾਂ ਦਾ ਇਹ ਸ਼ੌਂਕ ਮਰਦੇ ਦਮ ਤੱਕ ਕਾਇਮ ਰਿਹਾ। ਕਾਮਰੇਡ ਚਾਹਲ ਸੱਤਰਵਿਆਂ ਵਿੱਚ ਜਦੋਂ ਉਹ ਹਾਲੇ ਨੌਵੀਂ ਦਸਵੀਂ ਵਿੱਚ ਪੜ੍ਹਦੇ ਸਨ ਨਕਸਲਬਾੜੀ ਲਹਿਰ “ਬਸੰਤ ਦੀ ਗਰਜ਼” ਦੇ ਪ੍ਰਭਾਵ ਵਿੱਚ ਆ ਗਏ ਸਨ। ਪਹਿਲਾਂ ਉਹ ਵਿਦਿਆਰਥੀ ਜਥੇਬੰਦੀ “ਪੰਜਾਬ ਸਟੂਡੈਂਟ ਯੂਨੀਅਨ” ਦਾ ਹਿੱਸਾ ਬਣੇ ਅਤੇ ਮੋਗਾ ਗੋਲੀ ਕਾਂਡ ਦੇ ਘੋਲ਼ ਸਮੇਂ ਵਿਦਿਆਰਥੀਆਂ ਦੀ ਅਗਵਾਈ ਕੀਤੀ। 26 ਜਨਵਰੀ 1973 ਵਾਲੇ ਦਿਨ ਕਾਲੀ ਅਜ਼ਾਦੀ ਮਨਾਉਂਦਿਆਂ ਕਾਂਗਰਸੀਆਂ ਦੇ ਜਲਸੇ ਨੂੰ ਤਹਿਸ ਨਹਿਸ ਕੀਤਾ ਸਾਥੀ ਚਾਹਿਲ ਤੇ ਅਵਤਾਰ ਸਿੱਧੂ ਤੇ ਤਿਰੰਗਾ ਝੰਡਾ ਸਾੜਨ ਦਾ ਕੇਸ ਬਣਿਆ ਜੋ ਤਿੰਨ ਸਾਲ ਚੱਲਿਆ ਤੇ ਅਖੀਰ ਬਰੀ ਹੋ ਗਏ। ਕਾਲਜ ਜਾਣਾ ਬੰਦ ਪਰ ਨੌਜਵਾਨ ਭਾਰਤ ਸਭਾ ਦੀ ਉਸਾਰੀ ਅਤੇ ਵਾਹੀਕਾਰਾ ਯੂਨੀਅਨ ਦੀ ਅਗਵਾਈ ਕੀਤੀ ਅਤੇ ਕਈ ਘੋਲ਼ ਲੜੇ। 1974 ਵਿੱਚ ਡੀਜ਼ਲ ਦੀ ਬਲੈਕ ’ਤੇ ਬਨਾਉਟੀ ਥੁੜ ਕਾਰਨ ਕਿਸਾਨ ਪੈਟਰੌਲ ਪੰਪਾਂ ਤੇ ਲਾਈਨਾ ਲਾ ਕੇ ਰੁਲਣ ਲੱਗੇ ’ਤੇ ਉੱਥੇ ਹੀ ਸੌਣ ਲਈ ਮਜਬੂਰ ਹੋਣ ਲੱਗੇ ਤਾਂ ਕਿਸਾਨਾਂ ਦੀ ਇਸ ਖ਼ਜਲ ਖ਼ੁਆਰੀ ਦੇ ਖ਼ਿਲਾਫ਼ ਜਗਰਾਓਂ ਸ਼ਹਿਰ ਵਿੱਚ ਰੋਸ ਪ੍ਰਦਰਸ਼ਨ ਸਾਥੀ ਚਾਹਲ ਹੋਰਾਂ ਦੀ ਅਗਵਾਈ ਵਿੱਚ ਕੀਤਾ ਗਿਆ ਜਿਸ ਵਿੱਚ ਕਾਮਰੇਡ ਚਾਹਲ ਦੇ ਪਿੰਡ ਦਾ ਹੀ ਇੱਕ ਵਰਕਰ ਪਿਆਰਾ ਸਿੰਘ ਪੁਲੀਸ ਦੀ ਗੋਲੀ ਨਾਲ ਮਾਰਿਆ ਗਿਆ ਤੇ ਦੋ ਵਰਕਰ ਜ਼ਖ਼ਮੀ ਹੋ ਗਏ ਸਨ। 1975 ਦੇ ਫਾਸ਼ੀਵਾਦੀ ਦੌਰ ਸਮੇਂ ਜਦੋਂ ਹਕੂਮਤ ਵੱਲੋਂ ਐਮਰਜੈਂਸੀ ਲਾਈ ਗਈ ਤਾਂ ਉਸ ਸਮੇਂ ਸਾਰੀਆਂ ਹੀ ਵਿਰੋਧੀ ਪਾਰਟੀਆਂ ਦੇ ਆਗੂਆਂ ਸਮੇਤ ਕਾਮਰੇਡ ਚਾਹਲ ਨੂੰ ਵੀ ਜੇਲ੍ਹ ਵਿੱਚ ਡੱਕ ਦਿੱਤਾ ਗਿਆ। ਜੇਲ੍ਹ ਵਿੱਚ ਕਾਮਰੇਡ ਚਾਹਲ ਅਮਰ ਸਿੰਘ ਅਚਰਵਾਲ, ਨਾਟਕਕਾਰ ਗੁਰਸ਼ਰਨ ਸਿੰਘ ਸਮੇਤ ਵਿਰੋਧੀ ਪਾਰਟੀਆਂ ਦੇ ਮੁੱਖ ਆਗੂਆਂ ਨਾਲ ਲੁਧਿਆਣਾ ਅਤੇ ਫ਼ਿਰੋਜਪੁਰ ਦੀਆਂ ਜੇਲ੍ਹਾਂ ਵਿੱਚ ਰਹੇ। ਕਾਮਰੇਡ ਚਾਹਲ ਨਾਗੀਰੈਡੀ ਗਰੁੱਪ ਦੇ ਪਰਚੇ ਜ਼ਫਰਨਾਮਾ ਅਤੇ ਜੈਕਾਰਾ ਦੇ ਸੰਪਾਦਕ ਅਤੇ ਗਰੁੱਪ ਦੇ ਸੂਬਾ ਕਮੇਟੀ ਮੈਂਬਰ ਵੀ ਰਹੇ। ਕਾਮਰੇਡ ਚਾਹਲ ਕਵਿਤਾਵਾਂ ਵੀ ਲਿਖਦੇ ਸਨ ਉਨ੍ਹਾਂ ਦੀ ਇੱਕ ਕਵਿਤਾ ਦੀਆਂ ਇਹ ਲਾਈਨਾਂ ਧਿਆਨ ਦੇਣ ਯੋਗ ਹਨ ਜੋ ਇਨਕਲਾਬੀ ਕਵੀ ਪਾਸ਼ ਨੂੰ ਵੀ ਪ੍ਰਭਾਵਿਤ ਕਰਨੋਂ ਨਾ ਰਹਿ ਸਕੀਆਂ।

ਮਾਸਕੋ, ਸਾਡਾ ਲੈਨਿਨ ਸਾਨੂੰ ਮੋੜਦੇ...ਅਸੀਂ ਮੁੜ ਅਕਤੂਬਰ ਲੈ ਆਵਾਂਗੇ

ਕਾਮਰੇਡ ਦਰਸ਼ਨ ਚਾਹਲ ਨੂੰ ਸ਼ਰਧਾਂਜਲੀ ਭੇਂਟ ਕਰਦਿਆਂ ਨਿਰਭੈ ਸਿੰਘ ਢੁੱਡੀਕੇ, ਰੇਡੀਓ ਹੋਸਟ ਸੁਖਮਿੰਦਰ ਸਿੰਘ ਚੀਮਾ ਅਤੇ ਰੇਡੀਓ ਹੋਸਟ ਗੁਰਪ੍ਰੀਤ ਸਿੰਘ ਨੇ ਉਨ੍ਹਾਂ ਦੀਆਂ ਪੁਰਾਣੀਆਂ ਯਾਦਾਂ ਨੂੰ ਸਾਂਝਿਆਂ ਕਰਦਿਆਂ ਸ਼ਰਧਾਂਜਲੀ ਭੇਂਟ ਕੀਤੀ। ਉਨ੍ਹਾਂ ਦੇ ਵੱਡੇ ਭਰਾ ਸੋਹਣ ਸਿੰਘ ਚਾਹਲ ਨੇ ਬੜੇ ਹੀ ਜਜ਼ਬਾਤੀ ਹੁੰਦਿਆਂ ਦਰਸ਼ਨ ਚਾਹਲ ਦੇ ਜੇਲ੍ਹ ਚੋਂ ਰਿਹਾ ਹੋਣ ਸਮੇਂ ਦੀ ਘਟਨਾ ਦਾ ਜਿਕਰ ਕੀਤਾ ਅਤੇ ਇਸ ਗੱਲ ਲਈ ਮੁਆਫੀ ਮੰਗੀ ਕਿ ਸ਼ਾਇਦ ਅਸੀਂ ਪਰਿਵਾਰ ਵੱਲੋਂ ਤੇਰੀ ਇੱਛਾ ਨਾ ਜਾਣ ਸਕਣ ਕਾਰਨ ਤੇਰੇ ਵਿਚਾਰਾਂ ਦੇ ਉਲਟ ਧਾਰਮਿਕ ਰਸਮਾਂ ਕਰ ਰਹੇ ਹਾਂ ਪਰ ਤੇਰੇ ਸਾਥੀ ਤੇਰੇ ਮੁਤਾਬਕ ਹੀ ਰਸਮਾਂ ਕਰ ਰਹੇ ਹਨ ਅਤੇ ਉਨ੍ਹਾਂ ਪ੍ਰਵਾਰ ਨਾਲ ਦੁੱਖ ਸਾਂਝਾ ਕਰਨ ਲਈ ਸਾਰਿਆਂ ਦਾ ਧੰਨਵਾਦ ਕੀਤਾ।









# 21ਵੀਂ ਸਦੀ ਦੇ ਆਲਮੀ ਮਨੁੱਖ ਅਤੇ ਗੁਰੂ ਗ੍ਰੰਥ ਸਾਹਿਬ



**ਗੁਰਬਚਨ ਸਿੰਘ**

21ਵੀਂ ਸਦੀ ਦੇ ਆਲਮੀ ਮਨੁੱਖ ਲਈ, ਗੁਰਭਗਤ ਸਿੰਘ ਹੁਰੀਂ ਤਿੰਨ ਪ੍ਰਮੁੱਖ ਸਰੋਕਾਰ, ਨਿਸ਼ਚਿਤ ਕਰਦੇ ਹਨ :

1. ਰਾਜਨੀਤਕ ਤੌਰ ’ਤੇ ਚੇਤੰਨ ਦੇਹਗਤ ਆਤਮ ਸੰਗਠਿਤ ਕਰਨਾ,

2. ਪ੍ਰਤੀ ਪ੍ਰਭੁਤਵੀ ਜਾਂ ਕਾਊਂਟਰ ਹੈਜਿਮੌਨਿਕ ਰਾਜ ਦੀ ਸੁਪਨਸਾਜੀ ਅਤੇ ਅਭਿਆਸ,

3. ਨਿਆਂ ਲਈ ਕਿਰਿਆਸ਼ੀਲ ਹੋਣਾ।

ਉਨ੍ਹਾਂ ਦੇ ਕਥਨ ਅਨੁਸਾਰ, “ਰਾਜਨਤੀਕ ਤੌਰ ’ਤੇ ਚੇਤੰਨ ਦੇਹਗਤ ਸੰਗਠਿਤ ਕਰਨਾ ਜ਼ਰੂਰੀ ਹੋ ਗਿਆ ਹੈ, ਕਿਉਂਕਿ ਸਦੀਆਂ ਤੋਂ ਸ਼ਾਸਕ ਪ੍ਰਬੰਧ ਅਤੇ ਇਸ ਦੇ ਸਰਦਾਰ ਆਤਮ ਨੂੰ ਆਪਣੇ ਹਿੱਤਾਂ ਲਈ ਵਰਤਣ ਵਾਸਤੇ ਤਿਆਰ ਕਰਦੇ ਆਏ ਹਨ। ਉਨ੍ਹਾਂ ਨੂੰ ਵਿਚਾਰਧਾਰਾ, ਪ੍ਰਬੰਧ ਅਤੇ ਇਸ ਦੇ ਬਰੀਕ ਸੂਖਮ ਸੰਚਾਲਨ ਰਾਹੀਂ ਦੇਹ ਨੂੰ ਵੀ ਪੂਰੀ ਤਰ੍ਹਾਂ ਕਾਬੂ ਕਰਨ ਦਾ ਯਤਨ ਕੀਤਾ ਹੈ?

ਉੱਘੇ ਚਿੰਤਕ ਐਡਵਰਡ ਸਈਦ ਦੇ ਹਵਾਲੇ ਨਾਲ, ਉਹ ਇਹ ਵੀ ਜਾਣਕਾਰੀ ਦਿੰਦੇ ਹਨ ਕਿ “ਸਾਮਰਾਜੀ ਸ਼ਾਸਕਾਂ ਨੇ ਵਿਆਖਿਆ ਸ਼ਾਸਤਰ ਨੂੰ ਵੀ ਆਪਣੀ ਪ੍ਰਭੂਤਾ ਦੇ ਵਿਸਥਾਰ ਲਈ ਵਰਤਿਆ ਹੈ। ਵਿਆਖਿਆ ਦੇ ਅਨੇਕਾਂ ਅਜਿਹੇ ਰੂਪ ਤਿਆਰ ਕੀਤੇ ਹਨ, ਜਿਨ੍ਹਾਂ ਨਾਲ ਪੂਰਬੀ ਆਤਮ ਨਿਰਅਰਥ ਬਣੇ। ਇਕ ਖਿਲਾਅ ਪੈਦਾ ਕਰ ਦਿੱਤਾ ਜਿਸ ਵਿਚ ਅਰਥ ਸਾਮਰਾਜੀ ਚਿੰਤਨ ਨੇ ਹੀ ਭਰੇ।’

ਗੁਰਭਗਤ ਸਿੰਘ ਹੁਰਾਂ ਨੇ ਆਪਣੇ ਇਨ੍ਹਾਂ ਕਥਨਾਂ ਤੋਂ ਹੀ ਇਹ ਸਪਸ਼ਟ ਹੈ ਕਿ ਰਾਜਨੀਤਕ ਤੌਰ ’ਤੇ ਚੇਤੰਨ ਦੇਹਗਤ ਆਤਮ ਸੰਗਠਿਤ ਕਰਨ ਲਈ ਇਹ ਜਾਣਨਾ ਬਹੁਤ ਜ਼ਰੂਰੀ ਹੈ ਕਿ ਸਾਮਰਾਜੀ ਹਕੂਮਤਾਂ ਨੇ ‘ਵਿਆਖਿਆ ਸ਼ਾਸਤਰ’ ਨੂੰ ਆਪਣੀ ‘ਪ੍ਰਭੂਤਾ’ ਦੇ ਵਿਸਥਾਰ ਲਈ ਕਿਵੇਂ ਵਰਤਿਆ ਅਤੇ ਉਨ੍ਹਾਂ ਨੇ ਵਿਆਖਿਆ ਦੇ ਕਿਹੜੇ ਅਜਿਹੇ ਰੂਪ ਤਿਆਰ ਕੀਤੇ, ਜਿਸ ਨਾਲ ਪੂਰਬੀ ਆਤਮ ਨਿਰਅਰਥ ਬਣਿਆ ਤੇ ਇਸ ਤਰ੍ਹਾਂ ਪੈਦਾ ਹੋਏ ਖਲਾਅ ਵਿਚ ਸਾਮਰਾਜੀ ਚਿੰਤਨ ਨੇ ਆਪਣੇ ਅਰਥ ਭਰੇ। ਅਸਲ ਵਿਚ ਇਹੀ ਉਹ ਮੁੱਖ ਕੰਮ ਹੈ, ਜਿਸ ਨੂੰ ਕਰਨ ਨਾਲ ਬਾਕੀ ਦੋਵੇਂ ਸਰੋਕਾਰ ਆਪਣੇ ਆਪ ਹੀ ਸਪਸ਼ਟ ਹੋ ਜਾਣਗੇ।

ਇਹ ਕੰਮ ਕਰਨ ਲਈ ਇਹ ਜਾਣਨਾ ਬਹੁਤ ਜ਼ਰੂਰੀ ਹੈ ਕਿ 20ਵੀਂ ਸਦੀ ਵਿਚ ਸਾਮਰਾਜੀ ਪ੍ਰਬੰਧ ਕਿਵੇਂ ਕਿਰਿਆਵਤ ਰਿਹਾ, ਕਿਵੇਂ ਇਸ ਨੇ ਆਪਣੇ-ਆਪ ਨੂੰ ਰਾਜਨੀਤਕ ਤੌਰ ’ਤੇ ਸੰਗਠਿਤ ਕੀਤਾ। ਇਸ ਲਈ ਇਹ ਜਾਣਨਾ ਵੀ ਜ਼ਰੂਰੀ ਹੈ, ਕਿ 19ਵੀਂ ਸਦੀ ਦੇ ਪੂੰਜੀਵਾਦੀ ਪ੍ਰਬੰਧ ਨਾਲ, ਇਸ 20ਵੀਂ ਸਦੀ ਸਾਮਰਾਜੀ ਪ੍ਰਬੰਧ ਦਾ ਕੀ ਰਿਸ਼ਤਾ ਹੈ। ਇਸ ਦੇ ਨਾਲ ਹੀ ਇਹ ਜਾਣਨਾ ਵੀ ਲਾਹੇਵੰਦ ਰਹੇਗਾ, ਕਿ 19ਵੀਂ ਸਦੀ ਦੇ ਪੂੰਜੀਵਾਦੀ ਪ੍ਰਬੰਧ ਦਾ ਆਧਾਰ ਬਣੀ ‘ਪੂੰਜੀ’ ਦਾ ਆਪਣਾ ਖਾਸਾ ਕੀ ਹੈ, ਜਿਸ ਨੂੰ ਗੁਰਭਗਤ ਸਿੰਘ ਹੁਰੀ ‘ਵਿਸਮਾਦੀ ਪੂੰਜੀ’ ਵਿਚ ਬਦਲਣਾ ਚਾਹੁੰਦੇ ਹਨ।

ਇਸ ਸਮੁੱਚੇ ਵਰਤਾਰੇ ਬਾਰੇ, ਕੀਨੀਆ ਦੇ ਜੰਮਪਲ ਤੇ ਪ੍ਰਸਿੱਧ ਲੇਖਕ ਪ੍ਰੋਫੈਸਰ ਨਾਗੂਗੀ ਵਾ ਥੀਓਨਰੀ ਦਾ ਕਹਿਣਾ ਹੈ, ਕਿ ‘ਏਸ਼ੀਆਈ, ਅਫ਼ਰੀਕੀ ਅਤੇ ਲਾਤੀਨੀ ਅਮਰੀਕੀ ਦੇਸ਼ਾਂ ਦੇ ਲੋਕਾਂ ਦੇ ਮਨ ਅਤੇ ਉਨ੍ਹਾਂ ਦੀ ਕਲਪਨਾ ਅੱਜ ਵੀ ਬਸਤੀਵਾਦ ਦਾ ਸ਼ਿਕਾਰ ਹੈ। ਬੇਸ਼ੱਕ ਉਹ ਆਜ਼ਾਦ ਹੋਣ ਦੀਆਂ ਡੀਂਗਾਂ ਮਾਰਦੇ ਹਨ ਅਤੇ ਇਸ ਤਰ੍ਹਾਂ ਦੇ ਹੋਰ ਭਰਮ-ਭੁਲੇਖੇ ਵੀ ਪਾਲਦੇ ਹਨ, ਪਰ ਇਨ੍ਹਾਂ ਮੁਲਕਾਂ ਦੇ ਬੁੱਧੀਜੀਵੀ ਆਮ ਲੋਕਾਂ ਦੇ ਮਸਲਿਆਂ ਬਾਰੇ, ਜਿਵੇਂ ਉਦਾਸੀਨਤਾ ਦਾ ਪ੍ਰਗਟਾਵਾ ਕਰਦੇ ਹਨ ਅਤੇ ਜਿਵੇਂ ਇਹ ਪੜ੍ਹੇ-ਲਿਖੇ ਵਿਅਕਤੀ ਆਪਣੇ ਹੁਕਮਰਾਨ ਵਰਗ ਤੇ ਉਨ੍ਹਾਂ ਦੇ ਪੱਛਮੀ ਸਾਮਰਾਜੀ ਮਾਲਕਾਂ ਦਰਮਿਆਨ ਦੋ ਭਾਸ਼ੀਏ ਦਾ ਕੰਮ ਕਰਦੇ ਹਨ, ਉਸ ਤੋਂ ਇਨ੍ਹਾਂ ਲੋਕਾਂ ਦੇ ਮਨਾਂ ਉਤੇ ਪੱਛਮੀ ਬੋਲੀਆਂ ਦੇ ਗਲਬੇ ਤੋਂ ਇਨ੍ਹਾਂ ਦੀ ਬਿਮਾਰ ਮਾਨਸਿਕਤਾ ਬਾਰੇ ਬਿਲਕੁਲ ਸਪਸ਼ਟ ਹੋ ਜਾਂਦਾ ਹੈ।

ਪ੍ਰੋ. ਨਾਗੂਗੀ ਮੁਤਾਬਕ, “ਮਾਂ ਬੋਲੀ ਹਰ ਵਿਅਕਤੀ ਲਈ ਬਿੰਬ ਸਿਰਜਦੀ ਹੈ। ਬਿੰਬ, ਜੋ ਜ਼ਿੰਦਗੀ ਦੇ ਸੁਪਨਸਾਜ਼ ਹਨ, ਬਿੰਬ, ਜੋ ਕਲਪਨਾ ਦੇ ਸਰੋਤ ਹਨ, ਬਿੰਬ, ਜੋ ਸੋਚ ਦਾ ਤਾਣਾ-ਪੇਟਾ ਉਣਦੇ ਹਨ; ਬਿੰਬ, ਜੋ ਸਮਾਜੀ-ਸਿਆਸੀ-ਆਰਥਿਕ ਸਮਾਜੀ, ਰਾਜਸੀ, ਆਰਥਿਕ ਤੇ ਭੂਗੋਲਿਕ ਚੌਗਿਰਦੇ ਵਿਚੋਂ ਲੰਬੇ ਸਮੇਂ ਦੌਰਾਨ ਵਿਕਾਸ ਕਰਦੀ ਹੈ। ਪਰ ਪਿਛਲੇ ਤਿੰਨ ਚਾਰ ਸੌ ਸਾਲਾਂ ਵਿਚ ਪੱਛਮ ਦੇ ਕੁਝ ਤਾਕਤਵਰ ਦੇਸ਼ ਸ਼ਕਤੀ ਦੇ ਕੇਂਦਰ ਵਜੋਂ ਸਥਾਪਤ ਹੋ ਗਏ ਹਨ ਅਤੇ ਸਿੱਧੇ-ਅਸਿੱਧੇ ਤਰੀਕੇ ਨਾਲ ਸਾਡੀ ਰੋਜ਼ਮਰਾ ਦੀ ਜ਼ਿੰਦਗੀ ਵਿਚ, ਉਨ੍ਹਾਂ ਦੀ ਬੋਲੀ ਲਗਾਤਾਰ ਇਕ ਛਾਪ ਛੱਡਦੀ ਗਈ ਹੈ। ਜਰਵਾਣੇ ਸਾਮਰਾਜੀਆਂ ਦੀ ਬੋਲੀ ਸਾਡੇ ’ਤੇ ਆਪਣੇ ਬਿੰਬ ਠੋਸਦੀ ਗਈ ਹੈ ਅਤੇ ਸਾਡੀ ਕਲਪਨਾ ਨੂੰ ਆਪਣੇ ਪੱਛਮੀ ਬਿੰਬਾਂ ਦੇ ਖੰਬ ਲਾਉਂਦੀ ਰਹੀ ਹੈ। ਪੱਛਮੀ ਮੁਹਾਵਰੇ ਵਿਚ ਗੜੁੱਚ ਅਸੀਂ ਜਾਣੇ-ਅਣਜਾਣੇ ਆਪਣੀ ਦੇਸੀ ਫਿਜ਼ਾ ਵਿਚ ਬਿਦੇਸ਼ੀ ਸੋਚ ਦੇ ਪਰਿੰਦੇ ਬਣ ਕੇ, ਉਡਾਣਾਂ ਭਰਦੇ ਹਾਂ ਤੇ ਫਿਰ ਅਸੀਂ ਪੱਛਮੀ ਰਾਜਨੀਤਕ ਤੌਰ ਤਰੀਕਿਆਂ ਦੀ ਹਾਮੀ ਭਰਦੇ ਹੋਏ, ਆਪਣੀਆਂ ਸਮੱਸਿਆਵਾਂ ਦੇ ਹੱਲ ਲਈ ਪੱਛਮੀ ਮੰਤਰਾਂ ਦਾ ਜਾਪ ਕਰਦੇ ਹਾਂ। ਇਉਂ ਸਾਮਰਾਜੀ ਰਹਿਣ-ਸਹਿਣ, ਸੋਚ ਤੇ ਕਲਚਰ ਸਾਡੇ ਮਨਾਂ ’ਤੇ ਕਬਜ਼ਾ ਜਮਾਅ ਲੈਂਦਾ ਹੈ। ਇਸ ਤਰ੍ਹਾਂ ਸਾਡੇ ਮਨ ਪੱਛਮ ਦੇ ਗੁਲਾਮ ਹੋ ਗਏ ਹਨ।

ਇਸ ਸਮਾਜਿਕ-ਸਭਿਆਚਾਰਕ ਕਦਰਾਂ-ਕੀਮਤਾਂ ਦੇ ਹਮਲੇ ਦੇ ਸਿੱਟੇ ਵਜੋਂ, ਇਕ ਆਪ ਠੋਸੀ ਆਤਮਿਕ (ਰੂਹਾਨੀ) ਕੰਗਾਲੀ ਅਤੇ ਮਨ ਦਾ ਅੰਨ੍ਹਾਪਣ ਪੈਦਾ ਹੋ ਗਿਆ ਹੈ। ਬਸਤੀਵਾਦ ਦਾ ਸ਼ਿਕਾਰ ਰਹੇ ਇਨ੍ਹਾਂ ਦੇਸ਼ਾਂ ਦੇ ਲੋਕਾਂ ਦੀ ਬਦਕਿਸਮਤੀ ਇਹ ਹੈ, ਕਿ ਆਤਮਿਕ ਤੌਰ ’ਤੇ ਕੰਗਾਲ ਅਤੇ ਮਨ ਦੇ ਅੰਨ੍ਹੇ ਅੰਗਰੇਜ਼ੀਪ੍ਰਸਤ ਲੋਕਾਂ ਦਾ ਇਹ ਗ੍ਰੋਹ, ਅੱਜ ਇਨ੍ਹਾਂ ਮੁਲਕਾਂ ਦਾ ਹੁਕਮਰਾਨ ਵਰਗ ਬਣ ਗਿਆ ਹੈ।’

ਇਹ ਵਰਤਾਰਾ ਸਾਡੇ ਮਨਾਂ ਦੀ ਬਸਤੀਵਾਦੀ ਗੁਲਾਮੀ ਨੂੰ ਲਗਾਤਾਰ ਪਕੇਰਾ ਕਰ ਰਿਹਾ ਹੈ। ਲੋਕਾਂ ਨੂੰ ਪਤਾ ਹੀ ਨਹੀਂ ਲੱਗਦਾ, ਕਿ ਉਨ੍ਹਾਂ ਨਾਲ ਕੁਝ ਵਾਪਰਿਆ ਵੀ ਹੈ। ਉਹ ਅਣਜਾਣੇ ਵਿਚ ਸਹਿਜੇ ਹੀ ਮਾਨਸਿਕ ਗੁਲਾਮੀ ਦਾ ਸ਼ਿਕਾਰ ਹੋ ਰਹੇ ਹਨ। ਇਹ ਵਰਤਾਰਾ ਬਹੁਤੇ ਗੁਲਾਮ ਮੁਲਕਾਂ ਅੰਦਰ ਪਿਛਲੀਆਂ ਦੋ ਸਦੀਆਂ ਵਿਚ ਵਾਪਰਿਆ ਹੈ ਤੇ ਅੱਜ ਵੀ ਵਾਪਰ ਰਿਹਾ ਹੈ।

ਇਥੇ ਖਾਸ ਧਿਆਨ ਦੇਣ ਯੋਗ ਨੁਕਤਾ ਇਹ ਹੈ ਕਿ ਇਸ ਵਰਤਾਰੇ ਨੇ ਪਛੜੇ ਦੇਸ਼ਾਂ ਦੇ ਨਾਲ-ਨਾਲ ਸਾਮਰਾਜੀ ਮੁਲਕਾਂ ਦੇ ਲੋਕਾਂ ਨੂੰ ਵੀ ਮਨੋਰੋਗੀ ਬਣਾ ਦਿੱਤਾ ਹੈ। ਪਛੜੇ ਦੇਸ਼ਾਂ ਦੇ ਲੋਕਾਂ ਦਾ ਮਨ ਅਤੇ ਉਨ੍ਹਾਂ ਦੀ ਕਲਪਨਾ ਜੇ ਬਸਤੀਵਾਦ ਦਾ ਸ਼ਿਕਾਰ ਹੈ, ਸਾਮਰਾਜੀ (ਆਰਥਿਕ ਰਾਜਨੀਤਕ ਰਿਸ਼ਤਿਆਂ ਦੇ) ਸਭਿਆਚਾਰ ਦੀ ਗੁਲਾਮ ਹੈ, ਤਾਂ ਅਖੌਤੀ ਵਿਕਸਿਤ (ਸਾਮਰਾਜੀ) ਮੁਲਕਾਂ ਦੇ ਲੋਕ, ਜਿਹੜੇ ਪੱਛੜੇ ਦੇਸ਼ਾਂ ਦੇ ਇਨ੍ਹਾਂ ਲੋਕਾਂ ਦੀ ਮਾਨਸਿਕਤਾ ਨੂੰ ਜਕੜੀ ਬੈਠੇ ਹਨ, ਖੁਦ ਮਾਨਸਿਕ ਤੌਰ ’ਤੇ ਅਤਿ ਦੇ ਭੋਗੀ ਸਾਮਰਾਜੀ ਸਭਿਆਚਾਰ ਦੇ ਗੁਲਾਮ ਹਨ। ਪਛੜੇ ਦੇਸ਼ਾਂ ਦੇ ਲੋਕਾਂ ਦੀ ਸਾਮਰਾਜੀ ਲੁੱਟ ’ਚੋਂ, ਸਹੂਲਤਾਂ ਦੇ ਰੂਪ ਵਿਚ ਮਿਲ ਰਹੀ ਰਿਸ਼ਵਤ ਨੇ ਉਨ੍ਹਾਂ ਨੂੰ ਪਰਜੀਵੀ ਬਣਾ ਦਿੱਤਾ ਹੈ।

ਸਾਮਰਾਜੀ ਅਤੇ ਪਛੜੇ ਮੁਲਕਾਂ ਦੇ ਲੋਕਾਂ ਦਾ ਇਹ ਆਪਸੀ ਰਿਸ਼ਤਾ ਅੱਜ ਇਕ ਠੋਸ ਹਕੀਕਤ ਹੈ। ਸਾਮਰਾਜੀ ਮੁਲਕਾਂ ਦੇ ਬਹੁਗਿਣਤੀ ਲੋਕ ਆਪਣੀ ਖਪਤਕਾਰੀ ਹਾਬੜ ਪੂਰੀ ਕਰਨ ਲਈ, ਪਛੜੇ ਗਰੀਬ ਮੁਲਕਾਂ ਦੇ ਲੋਕਾਂ ਨੂੰ ਮਾਨਸਿਕ ਤੌਰ ’ਤੇ ਆਪਣਾ ਗੁਲਾਮ ਬਣਾਈ ਬੈਠੇ ਹਨ। ਇਹ ਖਪਤਕਾਰੀ ਹਾਬੜ ਵੀ ਕੁਦਰਤ ਤੋਂ ਟੁੱਟੇ ਹੋਣ, ਆਪਣੀਆਂ ਕੁਦਰਤੀ ਲੋੜਾਂ ਤੋਂ ਅਣਜਾਣ ਹੋਣ ਭਾਵ ਉਨ੍ਹਾਂ ਦੀ ਰੂਹਾਨੀਅਤ ਕੰਗਾਲੀ ਅਤੇ ਮਨ ਦੇ ਅੰਨ੍ਹੇਪਣ ਦਾ ਹੀ ਪ੍ਰਗਟਾਵਾ ਹੈ। ਇਹੀ ਅੱਜ ਦੇ ਸੰਸਾਰ ਦੀ ਹਕੀਕਤ ਹੈ ਅਤੇ ਦੁਨੀਆ ਭਰ ਦੇ ਮਨੁੱਖ ਦੀ ਇਹੀ ਮੁੱਖ ਸਮੱਸਿਆ ਹੈ।

ਮਨੁੱਖ ਦਾ ਆਤਮ, ਉਸ ਦੀ ਮਾਨਸਿਕਤਾ ਭਾਵ ਮਨ ਅਤੇ ਸੋਚ ਦਾ ਜਮ੍ਹਾਂ ਜੋੜ ਹੈ। ਪਛੜੇ ਦੇਸ਼ਾਂ ਦੇ ਲੋਕਾਂ ਦੀ ਇਹੀ ਮਾਨਸਿਕਤਾ ਅੱਜ ਪੱਛਮੀ ਸਾਮਰਾਜੀ ਸਭਿਅਤਾ ਦੀ ਗੁਲਾਮੀ ਹੈ। ਇਹ ਗੁਲਾਮੀ ਮਾਨਸਿਕਤਾ ਕਾਰਨ ਹੀ ਸਾਮਰਾਜੀ ਵਿਆਖਿਆ ਸ਼ਾਸਤਰ ਮਨੁੱਖੀ ਮਨ ਦੀ ਪ੍ਰਵਾਨਗੀ ਹਾਸਲ ਕਰਨ ਦੇ ਯੋਗ ਹੋਇਆ ਹੈ, ਪੂਰਬੀ ਆਤਮ ਨਿਰਅਰਥ ਬਣਿਆ ਹੈ ਅਤੇ ਇਸ ਤਰ੍ਹਾਂ ਪੈਦਾ ਹੋਏ ਖਲਾਅ ਵਿਚ ਸਾਮਰਾਜੀ ਚਿੰਤਨ ਨੇ ਆਪਣੇ ਅਰਥ ਭਰੇ ਹਨ। ਅਰਥਾਤ ਅੱਜ ਦੁਨੀਆ ਭਰ ਦੇ ਲੋਕਾਂ ਦਾ ਮਨ ਅਤੇ ਸੋਚ ਸਾਮਰਾਜੀ ਆਰਥਿਕ ਰਿਸ਼ਤਿਆਂ ਅਤੇ ਇਨ੍ਹਾਂ ਰਿਸ਼ਤਿਆਂ ਕਾਰਨ ਬਣੀ ਸੋਚ ਦੀ ਗੁਲਾਮ ਹੈ।

ਇਹੀ ਸਮੱਸਿਆ ਬਾਕੀ ਹੋਰਨਾਂ ਸਾਰੀਆਂ ਸਮੱਸਿਆਵਾਂ ਦੀ ਜੜ੍ਹ ਹੈ। ਅਨੇਕਾਂ ਮਾਨਸਿਕ ਰੋਗਾਂ ਅਤੇ ਮਨੁੱਖ ਦੇ ਨਿਰੰਤਰ ਤਣਾਅ ਵਿਚ ਰਹਿਣ ਦਾ ਮੁੱਖ ਕਾਰਨ ਵੀ ਇਹੀ ਹੈ। ਧਰਤੀ ਉੱਤੇ ਵਧ ਰਹੀ ਤਪਸ਼ ਇਸੇ ਕਾਰਨ ਹੈ। ਕਿਉਂਕਿ ਹਾਬੜੀ ਸਾਮਰਾਜੀ ਖਪਤਕਾਰੀ ਕਾਰਨ ਹੋ ਰਹੇ ਬੇਲੋੜੇ ਸਨਅਤੀਕਰਨ ਨੇ, ਕੁਦਰਤੀ ਵਾਤਾਵਰਣ ਨੂੰ ਤਬਾਹ ਕਰ ਦਿੱਤਾ ਹੈ। ਸ਼ਰੇਆਮ ਜਾਣਦੀ ਬੁਝਦੀ ਮਨੁੱਖ ਜਾਤੀ ਆਪਣੀ ਆਤਮਿਕ ਕੰਗਾਲੀ ਅਤੇ ਮਨ ਦੇ ਅੰਨ੍ਹੇਪਣ ਕਾਰਨ ਆਪਣੇ ਅੰਤ ਵੱਲ ਦੌੜੀ ਜਾ ਰਹੀ ਹੈ। ਜਾਪਾਨ ਅੰਦਰ ਹੋਈ ਭਿਆਨਕ ਤਬਾਹੀ ਇਸ ਵਰਤਾਰੇ ਦੀ ਮੂੰਹ ਬੋਲਦੀ ਤਸਵੀਰ ਹੈ। ਰਾਜਨੀਤਕ ਤੌਰ ’ਤੇ ਇਕ ਚੇਤੰਨ ਦੇਹਗਤ ਆਤਮ ਸੰਗਠਿਤ ਕਰਨ, ਪ੍ਰਤੀ ਪ੍ਰਭੂਤਵੀ ਜਾਂ ਕਾਉਂਟਰ ਹੈਜਿਮੌਨਿਕ ਰਾਜ ਦੀ ਸੁਪਨਸਾਜੀ ਅਤੇ ਅਭਿਆਸ ਤੇ ਨਿਆਂ ਲਈ ਕਿਰਿਆਸ਼ੀਲ ਹੋਣ ਵਾਸਤੇ, ਇਨ੍ਹਾਂ ਸਾਮਰਾਜੀ ਆਰਥਿਕ

ਰਿਸ਼ਤਿਆਂ ਅਤੇ ਇਨ੍ਹਾਂ ਕਾਰਨ ਬਣੀ ਮਾਨਸਿਕਤਾ ਤੋਂ ਮੁਕਤ ਹੋਣ ਦੀ ਲੋੜ ਹੈ।

ਅੱਜ ਤੋਂ ਪੰਜ ਸਦੀਆਂ ਪਹਿਲਾਂ ਗੁਰੂ ਨਾਨਕ ਸਾਹਿਬ ਨੇ, ਆਪਣੇ ਵੇਲੇ ਦੀ ਮਨੁੱਖੀ ਮਾਨਸਿਕਤਾ ਦਾ ਜ਼ਿਕਰ ਕਰਦਿਆਂ ਹੋਇਆਂ, ਕਿਹਾ ਸੀ

* ਲਬੁ ਪਾਪੁ ਦੁਇ ਰਾਜਾ ਮਹਤਾ ਕੂੜੁ ਹੋਆ ਸਿਕਦਾਰੁ॥

ਕਾਮੁ ਨੇਬੁ ਸਦਿ ਪੁਛੀਐ ਬਹਿ ਬਹਿ ਕਰੇ ਵੀਚਾਰੁ॥

(ਗੁਰੂ ਗ੍ਰੰਥ ਸਾਹਿਬ, ਪੰਨਾ 469)

ਭਾਵ ਮਨੁੱਖ ਦੇ ਮਸਤਕ ਵਿਚ ਲਾਲਚ ਏਨਾ ਹਾਵੀ ਹੋ ਗਿਆ ਹੈ, ਮਾਨੋ ਉਹ ਸਾਰੇ ਗਿਆਨ ਅਤੇ ਕਰਮ ਇੰਦ੍ਰਿਆ ਦਾ ਰਾਜਾ ਬਣ ਬੈਠਾ ਹੈ, ਇਸ ਰਾਜੇ ਦਾ ਵਜ਼ੀਰ ਪਾਪ (ਸਮਾਜ ਵਿਰੋਧੀ ਵਰਤਾਰਾ) ਹੈ, ਝੂਠ ਦਾ ਬੋਲਬਾਲਾ ਹੈ, ਕਾਮ ਵਾਸਨਾ ਇਸ ਦੇ ਸਿਰ ਨੂੰ ਚੜ੍ਹੀ ਹੋਈ ਹੈ। ਇਹੀ ਮਾਨਸਿਕਤਾ ਅੱਜ, ਉਸ ਤੋਂ ਵੀ ਕਿਤੇ ਵਡੇਰੇ ਰੂਪ ਵਿਚ ਸਾਰੇ ਸੰਸਾਰ ਦੀ ਹਕੀਕਤ ਬਣੀ ਹੋਈ ਹੈ।

ਮਾਰਕਸ ਨੇ ਇਸ ਸਮੁੱਚੇ ਵਰਤਾਰੇ ਦੀ ਜੜ੍ਹ ਪੂੰਜੀਵਾਦੀ ਪ੍ਰਬੰਧ ਨੂੰ ਦੱਸਦਿਆਂ ਹੋਇਆਂ ਹੀ, ਇਸ ਪ੍ਰਬੰਧ ਨੂੰ ਉਲਟਾਉਣ ਅਤੇ ਇਸ ਦੀ ਥਾਂ ਸਾਂਝੀਵਾਲਤਾ ਉਤੇ ਆਧਾਰਿਤ ਸਮਾਜ ਦੀ ਉਸਾਰੀ ਦਾ ਸੱਦਾ ਦਿੱਤਾ ਸੀ, ਤਾਂ ਕਿ ਇਕ ਪੂਰਨ ਮਨੁੱਖ ਦੀ ਸਿਰਜਣਾ ਹੋ ਸਕੇ। ਇਸੇ ਪੂਰਨ ਮਨੁੱਖ ਨੂੰ ਹੀ ਮਾਰਕਸ ਨੇ ਕਮਿਊਨਿਸਟ ਦਾ ਨਾਂ ਦਿੱਤਾ ਸੀ ਅਤੇ ਇਹੋ ਜਿਹੇ ਮਨੁੱਖਾਂ ਦੇ ਸਮਾਜ ਦੀ ਸਿਰਜਣਾ ਹੀ ਉਸ ਦੇ ਇਨਕਲਾਬ ਦਾ ਨਿਸ਼ਾਨਾ ਸੀ।


ਮਾਰਕਸ ਦੇ ਕਥਨ ਅਨੁਸਾਰ, "ਨਿੱਜੀ ਜਾਇਦਾਦ (ਦੀ ਹੋਂਦ ਤੇ ਸੋਚ) ਨੇ ਸਾਨੂੰ ਏਨਾ ਮੂਰਖ ਅਤੇ ਇਕਹਿਰੀ ਸੋਚ ਦਾ ਧਾਰਨੀ ਬਣਾ ਦਿੱਤਾ ਹੈ, ਕਿ ਅਸੀਂ ਸਮਝਦੇ ਹਾਂ, ਕਿ ਕੋਈ ਵੀ ਚੀਜ਼ ਸਿਰਫ਼ ਤਾਂ ਹੀ ਸਾਡੀ ਹੈ, ਜੇ ਉਹ ਸਾਡੇ ਕੋਲ ਹੈ, ਜਦੋਂ ਉਸ ਦੀ ਹੋਂਦ ਪੈਸੇ ਵਜੋਂ ਸਾਡੇ ਲਈ ਹੈ, ਜਾਂ ਜਦੋਂ ਉਹ ਸਿੱਧੀ ਸਾਡੇ ਕਬਜ਼ੇ ਵਿਚ ਹੈ।"

ਮਾਰਕਸ ਨੇ ਨਿੱਜੀ ਜਾਇਦਾਦ ਦੇ ਪ੍ਰਗਟ ਰੂਪ ਪੈਸੇ ਦੀ ਅਣਮਨੁੱਖੀ ਸ਼ਕਤੀ ਦੀ ਵਿਆਖਿਆ ਕਰਦਿਆਂ ਹੀ ਕਿਹਾ ਸੀ, "ਜੇ ਪੈਸਾ ਮੈਨੂੰ ਮਨੁੱਖੀ ਜ਼ਿੰਦਗੀ ਨਾਲ ਬੰਨ੍ਹਦਾ ਹੈ, ਸਮਾਜ ਨੂੰ ਮੇਰੇ ਨਾਲ ਬੰਨ੍ਹਦਾ ਹੈ, ਮੈਨੂੰ ਮਨੁੱਖ ਅਤੇ ਕੁਦਰਤ ਨਾਲ ਜੋੜਦਾ ਹੈ, ਤਾਂ ਫਿਰ ਕੀ ਪੈਸਾ ਹੀ ਸਾਰੇ ਰਿਸ਼ਤਿਆਂ ਦਾ ਜਮ੍ਹਾ ਜੋੜ ਨਹੀਂ? ਫਿਰ ਕੀ ਇਹ ਸਾਰੇ ਰਿਸ਼ਤਿਆਂ ਨੂੰ ਜੋੜ ਅਤੇ ਤੋੜ ਨਹੀਂ ਸਕਦਾ? ਫਿਰ ਕੀ ਇਹ ਸਾਰੇ ਰਿਸ਼ਤਿਆਂ ਦਾ ਸਰਬ-ਵਿਆਪੀ ਤੋੜਕ ਨਹੀਂ? ਇਹ ਪੈਸਾ ਹੀ ਹੈ, ਜਿਹੜਾ ਅਮਲੀ ਤੌਰ 'ਤੇ ਤੋੜਦਾ ਅਤੇ ਜੋੜਦਾ ਹੈ, ਸਮਾਜ ਦੀ ਰਸਾਇਣਕ ਸ਼ਕਤੀ?"

ਸਮਾਜ ਦੀ ਇਹ ਕੂੜੀ ਰਸਾਇਣਕ ਸ਼ਕਤੀ ਮਨੁੱਖੀ ਰਿਸ਼ਤਿਆਂ ਤੇ ਮਨੁੱਖੀ ਸੋਚ ਨੂੰ ਕਿਵੇਂ ਉਲਟਾ ਕਰ ਦਿੰਦੀ ਹੈ ਤੇ ਮਨੁੱਖੀ ਗੁਣਾਂ ਦਾ ਘਾਣ ਕਰਦੀ ਹੈ, ਇਸ ਦੀ ਵਿਆਖਿਆ ਵੀ ਮਾਰਕਸ ਨੇ ਬੜੇ ਗੰਭੀਰ ਸ਼ਬਦਾਂ ਵਿਚ ਕੀਤੀ ਹੈ, "ਪੈਸਾ ਦੋਹਾਂ-ਨਿੱਜੀ ਅਤੇ ਸਮਾਜੀ ਰਿਸ਼ਤਿਆਂ-ਵਿਚ ਵਿਗਾੜ ਜਾਂ ਚਿੱਬ ਪਾਉਣ ਵਾਲੀ ਸ਼ਕਤੀ ਹੈ, ਜਿਹੜੀ ਆਪਣੇ-ਆਪ ਵਿਚ ਆਜ਼ਾਦ ਹੋਂਦ ਰੱਖਣ ਦਾ ਦਾਅਵਾ ਕਰਦੀ ਹੈ।.... ਪੈਸਾ ਮਨੁੱਖੀ ਕਦਰ ਦੀ ਹੋਂਦ ਰੱਖਦਾ ਅਤੇ ਸਰਗਰਮ ਸੰਕਲਪ ਹੈ, ਇਸ ਲਈ ਇਹ ਸਾਰੀਆਂ ਚੀਜ਼ਾਂ ਨੂੰ ਇਕ ਦੂਜੇ ਵਿਚ ਰਲਗੱਡ ਕਰਕੇ ਉਲਝਾ ਦਿੰਦਾ ਹੈ, ਦੁਨੀਆ ਨੂੰ ਸਿਰ ਪਰਨੇ ਖੜ੍ਹੇ ਕਰ ਦਿੰਦਾ ਹੈ, ਮਨੁੱਖ ਦੇ ਸਾਰੇ ਕੁਦਰਤੀ ਅਤੇ ਮਨੁੱਖੀ ਗੁਣਾਂ ਨੂੰ ਗਡਮਡ ਕਰਕੇ ਉਲਟਾ ਦਿੰਦਾ ਹੈ।"

ਨਿੱਜੀ ਜਾਇਦਾਦ ਤੇ ਇਸ ਦਾ ਪ੍ਰਗਟ ਰੂਪ ਪੈਸਾ ਅਸਲੀ ਮਨੁੱਖੀ ਗੁਣਾਂ ਦਾ ਘਾਣ ਕਰ ਦਿੰਦਾ ਹੈ। ਫਿਰ ਇਨ੍ਹਾਂ ਰਿਸ਼ਤਿਆਂ ਦੁਆਲੇ ਉਸਰਿਆ ਸਮਾਜ ਮਾਨਸਿਕ ਤੌਰ 'ਤੇ ਤੰਦਰੁਸਤ ਕਿਵੇਂ ਹੋ ਸਕਦਾ ਹੈ? ਇਸ ਨਿੱਜੀ ਜਾਇਦਾਦ ਦੀ ਹੋਂਦ, ਸੋਚ ਅਤੇ ਇਸ ਦੇ ਪ੍ਰਗਟ ਰੂਪ ਪੈਸੇ ਦੁਆਲੇ ਉਸਰੇ ਰਾਜਨੀਤਕ, ਆਰਥਿਕ, ਸਭਿਆਚਾਰਕ ਪ੍ਰਬੰਧ ਨੇ, ਅੱਜ ਮਨੁੱਖ ਦੀ ਰੂਹਾਨੀ ਜ਼ਿੰਦਗੀ ਮੁਕੰਮਲ ਤੌਰ 'ਤੇ ਖਤਮ ਕਰ ਦਿੱਤੀ ਹੈ। ਰੂਹਾਨੀਅਤ ਵਿਹੂਣੇ ਇਸ ਮਨੁੱਖ ਨੇ ਸਾਮਰਾਜੀ ਖਪਤਕਾਰੀ ਦਾ ਸ਼ਿਕਾਰ ਹੋ ਕੇ, ਆਪਣੇ ਮਨ ਤੇ ਤਨ ਦੇ ਸਹਿਜੇ ਰਿਸ਼ਤੇ ਨੂੰ ਭੁਲਾ ਦਿੱਤਾ ਹੈ ਅਤੇ ਲਗਾਤਾਰ ਉਹ ਆਪਣੀ ਜਜ਼ਬਾਤੀ ਹੋਂਦ ਖਤਮ ਕਰਦਾ ਜਾ ਰਿਹਾ ਹੈ। ਜਜ਼ਬਾਤ ਵਿਹੂਣੇ ਇਹੀ ਮਨੋਰੋਗੀ (ਅਮੀਰ ਤੇ ਮੱਧ ਵਰਗੀ) ਮਨੁੱਖ ਅੱਜ ਸਾਡੇ ਰਾਜਪ੍ਰਬੰਧ ਦੀ ਰੀੜ੍ਹ ਦੀ ਹੱਡੀ ਬਣਿਆ ਹੋਇਆ ਹੈ।

18-19ਵੀਂ ਸਦੀ ਅੰਦਰ ਪੂੰਜੀਵਾਦ ਨੇ ਜਾਗੀਰਦਾਰੀ ਤੇ ਰਜਵਾੜਾਸ਼ਾਹੀ ਨਾਲ ਆਪਣੇ ਟਕਰਾਅ ਵਿਚੋਂ, ਜਿਹੜੀਆਂ ਕੁਝ ਕੁ ਅਗਾਂਹਵਧੂ ਕਦਰਾਂ ਕੀਮਤਾਂ ਸਥਾਪਿਤ ਕੀਤੀਆਂ ਸਨ, ਸਾਮਰਾਜੀ ਦੌਰ ਵਿਚ ਆ ਕੇ ਉਹ ਵੀ ਖਤਮ ਹੋ ਰਹੀਆਂ ਹਨ। ਇਹ ਉਹ ਸਾਮਰਾਜੀ ਪਿਛੋਕੜ ਹੈ, ਜਿਸ ਵਿਚ 'ਸ਼ਾਸਕ ਪ੍ਰਬੰਧ ਅਤੇ ਇਸ ਦੇ ਸਰਦਾਰਾਂ' ਨੇ, 'ਵਿਚਾਰਧਾਰਾ, ਪ੍ਰਬੰਧ ਅਤੇ ਇਸ ਦੇ ਸੂਖਮ ਸੰਚਾਲਨ ਰਾਹੀਂ, ਮਨੁੱਖੀ ਦੇਹ (ਮਨ) ਨੂੰ ਪੂਰੀ ਤਰ੍ਹਾਂ ਕਾਬੂ ਕਰ ਲਿਆ ਹੈ', 'ਸਾਮਰਾਜੀ ਸ਼ਾਸਕਾਂ ਨੇ ਵਿਆਖਿਆ ਦੇ ਅਨੇਕਾਂ ਅਜਿਹੇ ਰੂਪ ਤਿਆਰ ਕੀਤੇ ਹਨ, ਜਿਨ੍ਹਾਂ ਨੇ ਨਾ ਸਿਰਫ ਪੂਰਬੀ, ਸਗੋਂ ਪੱਛਮੀ ਮਨੁੱਖ ਦਾ ਆਤਮ ਵੀ ਨਿਰਅਰਥ ਬਣਾ ਦਿੱਤਾ ਹੈ।'



ਅੱਜ ਰਾਜਨੀਤਕ ਤੌਰ 'ਤੇ ਚੇਤੰਨ ਦੇਹਗਤ ਆਤਮ ਸੰਗਠਨ ਕਰਨ ਲਈ ਸਾਮਰਾਜੀ ਰਾਜਪ੍ਰਬੰਧ ਤੇ ਇਸ ਦੀ ਸੋਚ ਨੂੰ ਨਿਰਅਰਥ ਕਰਨ ਵਾਸਤੇ, ਬਦਲਵੀਂ ਸੋਚ ਅਤੇ ਬਦਲਵੇਂ ਰਾਜਪ੍ਰਬੰਧ ਦਾ ਸੰਕਲਪ ਸਪਸ਼ਟ ਕਰਨ ਦੀ ਲੋੜ ਹੈ। ਅੱਜ ਦੀ ਹਾਲਤ ਵਿਚ ਇਹ ਬਦਲਵੀਂ ਸੋਚ 'ਹੁਕਮਿ ਰਾਜਾਈ ਚਲਣਾ' ਅਤੇ 'ਮਨਿ ਜੀਤੈ ਜਗੁ ਜੀਤੁ' ਹੈ ਤੇ ਬਦਲਵੇਂ ਰਾਜਪ੍ਰਬੰਧ ਦਾ ਸੰਕਲਪ 'ਹਲੇਮੀ ਰਾਜ' ਅਤੇ 'ਬੇਗਮਪੁਰਾ' ਸਮਾਜ ਹਨ।

ਗੁਰਭਗਤ ਸਿੰਘ ਹੁਰਾਂ ਨੂੰ ਗੁਰੂ ਨਾਨਕ ਸਾਹਿਬ ਦੀ ਬਾਣੀ ਦਾ ਅਧਿਐਨ ਕਰਨ ਨਾਲ ਇਹ ਹੈਰਾਨ ਕਰਨ ਵਾਲਾ ਗਿਆਨ ਹੁੰਦਾ ਹੈ, ਕਿ ਉਹ ਆਪਣੇ ਸਮੇਂ ਵਿਚ ਇਸ ਬਾਰੇ ਚੰਗੀ ਤਰ੍ਹਾਂ ਸੁਚੇਤ ਸਨ, ਕਿ ਤਬਦੀਲੀ ਲਿਆਉਣ ਲਈ ਆਤਮ ਦੀ ਨਵ-ਉਸਾਰੀ ਕਰਨੀ ਜ਼ਰੂਰੀ ਹੈ। ਉਨ੍ਹਾਂ ਦੇ ਸ਼ਬਦਾਂ 'ਚ, 'ਸੱਚ ਤਾਂ ਇਹ ਹੈ, ਕਿ ਗੁਰੂ ਸਾਹਿਬ ਦੀ ਬਾਣੀ ਦਾ ਪ੍ਰਧਾਨ ਮੁੱਦਾ ਹੀ, ਦੇਹਗਤ ਆਤਮ ਦੀ ਨਵ-ਉਸਾਰੀ ਹੈ।' ਇਸ ਦੀ ਪੁਸ਼ਟੀ ਲਈ ਉਹ ਗੁਰੂ ਸਾਹਿਬ ਦਾ ਰਾਗ ਆਸਾ ਵਿਚ ਉਚਾਰਿਆ ਇਹ ਸ਼ਬਦ ਦੁਹਰਾਉਂਦੇ ਹਨ :

**ਮਨ ਮੰਦਰਿ ਜੇ ਦੀਪਕ ਜਾਲੇ ਕਾਇਆ ਸੇਜ ਕਰੇਈ॥**

**ਗਿਆਨ ਰਾਉ ਜਬ ਸੇਜੈ ਆਵੈ ਤ ਨਾਨਕ ਭੋਗ ਕਰੇਈ॥**

**(ਗੁਰੂ ਗ੍ਰੰਥ ਸਾਹਿਬ, ਪੰਨਾ 359)**

ਉਨ੍ਹਾਂ ਦੇ ਕਥਨ ਅਨੁਸਾਰ, "ਨਵਾਂ ਦੇਹਗਤ ਆਤਮ ਜੋ ਪ੍ਰਤੀਪ੍ਰਭੁਤਵੀ ਹੋਵੇ, ਕੇਵਲ ਗਿਆਨ ਨਾਲ ਹੀ ਬਣ ਸਕਦਾ ਹੈ।"...."ਗਿਆਨ ਦਾ ਮੁਜੱਸਮਾ, ਗੁਰੂ ਨਾਨਕ ਦੇਵ ਅਨੁਸਾਰ ਵਾਹਿਗੁਰੂ ਹੈ। ਉਸ ਨਾਲ ਗੂੜਾ ਮੇਲ ਹੋਣ ਉਪਰੰਤ ਹੀ ਆਤਮ ਗੁਣਾਤਮਕ ਤੌਰ 'ਤੇ ਬਦਲ ਸਕਦਾ ਹੈ" ਅਤੇ ਇਸ ਪ੍ਰਾਪਤੀ ਲਈ ਪਹਿਲਾਂ "ਮਨ ਨੂੰ ਚਿੰਤਨ ਰਾਹੀਂ ਸੁੱਚਾ ਕਰਨਾ ਪਵੇਗਾ।"

ਹੁਣ ਇਥੇ ਸੁਆਲ ਪੈਦਾ ਹੁੰਦਾ ਹੈ ਕਿ ਜੇ ਗਿਆਨ ਦਾ ਮੁਜੱਸਮਾ ਵਾਹਿਗੁਰੂ ਹੈ ਤਾਂ ਫਿਰ ਇਸ ਦੀ ਪ੍ਰਾਪਤੀ ਲਈ ਕਿਹੜਾ 'ਚਿੰਤਨ' ਕੀਤਾ ਜਾਵੇ, ਜਿਸ ਨਾਲ ਮਨ ਸੁੱਚਾ ਹੋਵੇ? ਇਹ 'ਚਿੰਤਨ ਗਿਆਨ' ਦੀ ਕਿਹੜੀ ਧਾਰਾ ਹੈ, ਜਿਹੜੀ ਵਾਹਿਗੁਰੂ ਦੀ ਪ੍ਰਾਪਤੀ ਨਾਲ ਮਨ ਨੂੰ ਸੁੱਚਾ ਕਰੇ ਤੇ ਮਨ ਦੂਜਿਆਂ ਦਾ ਵਿਕਾਸ ਰੋਕਣ ਵਾਲੀਆਂ, ਰੱਤ ਪੀਣ ਵਾਲੀਆਂ ਅਤੇ ਅੰਧਕਾਰ ਲਿਆਉਣ ਵਾਲੀਆਂ ਭਾਵਨਾਵਾਂ ਤੋਂ ਮੁਕਤ ਹੋਵੇ।

ਗੁਰਭਗਤ ਸਿੰਘ ਹੁਰੀਂ ਜਦੋਂ ਇਹ ਕਹਿੰਦੇ ਹਨ ਕਿ 'ਗਿਆਨ ਦੀ ਪ੍ਰਾਪਤੀ ਗੁਰੂ ਨਾਨਕ ਦੇਵ ਲਈ, ਕੇਵਲ ਚੇਤੰਨਤਾ ਜਾਂ ਚਿੰਤਨ ਨਹੀਂ, ਸਗੋਂ ਭੋਗਣ ਦਾ ਅਨੁਭਵ ਹੈ" ਤਾਂ ਇਸ ਦਾ ਭਾਵ ਅਰਥ ਵੀ ਇਹੀ ਹੈ, ਕਿ ਵਾਹਿਗੁਰੂ ਵਿਚ ਭਰਪੂਰ ਅਨੁਭਵੀ ਅਹਿਸਾਸ ਕਰਵਾਉਂਦਾ ਹੈ, ਜਿਸ ਵਿਚ ਇੰਦਰੀਆਂ ਆਪਣੇ ਸਹਿਜ ਵਿਚ 'ਦੇਹ ਦੀ ਭਰਪੂਰ ਸ਼ਮੂਲੀਅਤ' ਨਾਲ ਸ਼ਾਮਲ ਹਨ। ਇਹ ਹਕੀਕਤ ਗੁਰੂ ਸਾਹਿਬ ਦੇ ਉਪਰਲੇ ਬਚਨਾਂ 'ਚੋਂ ਵੀ ਸਪਸ਼ਟ ਹੈ। ਜੇ ਮਨੁੱਖੀ ਮਨ ਨੇ ਮੰਦਿਰ ਬਣਨ ਲਈ ਦੂਜਿਆਂ ਦਾ ਵਿਕਾਸ ਰੋਕਣ ਵਾਲੀਆਂ, ਰੱਤ ਪੀਣ ਵਾਲੀਆਂ ਅਤੇ ਚੇਤੰਨਤਾ ਅਤੇ ਵਾਤਾਵਰਣ ਵਿਚ ਅੰਧਕਾਰ ਲਿਆਉਣ ਵਾਲੀਆਂ ਭਾਵਨਾਵਾਂ ਤੋਂ ਮੁਕਤ ਹੋਣਾ ਹੈ, ਤਾਂ ਉਸ ਲਈ 'ਗਿਆਨ ਰਾਓ' ਨਾਲ ਸੇਜ ਸਾਂਝੀ ਕਰਨ ਦੇ ਅਨੁਭਵ ਤੌਰ ਪਹੁੰਚਣਾ ਜ਼ਰੂਰੀ ਹੈ। ਭਾਵ ਮਨ ਲਈ ਆਪਣੀ ਸਜਿੰਦ ਹੋਂਦ ਅਤੇ ਕੁਦਰਤੀ ਹਕੀਕਤ



ਪਛਾਣਨੀ ਜ਼ਰੂਰੀ ਹੈ।

**ਮਨ ਤੂੰ ਜੋਤਿ ਸਰੂਪ ਹੈ ਆਪਣਾ ਮੂਲੁ ਪਛਾਣੁ॥**

ਮਨ ਦੀ ਕੁਦਰਤੀ ਹਕੀਕਤ ਕੀ ਹੈ? ਮਨ ਆਪਣੀ ਚੇਤੰਨ ਹੋਂਦ ਪਛਾਣੇ, ਕਾਇਆ ਨਾਲ ਆਪਣਾ ਸਜਿੰਦ ਰਿਸ਼ਤਾ ਕਾਇਮ ਕਰੇ ਅਤੇ ਆਪਣੇ ਸਰੀਰ ਦੀਆਂ, ਦੇਹੀ ਦੀਆਂ ਕੁਦਰਤੀ ਲੋੜਾਂ ਤੋਂ ਸੁਚੇਤ ਹੋਵੇ। ਆਪਣੀ ਕੁਦਰਤੀ ਹਕੀਕਤ ਪਛਾਣ ਕੇ ਤੇ ਸਰੀਰ ਦੀਆਂ ਕੁਦਰਤੀ ਲੋੜਾਂ ਜਾਣ ਕੇ ਹੀ ਮਨ ਲੋੜ ਤੋਂ ਵਧੇਰੇ ਕਾਮੁਕਤਾ, ਸਰੀਰ ਦੀਆਂ ਕੁਦਰਤੀ ਲੋੜਾਂ ਤੋਂ ਵਧੇਰੇ ਵਸਤਾਂ ਪ੍ਰਾਪਤ ਕਰਨ ਦੀਆਂ ਇੱਛਾਵਾਂ ਭਾਵ ਤ੍ਰਿਸ਼ਨਾ, ਤ੍ਰਿਸ਼ਨਾ ਨਾਲ ਪੈਦਾ ਹੋਈ ਈਰਖਾ ਅਤੇ ਤ੍ਰਿਸ਼ਨਾ ਤੇ ਈਰਖਾ 'ਚੋਂ ਪੈਦਾ ਹੋਏ ਕ੍ਰੋਧ ਵਰਗੇ ਵਿਕਾਰਾਂ ਤੋਂ ਛੁਟਕਾਰਾ ਪਾ ਸਕਦਾ ਹੈ। ਇਨ੍ਹਾਂ ਵਿਕਾਰਾਂ ਤੋਂ ਛੁਟਕਾਰਾ ਪਾ ਕੇ ਹੀ ਮਨ ਸੁੱਚਾ ਹੁੰਦਾ ਹੈ। ਵਿਕਾਰਾਂ ਤੋਂ ਛੁਟਕਾਰਾ ਪਾ ਕੇ ਹੀ ਮਨ ਤੇ ਤਨ ਦੇ ਸਹਿਜੇ ਰਿਸ਼ਤੇ ਨੂੰ ਬਹਾਲ ਕੀਤਾ ਜਾ ਸਕਦਾ ਹੈ। ਇਹੋ ਜਿਹਾ ਚੇਤੰਨ ਮਨ ਜਾਂ ਸਹਿਜ ਅਵਸਥਾ ਵਿਚ ਵਿਚਰ ਰਿਹਾ ਮਨੁੱਖ ਹੀ, ਸਾਮਰਾਜੀ ਖਪਤਕਾਰੀ ਤੇ ਹਉਮੈ 'ਚੋਂ ਪੈਦਾ ਹੋਈਆਂ, ਪ੍ਰਭੂਤਾਵਾਦੀ ਭਾਵਨਾਵਾਂ ਤੋਂ ਮੁਕਤ ਹੋ ਸਕਦਾ ਹੈ। ਜਦੋਂ ਗੁਰੂ ਸਾਹਿਬ 'ਗਿਆਨ ਕਾ ਬਧਾ ਮਨੁ ਰਹੈ', ਕਹਿੰਦੇ ਹਨ ਤਾਂ ਉਨ੍ਹਾਂ ਦਾ ਭਾਵਅਰਥ ਵੀ ਇਹੀ ਹੈ। ਸਿਰਫ਼ ਇਉਂ ਕੀਤਿਆਂ ਹੀ ਚੇਤੰਨ ਦੇਹਗਤ ਆਤਮ ਸੰਗਠਿਤ ਕੀਤਾ ਜਾ ਸਕਦਾ ਹੈ, ਜਿਹੜਾ ਨਿਆਂ ਲਈ ਕਿਰਿਆਸ਼ੀਲ, ਗਲਬਾ ਨਾ ਪਾਉਣ ਵਾਲੇ ਰਾਜ ਦੀ ਸੁਪਨਸਾਜੀ ਅਤੇ ਅਭਿਆਸ ਪ੍ਰਤੀ ਰਾਜਨੀਤਕ ਤੌਰ 'ਤੇ ਸੁਚੇਤ ਹੋਵੇ।

ਗੁਰਭਗਤ ਸਿੰਘ ਹੁਰਾਂ ਦੇ ਕਥਨ ਅਨੁਸਾਰ, ਸ੍ਰਿਸ਼ਟੀ ਦੀ ਦੈਵਿਤਾ ਰਿਗਵੇਦ ਦੇ ਰਿਸ਼ੀ-ਕਵੀਆਂ ਨੇ ਦ੍ਰਿਸ਼ਟੀਮਾਨ ਕੀਤੀ। ਇਹ ਕਵੀ ਅਨੁਭਵ, ਚੇਤਨਤਾ ਅਤੇ ਸੋਮ ਰਸ ਰਾਹੀਂ ਸ੍ਰਿਸ਼ਟੀ ਦੀਆਂ ਡੂੰਘਾਈਆਂ ਤੱਕ ਅੱਪੜਦੇ ਸਨ। ਇਸ ਰਿਸ਼ੀ-ਕਵੀ ਕੋਲ ਕਲਪਨਾ ਵੀ ਸੀ ਅਤੇ ਗਿਆਨ ਵੀ।" ਉਨ੍ਹਾਂ ਦਾ ਇਹ ਵੀ ਕਹਿਣਾ ਹੈ, ਕਿ 'ਰਿਗਵੇਦ ਦਾ ਮਨ' ਇਕ ਪ੍ਰਕਾਰ ਦੀ ਵੱਡੀ ਚੇਤੰਨਤਾ ਹੈ, ਜੋ ਬੁੱਧੀ ਅਤੇ ਦੇਹ ਦੋਹਾਂ ਨਾਲ ਜੁੜੀ ਹੋਈ ਹੈ', ਪਰ ਸਾਡਾ ਅਜੋਕਾ ਮਨ ਇਕਾਂਗੀ ਬਣ ਗਿਆ ਹੈ। ਇਹ ਅਜੋਕਾ 'ਇਕਾਂਗੀ ਮਨ' ਪੂੰਜੀਵਾਦੀ ਸਾਮਰਾਜੀ ਰਿਸ਼ਤਿਆਂ ਦੀ ਦੇਣ ਹੀ ਹੈ। ਇਸ ਮਨ ਨੂੰ ਇਕ ਵਾਰ ਫਿਰ ਬੁੱਧੀ ਅਤੇ ਦੇਹ ਨਾਲ ਜੁੜੀ ਵੱਡੀ ਚੇਤੰਨਤਾ (ਰੂਹਾਨੀ ਗਿਆਨ) ਨਾਲ ਜੋੜਨ ਦੀ ਲੋੜ ਹੈ। ਜਦੋਂ ਮਨ ਇਸ ਵੱਡੀ ਚੇਤੰਨਤਾ (ਰੂਹਾਨੀਅਤ) ਨਾਲ ਜੁੜੇਗਾ, ਉਦੋਂ ਪ੍ਰਤੀ ਪ੍ਰਭੂਤਵੀ ਜਾਂ ਕਾਊਂਟਰ ਹੈਜਮੌਨਿਕ ਰਾਜ ਦੀ ਸੁਪਨਸਾਜੀਅਤੇ ਅਭਿਆਸ ਤੇ ਨਿਆਂ ਲਈ ਕਿਰਿਆਸ਼ੀਲ ਹੋਣਾ ਸੁਤੇਸਿਧ ਸੰਭਵ ਹੋ ਜਾਵੇਗਾ। ਰੂਹਾਨੀ ਤੌਰ 'ਤੇ ਆਜ਼ਾਦ ਮਨ ਹੀ ਆਪਣੀ ਚੜ੍ਹਦੀਕਲਾ ਸਰਬੱਤ ਦੇ ਭਲੇ ਵਿਚ ਲੋਚ ਸਕਦਾ ਹੈ ਅਤੇ ਹੁਕਮਿ ਨੂੰ ਬੁੱਝਣ ਤੇ ਰਜਾ ਵਿਚ ਚੱਲਣ ਦੀ ਜੁਗਤ ਸਿੱਖ ਸਕਦਾ ਹੈ।

ਅੱਜ ਦੁਨੀਆ ਭਰ ਦੀ ਹਰੇਕ ਕੌਮ 'ਤੇ ਖਾਸ ਕਰਕੇ ਪਛੜੇ ਮੁਲਕਾਂ ਦੀਆਂ ਕੌਮਾਂ ਵਲੋਂ ਸਾਮਰਾਜੀ ਅਜਾਰੇਦਾਰੀ ਤੇ ਉਸਦੇ ਪਿਛਾਖੜੀ ਰਾਜਨੀਤਕ ਗਲਬੇ ਨੂੰ ਤੋੜਨਾ ਅਤੇ ਸਾਮਰਾਜੀ ਅਰਾਜਿਕਤਾ ਰਾਹੀਂ, ਉਨ੍ਹਾਂ ਦੇ ਉਜਾੜੇ ਜਾ ਰਹੇ ਕੁਦਰਤੀ ਸਾਧਨਾਂ ਤੇ ਆਪਣੀ ਕਿਰਤ ਸ਼ਕਤੀ ਨੂੰ ਬਚਾਉਣਾ, ਉਨ੍ਹਾਂ ਦੀ ਹੋਂਦ ਤੇ ਹੋਣੀ ਦਾ ਮਸਲਾ ਹੈ। ਆਪਣੇ ਨਰੋਏ ਸਭਿਆਚਾਰਾਂ ਅਤੇ ਆਪਣੀਆਂ ਭਾਸ਼ਾਵਾਂ ਨੂੰ ਅੰਨ੍ਹੇ ਸਾਮਰਾਜੀ ਖਪਤਕਾਰੀ ਸਭਿਆਚਾਰ ਤੋਂ ਬਚਾਉਣਾ ਹਰ ਕੌਮੀ ਲਹਿਰ ਦੇ ਮੁਕਤੀ ਕਾਰਜਾਂ ਵਿਚ ਸ਼ਾਮਲ ਹੈ। ਇਥੇ ਇਹ ਵੀ ਧਿਆਨਟ ਵਿਚ ਰਹੇ, ਕਿ ਸਾਮਰਾਜੀ ਖਪਤਕਾਰੀ ਸਭਿਆਚਾਰ ਦਾ ਟਾਕਰਾ ਸਿਰਫ਼ ਮਨੁੱਖ ਦੇ ਰੂਹਾਨੀ ਵਿਕਾਸ ਨਾਲ ਹੀ ਕੀਤਾ ਜਾ ਸਕਦਾ ਹੈ ਅਤੇ ਅੱਡ-ਅੱਡ ਧਰਮਾਂ ਵਿਚਲੀ ਕੁਦਰਤ ਨਾਲ ਨੇੜਤਾ, ਇਸ ਰੂਹਾਨੀਅਤ ਦਾ ਆਧਾਰ ਹੈ। ਗੁਰਭਗਤ ਸਿੰਘ ਹੁਰਾਂ ਨੇ ਆਪਣੇ ਕਥਨ ਅਨੁਸਾਰ, "ਸਭਿਆਚਾਰ ਦਾ ਵਿਕਾਸ ਭਾਸ਼ਾ ਦੇ ਵਿਕਾਸ ਤੋਂ ਬਿਨਾਂ ਨਹੀਂ ਏ ਸਕਦਾ ਅਤੇ ਭਾਸ਼ਾ ਦਾ ਵਿਕਾਸ ਸਭਿਆਚਾਰ ਦੇ ਵਿਕਾਸ ਤੋਂ ਬਿਨਾਂ ਸੰਭਵ ਨਹੀਂ?" ਇਹ ਦੋਵੇਂ ਇਕ-ਦੂਜੇ ਨਾਲ ਅਟੁੱਟ ਰੂਪ 'ਚ ਜੁੜੇ ਹੋਏ ਹਨ ਤੇ ਅੱਜ ਇਹ ਦੋਵੇਂ ਹੀ ਸਾਮਰਾਜੀ, ਖਾਓ-ਪੀਓ-ਐਸ਼ ਕਰੋ, ਸਭਿਆਚਾਰ ਦੀ ਮਾਰ ਹੇਠ ਹਨ।

ਇਸ ਉਪਰੋਕਤ ਪ੍ਰਸੰਗ ਵਿਚ ਹੀ ਗੁਰਭਗਤ ਸਿੰਘ ਹੁਰਾਂ ਦਾ ਹੇਠ ਲਿਖਿਆ ਕਥਨ ਅਹਿਮੀਅਤ ਅਖਤਿਆਰ ਕਰਦਾ ਹੈ, "ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਯੋਗਦਾਨ ਮਹੱਤਵਪੂਰਨ ਹੈ। ਇਹ ਯੋਗਦਾਨ ਅਜੇ ਗੌਲਿਆ ਨਹੀਂ ਗਿਆ। ਨਾ ਹੀ ਇਸ ਨੂੰ ਸਾਡੇ ਸਮਕਾਲੀ ਮੁਹਾਵਰੇ ਵਿਚ ਢਾਲ ਕੇ ਵਿਸ਼ਵ ਭਾਈਚਾਰੇ ਨਾਲ ਸਾਂਝਾ ਕੀਤਾ ਗਿਆ ਹੈ। ਕੇਵਲ ਪੰਜਾਬ ਦੇ ਲੋਕਾਂ ਤੱਕ ਹੀ ਇਸ ਯੋਗਦਾਨ ਦੀ ਵਿਆਖਿਆ ਨੂੰ ਸੀਮਤ ਕਰਨਾ, ਪੰਜਾਬ ਦੇ ਮਨੁੱਖਵਾਦੀ ਸਿੱਖ ਵਿਰਸੇ ਨੂੰ ਅਣਗੌਲਿਆ ਰੱਖਣਾ ਹੈ। ਪੰਜਾਬ ਨੇ ਅਤੇ ਪੰਜਾਬ ਰਾਹੀਂ ਭਾਰਤ ਨੇ ਗੁਰੂ ਗ੍ਰੰਥ ਸਾਹਿਬ ਦੀ ਰਚਨਾ ਰਾਹੀਂ ਵਿਸ਼ਵ ਨੂੰ ਵੱਡੀ ਦੇਣ ਦਿੱਤੀ ਹੈ।.... ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਯੋਗਦਾਨ ਅਨੇਕਪੱਖੀ ਹੈ, ਪਰ ਬਹੁਤ ਗੌਰਵਮਈ ਪੱਖ ਜੇ ਦ੍ਰਿਸ਼ਟੀਮਾਨ ਕਰਨਾ ਹੋਵੇ ਤਾਂ ਉਹ ਵਿਸ਼ਵ ਲਈ ਵਿਸਮਾਦੀ ਜੀਵਨ ਅਤੇ ਇਸ ਦੇ ਅਭਿਆਸ ਦਾ ਸੰਕਲਪ ਦੇਣਾ ਹੈ। ਸੱਚ ਇਹ ਹੈ ਕਿ ਬਾਣੀ ਵਿਚ ਸੰਕਲਪ ਤੇ ਅਭਿਆਸ ਜੁੜੇ ਹੋਏ ਹਨ। ਨਿਆਇ ਅਤੇ ਦਲੀਲ ਦੀ ਭਾਸ਼ਾ ਵਿਚ ਅਸੀਂ ਸੰਕਲਪ ਅਤੇ ਅਭਿਆਸ ਨੂੰ ਵੱਖ-ਵੱਖ ਕਰਕੇ ਵੇਖ ਲੈਂਦੇ ਹਾਂ, ਪਰ ਇਸ ਗੌਰਵਸ਼ੀਲ ਗ੍ਰੰਥ ਵਿਚ ਇਹ ਜੁੜੇ ਹੋਏ ਹਨ।"

# ਗੁਰਸ਼ਰਨ ਭਾਅ ਜੀ ਦੀ ਅਜੋਕੇ ਸਮਿਆਂ 'ਚ ਵਧਦੀ ਅਹਿਮੀਅਤ ਦਾ ਸਵਾਲ

**ਬਲਜਿੰਦਰ ਸਿੰਘ**

ਗੁਰਸ਼ਰਨ ਭਾਅ ਜੀ ਦਾ ਰੰਗਮੰਚ ਨਾਲ ਜੁੜਨ ਦਾ ਇੱਕੋ-ਇੱਕ ਮਕਸਦ ਇਹ ਸੀ ਕਿ ਲੋਕਾਂ ਦਾ ਸੋਚਣ ਢੰਗ ਵਿਗਿਆਨਕ ਤੇ ਸੰਘਰਸ਼ਸ਼ੀਲ ਬਣਾਇਆ ਜਾਵੇ ਤਾਂ ਕਿ ਉਹ ਰਵਾਇਤੀ ਰੂੜੀਵਾਦੀ ਸੋਚ ਤੋਂ ਉੱਪਰ ਉੱਠ ਕੇ ਹਾਕਮ ਜਮਾਤਾਂ ਦੀਆਂ ਲੋਕ ਵਿਰੋਧੀ ਨੀਤੀਆਂ, ਸਰਕਾਰੀ ਤੇ ਫ਼ਿਰਕੂ ਜਬਰ ਅਤੇ ਸਮਾਜਿਕ ਬੁਰਾਈਆਂ ਖ਼ਿਲਾਫ਼ ਜਥੇਬੰਦਕ ਸੰਘਰਸ਼ ਕਰਨ ਦੇ ਸਮਰੱਥ ਹੋ ਸਕਣ। ਉਨ੍ਹਾਂ ਦੇ ਦਿਲੋ-ਦਿਮਾਗ਼ ਵਿੱਚ ਲੋਕ ਪੱਖੀ ਸਮਾਜਿਕ ਤਬਦੀਲੀ ਲਈ ਇਨਕਲਾਬੀ ਤੜਪ ਅਤੇ ਸਿਰੜੀ ਸੋਚ ਭਾਰੂ ਸੀ ਜਿਸ ਨੂੰ ਉਹ ਯਥਾਰਥ ਵਿੱਚ ਬਦਲਿਆ ਵੇਖਣਾ ਚਾਹੁੰਦੇ ਸਨ। ਇਹੋ ਕਾਰਨ ਸੀ ਕਿ ਉਨ੍ਹਾਂ ਨੇ ਆਪਣੇ ਰੰਗਮੰਚ ਨੂੰ ਤਕਨੀਕੀ ਪੱਖ ਤੋਂ ਵਿਕਸਤ ਕਰਨ ਦੀ ਬਜਾਏ ਇਸ ਨੂੰ ਵਿਗਿਆਨਕ ਵਿਚਾਰਧਾਰਕ ਤਬਦੀਲੀ ਦੇ ਮਾਧਿਅਮ ਵਜੋਂ ਵਰਤਣ ਨੂੰ ਤਰਜੀਹ ਦਿੱਤੀ। ਉਨ੍ਹਾਂ ਨੇ ਨਾਟਕ ਕਲਾ ਨੂੰ ਮਨੋਰੰਜਨ ਦਾ ਸਾਧਨ ਨਹੀਂ ਸਗੋਂ ਇਸ ਦੇ ਜ਼ਰੀਏ ਲੋਕਪੱਖੀ ਸਮਾਜਿਕ ਅਤੇ ਸੱਭਿਆਚਾਰਕ ਤਬਦੀਲੀ ਲਈ ਲੋਕਾਂ ਨੂੰ ਜਾਗਰੂਕ ਕੀਤਾ। ਉਹ ਖੱਬੇ ਪੱਖੀ ਵਿਚਾਰਧਾਰਾ ਦੇ ਪੱਕੇ ਧਾਰਨੀ ਹੋਣ ਕਰਕੇ ਇਸ ਹਕੀਕਤ ਨੂੰ ਭਲੀ ਭਾਂਤ ਸਮਝਦੇ ਸਨ ਕਿ ਜਦੋਂ ਤਕ ਮੌਜੂਦਾ ਭ੍ਰਿਸ਼ਟ ਤੇ ਲੋਟੂ ਰਾਜਸੀ, ਆਰਥਿਕ ਤੇ ਸਮਾਜਿਕ ਰਾਜ ਪ੍ਰਬੰਧ ਨੂੰ ਸਮਾਜਵਾਦੀ ਪ੍ਰਬੰਧ ਵਿੱਚ ਤਬਦੀਲ ਨਹੀਂ ਕੀਤਾ ਜਾਂਦਾ ਉਦੋਂ ਤਕ ਲੋਕਾਂ ਦੇ ਜੀਵਨ ਹਾਲਾਤ ਨੂੰ ਬਿਹਤਰ ਨਹੀਂ ਬਣਾਇਆ ਜਾ ਸਕਦਾ। ਇਨ੍ਹਾਂ ਵਿਚਾਰਾਂ ਦੇ ਪ੍ਰਚਾਰ ਪ੍ਰਸਾਰ ਲਈ ਉਨ੍ਹਾਂ ਨੇ ਰੰਗਮੰਚ ਰਾਹੀਂ ਲੋਕਾਂ ਵਿੱਚ ਰਾਜਸੀ ਅਤੇ ਸਮਾਜਿਕ ਚੇਤਨਾ ਵਿਕਸਤ ਕਰਨ ਦੀ ਪਹਿਲਕਦਮੀ ਕੀਤੀ ਜਿਸ ਵਿੱਚ ਉਹ ਪੂਰੀ ਤਰ੍ਹਾਂ ਸਫ਼ਲ ਰਹੇ। ਉਨ੍ਹਾਂ ਨੇ ਆਪਣੇ ਨਾਟਕਾਂ ਵਿੱਚ ਜਮਹੂਰੀ ਹੱਕਾਂ, ਸੱਚਾਈ, ਬਰਾਬਰੀ, ਆਜ਼ਾਦੀ, ਸੰਘਰਸ਼ ਅਤੇ ਇਨਸਾਫ਼ ਦੇ ਮਨੁੱਖੀ ਸੰਕਲਪ ਸਪੱਸ਼ਟ ਤੌਰ 'ਤੇ ਉਭਾਰੇ ਅਤੇ ਲੋਕਾਂ ਨੂੰ ਹਾਕਮ ਜਮਾਤਾਂ ਦੀਆਂ ਲੋਕ ਵਿਰੋਧੀ ਨੀਤੀਆਂ, ਵਧੀਕੀਆਂ, ਨਾ-ਬਰਾਬਰੀ, ਫ਼ਿਰਕਾਪ੍ਰਸਤੀ, ਭ੍ਰਿਸ਼ਟਾਚਾਰ ਅਤੇ ਸਮਾਜਿਕ ਬੁਰਾਈਆਂ ਖ਼ਿਲਾਫ਼ ਡਟਣ ਅਤੇ ਲੋਕ ਪੱਖੀ ਸਮਾਜਿਕ ਤਬਦੀਲੀ ਲਿਆਉਣ ਦਾ ਲਗਾਤਾਰ ਹੋਕਾ ਦਿੱਤਾ।

ਗੁਰਸ਼ਰਨ ਭਾਅ ਜੀ ਆਪਣੇ ਨਾਟਕਾਂ ਦੀ ਪੇਸ਼ਕਾਰੀ ਮੌਕੇ ਹਾਜ਼ਰ ਲੋਕਾਂ ਨੂੰ ਮੁਖ਼ਾਤਬ ਹੁੰਦੇ ਅਕਸਰ ਇਹ ਗੱਲ ਗਰਜਵੀਂ ਆਵਾਜ਼ ਵਿੱਚ ਕਹਿੰਦੇ, ਜਿਨ੍ਹਾਂ ਮਾੜੀਆਂ ਹਾਲਤਾਂ ਵਿੱਚ ਅਸੀਂ ਲੋਗ ਜੀਅ ਰਹੇ ਹਾਂ ਉਹ ਬਿਲਕੁਲ, ਬਿਲਕੁਲ ਤੇ ਬਿਲਕੁਲ ਹੀ ਸਾਡੇ ਰਹਿਣ ਦੇ ਕਾਬਲ ਨਹੀਂ ਹਨ ਅਤੇ ਇਸ ਲਈ ਸਾਡੀਆਂ ਬੇਈਮਾਨ ਸਰਕਾਰਾਂ ਤੇ ਸਿਆਸਤਦਾਨ ਪੂਰੀ ਤਰ੍ਹਾਂ ਜ਼ਿੰਮੇਵਾਰ ਹਨ। ਇੱਕ ਬੱਚਾ 700 ਰੁਪਏ ਮਹੀਨਾ ਫੀਸ ਵਾਲੇ ਸਕੂਲ ਵਿੱਚ ਪੜ੍ਹਦਾ ਹੈ ਅਤੇ ਇੱਕ ਸੱਤ ਰੁਪਏ ਮਹੀਨਾ ਫੀਸ ਵਾਲੇ ਸਕੂਲ ਵਿੱਚ ਅਫ਼ਸਰ ਦਾ ਬੱਚਾ ਅਫ਼ਸਰ ਅਤੇ ਘਾਹੀ ਦਾ ਬੱਚਾ ਘਾਹੀ ਕਿਉਂ ਬਣਦਾ ਹੈ? ਅਜਿਹੀ ਨਾ-ਬਰਾਬਰੀ ਕਿਉਂ ਹੈ? ਇਹ ਨਾ-ਬਰਾਬਰੀ ਕਿਸੇ ਉੱਪਰ ਵਾਲੇ ਦੀ ਦੇਣ ਨਹੀਂ ਹੈ ਸਗੋਂ ਮੌਜੂਦਾ ਲੋਟੂ ਤੇ ਭ੍ਰਿਸ਼ਟ ਢਾਂਚੇ ਦੀ ਦੇਣ ਹੈ।

ਪੰਜਾਬੀ ਰੰਗਮੰਚ ਦੇ ਲੋਕ ਨਾਇਕ ਭਾਅ ਜੀ ਗੁਰਸ਼ਰਨ ਸਿੰਘ ਦਾ ਜਨਮ ਦਿਹਾੜਾ ਇਨਕਲਾਬੀ ਰੰਗਮੰਚ ਦਿਵਸ ਵਜੋਂ 16 ਸਤੰਬਰ ਤੋਂ 27 ਸਤੰਬਰ ਤੱਕ ਵੱਖ-ਵੱਖ ਦੇਸ਼ਾਂ ਤੇ ਵਿਦੇਸ਼ਾਂ ਵਿਚ ਜਾ ਰਿਹਾ ਹੈ। ਰੰਗਮੰਚ ਨਾਲ ਜੁੜੀਆਂ ਸੰਸਥਾਵਾਂ ਨੇ ਉਨ੍ਹਾਂ ਦੇ ਜੱਦੀ ਘਰ ਵਿੱਚ ਮੋਮਬੱਤੀਆਂ, ਦੀਵੇ ਤੇ ਮਸ਼ਾਲਾਂ ਬਾਲ ਕੇ ਉਨ੍ਹਾਂ ਨੂੰ ਸ਼ਰਧਾਂਜਲੀਆਂ ਭੇਟ ਕੀਤੀਆਂ। ਇਸ ਦੌਰਾਨ ਉਨ੍ਹਾਂ ਭਾਅ ਜੀ ਦੀ ਵਿਚਾਰਧਾਰਾ ਨੂੰ ਅੱਗੇ ਲੈ ਕੇ ਜਾਣ ਦਾ ਅਹਿਦ ਕੀਤਾ। ਲੋਕ ਨਾਇਕ ਦੀ ਪਤਨੀ ਕੈਲਾਸ਼ ਕੌਰ ਨੇ ਮੋਮਬੱਤੀਆਂ ਜਗਾ ਕੇ ਸ਼ਮ੍ਹਾਂ ਰੌਸ਼ਨ ਕੀਤੀ।

ਪੱਚੀ ਸਾਲਾਂ ਬਾਅਦ ਆਪਣੇ ਜੱਦੀ ਘਰ ਪੁੱਜੀ ਉਨ੍ਹਾਂ ਦੀ ਪਤਨੀ ਕੈਲਾਸ਼ ਕੌਰ, ਬੇਟੀਆਂ ਡਾ. ਨਵਸ਼ਰਨ ਤੇ ਡਾ. ਆਰੀਤ ਦੇ ਪੁੱਜਣ 'ਤੇ ਉਨ੍ਹਾਂ ਦਾ ਨਿੱਘਾ ਸਵਾਗਤ ਕੀਤਾ ਗਿਆ। ਇਸ ਮੌਕੇ ਭਾਅ ਜੀ ਦੀ ਪਤਨੀ ਭਾਵੁਕ ਹੋ ਗਈ। ਉਨ੍ਹਾਂ ਇੰਨਾ ਹੀ ਕਿਹਾ, 'ਕੇਵਲ ਤੁਸੀਂ ਹੀ ਇਹ ਵੱਡਾ ਉੱਦਮ ਕੀਤਾ ਹੈ ਕਿ ਉਨ੍ਹਾਂ ਦੇ ਜਨਮ ਦਿਨ ਤੋਂ ਲੈ ਕੇ ਤੁਰ ਜਾਣ ਤੱਕ ਦੇ ਦਿਨਾਂ ਨੂੰ ਇਨਕਲਾਬੀ ਰੰਗਮੰਚ ਦਿਵਸ ਵਜੋਂ ਮਨਾ ਰਹੇ ਹੋ।'

ਪ੍ਰਸਿੱਧ ਨਾਟਕਕਾਰ ਤੇ ਮੰਚ ਰੰਗਮੰਚ ਦੇ ਪ੍ਰਧਾਨ ਕੇਵਲ ਧਾਲੀਵਾਲ ਨੇ ਕਿਹਾ ਕਿ ਜਿੰਨਾ ਕੰਮ ਭਾਅ ਜੀ ਨੇ ਰੰਗਮੰਚ ਲਈ ਕੀਤਾ, ਓਨਾ ਕੰਮ ਇਸ ਖੇਤਰ ਵਿੱਚ ਕਿਸੇ ਨੇ ਨਹੀਂ ਕੀਤਾ। ਉਨ੍ਹਾਂ ਕਿਹਾ ਕਿ ਭਾਅ ਜੀ ਨੇ ਦੋ ਸੌ ਤੋਂ ਵੱਧ ਨਾਟਕ ਲਿਖੇ ਹਨ, ਜਿਨ੍ਹਾਂ ਵਿੱਚ ਉਨ੍ਹਾਂ ਚੰਗਾ ਸਮਾਜ ਸਿਰਜਣ ਦਾ ਸੁਪਨਾ ਲਿਆ। ਪੰਜਾਬ ਲੋਕ ਸਭਿਆਚਾਰਕ ਮੰਚ ਦੇ ਜਨਰਲ ਸਕੱਤਰ ਤੇ ਲੰਬਾ ਸਮਾਂ ਗੁਰਸ਼ਰਨ ਭਾਅ ਜੀ ਦੇ ਬਹੁਤ ਹੀ ਨਜ਼ਦੀਕੀ ਵਿਚਾਰਾਂ ਦੇ ਪੱਧਰ 'ਤੇ ਜਾਣੇ ਜਾਂਦੇ ਕੰਵਲਜੀਤ ਖੰਨਾ ਨੇ ਕਿਹਾ ਕਿ ਭਾਅ ਜੀ ਨਿੱਗਰ ਸਮਾਜ ਦੀ ਉਸਾਰੀ ਦਾ ਉਦੇਸ਼ ਲੈ ਕੇ ਚੱਲੇ ਤੇ ਲੋਕਾਂ ਲਈ ਸੰਘਰਸ਼ ਕਰਦੇ ਰਹੇ। ਉਨ੍ਹਾਂ ਕਿਹਾ ਕਿ ਭਾਅ ਜੀ ਦੀ ਸੋਚ, ਉਨ੍ਹਾਂ ਦੀ ਵਿਚਾਰਧਾਰਾ ਦੇ ਸੁਨੇਹੇ ਨੂੰ ਪਿੰਡਾਂ ਤੇ



*ਉਨ੍ਹਾਂ ਨੇ ਆਪਣੇ ਨਾਟਕਾਂ ਜਿਵੇਂ ਕਿ ਦੁੱਲਾ ਭੱਟੀ, ਤਖ਼ਤ ਲਾਹੌਰ, ਧਮਕ ਨਗਾਰੇ ਦੀ, ਜਨਤਾ ਮਾਈ, ਕੁਰਸੀ ਵਾਲਾ ਮੰਜੀ ਵਾਲਾ, ਕੁਰਸੀ ਮੋਰਚਾ ਤੇ ਹਵਾ ਵਿੱਚ ਲਟਕਦੇ ਲੋਕ, ਦਾਸਤਾਨੇ ਪੰਜਾਬ, ਹਿੱਟ ਲਿਸਟ, ਬਾਬਾ ਬੋਲਦਾ ਹੈ, ਇਨਕਲਾਬ ਜ਼ਿੰਦਾਬਾਦ, ਬੁੱਤ ਬੋਲ ਪਿਆ, ਭੰਡ ਪੰਜਾਬ ਦੇ ਆਦਿ ਅਤੇ ਕਈ ਹੋਰ ਨਾਟਕਾਂ ਵਿੱਚ ਸਪੱਸ਼ਟ ਇਨਕਲਾਬੀ ਤੇ ਬਾਗੀ ਸੁਰ ਵਿੱਚ ਸਰਕਾਰਾਂ ਦੀਆਂ ਲੋਟੂ ਨੀਤੀਆਂ, ਨਸ਼ੇ, ਧਰਮ ਤੇ ਜਾਤ-ਪਾਤ ਹੇਠ ਹੁੰਦੀ ਫ਼ਿਰਕੂ ਸਿਆਸਤ, ਭ੍ਰਿਸ਼ਟਾਚਾਰ, ਨਾਬਰਾਬਰੀ, ਪਾਖੰਡਵਾਦ ਅਤੇ ਅੰਧ ਵਿਸ਼ਵਾਸ ਆਦਿ ਜਿਹੇ ਗ਼ੈਰ ਮਨੁੱਖੀ ਵਰਤਾਰਿਆਂ ਨੂੰ ਬਿਨਾਂ ਕਿਸੇ ਡਰ ਦੇ ਜਨਤਾ ਸਾਹਮਣੇ ਪੇਸ਼ ਕੀਤਾ। ਪੰਜਾਬ ਵਿੱਚ ਫ਼ਿਰਕੂ ਰਾਜਨੀਤੀ ਦੇ ਓਹਲੇ ਵਿੱਚ ਚੱਲੇ ਅਤਿਵਾਦ ਅਤੇ ਸਰਕਾਰੀ ਜਬਰ ਖ਼ਿਲਾਫ਼ ਨਾਟਕ ਖੇਡ ਕੇ ਉਨ੍ਹਾਂ ਨੇ ਉਸ ਸਮੇਂ ਲੋਕਾਂ ਨੂੰ ਭਾਈਚਾਰਕ ਏਕਤਾ ਬਣਾਈ ਰੱਖਣ ਦਾ ਸੁਨੇਹਾ ਦਿੱਤਾ। ਉਨ੍ਹਾਂ ਨੇ ਆਪਣੇ 50 ਸਾਲਾ ਰੰਗਮੰਚ ਜੀਵਨ ਵਿੱਚ ਲਗਪਗ 185 ਨਾਟਕ ਲਿਖੇ ਅਤੇ ਕੋਈ 12000 ਤੋਂ ਵੀ ਵੱਧ ਪੇਸ਼ਕਾਰੀਆਂ ਕੀਤੀਆਂ। ਉਨ੍ਹਾਂ ਨੇ ਆਪਣੀ ਵਧਦੀ ਉਮਰ ਤੇ ਬਿਮਾਰੀ ਦੀ ਪਰਵਾਹ ਕੀਤੇ ਬਗੈਰ ਇੱਕ ਸਾਲ ਵਿੱਚ ਰੰਗਮੰਚ ਦੀਆਂ 250 ਪੇਸ਼ਕਾਰੀਆਂ ਕਰਕੇ ਰਿਕਾਰਡ ਬਣਾਇਆ। ਦੂਰਦਰਸ਼ਨ ਤੋਂ ਪ੍ਰਸਾਰਿਤ ਹੋਏ ਉਨ੍ਹਾਂ ਦੇ ਪ੍ਰਸਿੱਧ ਨਾਟਕ 'ਭਾਈ ਮੰਨਾ ਸਿੰਘ' ਨੇ ਲੋਕ ਮਾਨਸਿਕਤਾ ਨੂੰ ਝੰਜੋੜਨ ਵਿੱਚ ਅਹਿਮ ਭੂਮਿਕਾ ਨਿਭਾਈ। ਇਸ ਨਾਟਕ ਤੋਂ ਬਾਅਦ ਉਹ ਆਮ ਲੋਕਾਂ ਵਿੱਚ ਭਾਈ ਮੰਨਾ ਸਿੰਘ ਦੇ ਨਾਂ ਨਾਲ ਮਸ਼ਹੂਰ ਹੋ ਗਏ ਸਨ। ਉਨ੍ਹਾਂ ਨੇ ਕਈ ਹੋਰ ਲੋਕਪੱਖੀ ਪ੍ਰਗਤੀਸ਼ੀਲ, ਸਾਹਿਤਕ, ਸਮਾਜਿਕ, ਤਰਕਸ਼ੀਲ, ਸੱਭਿਆਚਾਰਕ ਅਤੇ ਮਨੁੱਖੀ ਅਧਿਕਾਰਾਂ ਲਈ ਲੜਨ ਵਾਲੀਆਂ ਜਨਤਕ ਜਥੇਬੰਦੀਆਂ ਵਿੱਚ ਸਰਗਰਮ ਸ਼ਮੂਲੀਅਤ ਕੀਤੀ ਤੇ ਅਗਵਾਈ ਵੀ ਦਿੱਤੀ।*



Avtar Singh Kamboj
Sales Representative
Sutton
Direct : 416.319.9830
Sutton Group - Commitment Realty Ltd. BROKERAGE
Independently Owned & Operated
45 Woodbine Downs Blvd., Unit #3
Toronto, Ontario M9W 6N5
Bus: 905-746-9494
Fax: 416-674-1682
E-mail: akamboj@trebnet.com
web: www.suttongroupcommitment.com


ਕਸਬਿਆਂ ਵਿੱਚ ਲੈ ਕੇ ਜਾਣਗੇ। ਪ੍ਰਸਿੱਧ ਨਾਟਕਕਾਰ ਡਾ. ਸਵਰਾਜਬੀਰ ਨੇ ਕਿਹਾ ਕਿ ਭਾਅ ਜੀ ਪੰਜਾਬ ਦੇ ਸੁਨਹਿਰੇ ਇਤਿਹਾਸ ਦਾ ਹਿੱਸਾ ਬਣੇ। ਉਨ੍ਹਾਂ ਲੋਕਾਂ ਪ੍ਰਤੀ ਸਮਰਪਿਤ ਹੋ ਕੇ ਕੰਮ ਕਰਨ ਲਈ ਫਰੰਟ ਕਾਇਮ ਕੀਤਾ ਅਤੇ ਆਪਣੇ ਨਾਟਕਾਂ ਰਾਹੀਂ ਲੋਕਾਂ ਨੂੰ ਆਪਣੀ ਏਕਤਾ ਬਣਾਉਣ ਤੇ ਹੱਕਾਂ ਲਈ ਲੜਨ 'ਤੇ ਜ਼ੋਰ ਦਿੱਤਾ। ਡਾ. ਪਰਮਿੰਦਰ ਸਿੰਘ ਨੇ ਕਿਹਾ ਕਿ ਭਾਅ ਜੀ ਗੁਰਸ਼ਰਨ ਸਿੰਘ ਨੇ ਕਲਾ ਦੇ ਨਾਟਕ ਪੱਖ ਨੂੰ ਛੋਹਿਆ ਤੇ ਇਹ ਸਾਬਤ ਕਰ ਦਿੱਤਾ ਕਿ ਕਲਾ ਲੋਕਾਂ ਦੀ ਜ਼ਿੰਦਗੀ ਸੁਧਾਰਨ ਲਈ ਹੁੰਦੀ ਹੈ।

ਭਾਅ ਜੀ ਦੀ ਬੇਟੀ ਡਾ. ਨਵਸ਼ਰਨ ਨੇ ਕਿਹਾ ਕਿ ਉਨ੍ਹਾਂ ਨੇ ਨਾਟਕਾਂ ਨੂੰ ਨਵੀਂ ਸ਼ੈਲੀ ਵਿੱਚ ਪੇਸ਼ ਕੀਤਾ ਅਤੇ ਇਸ ਸ਼ੈਲੀ ਰਾਹੀਂ ਉਹ ਆਪਣੀ ਗੱਲ ਲੋਕਾਂ ਤੱਕ ਲੈ ਕੇ ਗਏ। ਇਸ ਮੌਕੇ ਉਨ੍ਹਾਂ ਪੁਰਾਣੇ ਮਿਆਰੀ ਗੀਤਾਂ ਦੀਆਂ 5 ਸੀ.ਡੀਜ਼ ਰਿਲੀਜ਼ ਕੀਤੀਆਂ। ਉਨ੍ਹਾਂ ਕਿਹਾ ਕਿ ਇਹ ਉਹ ਗੀਤ ਹਨ, ਜਿਹੜੇ ਨਾਟਕਾਂ ਦੀ ਪੇਸ਼ਕਾਰੀ ਮੌਕੇ ਪੇਸ਼ ਕੀਤੇ ਜਾਂਦੇ ਰਹੇ ਅਤੇ ਲੋਕਾਂ ਨੂੰ ਲੱਚਰ ਗੀਤਾਂ ਨੂੰ ਛੱਡ ਕੇ ਇਹ ਗੀਤ ਸੁਣਨ ਦੀ ਪ੍ਰੇਰਨਾ ਦਿੰਦੇ ਰਹੇ। ਮਾਸਟਰ ਤਰਲੋਚਨ ਸਿੰਘ ਵੱਲੋਂ ਭਾਅ ਜੀ ਬਾਰੇ ਤਿਆਰ ਕੀਤੀ ਸੀ.ਡੀ. ਵੀ ਰੀਲੀਜ਼ ਕੀਤੀ ਗਈ।

ਇਸ ਮੌਕੇ ਗੁਰਸ਼ਰਨ ਭਾਅ ਜੀ ਦੇ ਅੰਦਾਜ਼ ਵਿਚ ਉਨ੍ਹਾਂ ਨਾਲ ਲੰਬਾ ਸਮਾਂ ਕੰਮ ਕਰਦੇ ਰਹੇ ਕਲਾਕਾਰਾਂ ਨੇ ਉਹ ਐਕਸ਼ਨ ਗੀਤ ਵੀ ਪੇਸ਼ ਕੀਤੇ, ਜਿਹੜੇ ਵੱਖ-ਵੱਖ ਨਾਟਕਾਂ ਦੀ ਪੇਸ਼ਕਾਰੀ ਸਮੇਂ ਗਾਏ ਜਾਂਦੇ ਰਹੇ ਸਨ। ਉਨ੍ਹਾਂ ਦੇ ਜੱਦੀ ਘਰ ਦੀ ਛੱਤ 'ਤੇ ਅੱਜ 25 ਵਰ੍ਹਿਆਂ ਮਗਰੋਂ ਭਾਅ ਜੀ ਦੀ ਕਾਇਮ ਕੀਤੀ ਸੰਸਥਾ ਅੰਮ੍ਰਿਤਸਰ ਸਕੂਲ ਆਫ ਡਰਾਮਾ ਦੇ ਕਲਾਕਾਰਾਂ ਨੇ ਨਾਟਕ 'ਸਰਪੰਚਣੀ' ਤੇ 'ਰਾਹਤ' ਪੇਸ਼ ਕੀਤਾ ਅਤੇ ਮੰਚ ਰੰਗਮੰਚ ਵੱਲੋਂ ਕੇਵਲ ਧਾਲੀਵਾਲ ਦੀ ਨਿਰਦੇਸ਼ਨਾ ਹੇਠ 'ਹੋਰ ਵੀ ਉਠਸੀ ਮਰਦ ਕਾ ਚੇਲਾ' ਪੇਸ਼ ਕੀਤੇ ਗਏ। ਸਮਾਗਮ ਵਿੱਚ ਪੰਜਾਬ ਭਰ ਦੀਆਂ ਰੰਗਮੰਚ, ਤਰਕਸ਼ੀਲ ਤੇ ਲੋਕ ਲਹਿਰਾਂ ਨਾਲ ਜੁੜੀਆਂ ਸੰਸਥਾਵਾਂ ਦੇ ਪ੍ਰਤੀਨਿਧ ਵੱਡੀ ਗਿਣਤੀ ਵਿਚ ਪੁੱਜੇ ਹੋਏ ਸਨ। ਸੁਮੀਤ ਸਿੰਘ ਨੇ ਲੋਕਾਂ ਨੂੰ ਅੰਧਵਿਸ਼ਵਾਸ ਤੋਂ ਜਾਗਰੂਕ ਕਰਨ ਲਈ ਪੋਸਟਰ ਪ੍ਰਦਰਸ਼ਨੀ ਇਸ ਮੌਕੇ ਲਗਾਈ ਸੀ।

ਇਸੇ ਕੜੀ 'ਚ ਸਭ ਤੋਂ ਵੱਡਾ ਸਮਾਗਮ 23 ਸਤੰਬਰ ਨੂੰ ਜਗਰਾਓਂ ਵਿਖੇ ਵੱਖ-ਵੱਖ ਗੁਰਸ਼ਰਨ ਦੀ ਵਿਚਾਰਧਾਰਾ ਨਾਲ ਜੁੜੀਆਂ ਜਥੇਬੰਦੀਆਂ ਵਲੋਂ ਕਰਵਾਇਆ ਜਾ ਰਿਹਾ ਹੈ। ਇਸ ਸੰਬੰਧੀ ਜਾਣਕਾਰੀ ਪ੍ਰਦਾਨ ਕਰਦਿਆਂ ਕੰਵਲਜੀਤ ਖੰਨਾ ਨੇ ਕਿਹਾ ਕਿ ਅਜੋਕੇ ਸਮਿਆਂ ਵਿਚ ਜਦੋਂ ਦੇਸ਼ ਦੀਆਂ ਹੁਕਮਰਾਨ ਜਮਾਤਾਂ ਦੇਸ਼ ਅੰਦਰ ਫਿਰਕਾਪ੍ਰਸਤੀ, ਫਾਸ਼ੀਵਾਦੀ ਕਾਨੂੰਨਾਂ ਅਤੇ ਜਨਤਾ ਨੂੰ ਲੁਟਣ ਲਈ ਪੂੰਜੀਵਾਦੀ ਪ੍ਰਬੰਧ ਨੂੰ ਸਥਾਪਤ ਕਰਦੀਆਂ ਅੱਗੇ ਵਧ ਰਹੀਆਂ ਹਨ ਉਸ ਸਮੇਂ ਸ਼ਹੀਦ-ਏ-ਆਜ਼ਮ ਭਗਤ ਸਿੰਘ ਅਤੇ ਗੁਰਸ਼ਰਨ ਭਾਅ ਜੀ ਵਾਂਗ ਪ੍ਰਤੀਬੱਧ ਅਤੇ ਉਨ੍ਹਾਂ ਦੀ ਕਾਰਜਸ਼ੈਲੀ ਵਿਚ ਆਜ਼ਾਦੀ ਲਈ ਨਵੀਂ ਵਿਰਾਸਤ ਵਿਕਸਤ ਕਰਨ ਦੀ ਲੋੜ ਹੈ। ਜਿਵੇਂ ਗੁਰਸ਼ਰਨ ਭਾਅ ਜੀ ਕਿਹਾ ਕਰਦੇ ਸਨ ਕਿ ਆਜ਼ਾਦੀ ਸਾਡੀ ਵਿਰਾਸਤ ਹੈ, ਸਮਾਜਵਾਦ ਲਈ ਸੰਘਰਸ਼ ਸਾਡੀ ਸਿਆਸਤ ਹੈ ਅਤੇ ਕ੍ਰਾਂਤੀ ਸਾਡੀ ਇਬਾਦਤ ਹੈ। ਇਨ੍ਹਾਂ ਸ਼ਬਦਾਂ ਨੂੰ ਅਸਲੀਜਾਮਾ ਪਹਿਨਾਉਣ ਲਈ ਉਨ੍ਹਾਂ ਦੀ ਵਿਚਾਰਧਾਰਾ ਨੂੰ ਜਿਵੇਂ ਕਦੀ ਸ਼ਹੀਦ ਭਗਤ ਸਿੰਘ ਨੇ ਕਿਹਾ ਸੀ, "ਸਾਨੂੰ ਯਾਦ ਰੱਖਣ ਦੀ ਲੋੜ ਹੈ ਕਿ ਕਿਰਤੀ ਇਨਕਲਾਬ ਤੋਂ ਸਿਵਾਏ ਹੋਰ ਕੋਈ ਵੀ ਇਨਕਲਾਬ ਨਾ ਤਾਂ ਕਾਮਯਾਬ ਹੋ ਸਕਦਾ ਹੈ ਅਤੇ ਨਾ ਹੀ ਸਾਨੂੰ ਇਸ ਦੀ ਇੱਛਾ ਕਰਨੀ ਚਾਹੀਦੀ ਹੈ।"



## ਜ਼ਿੰਦਗੀ ਦੇ ਸ਼ਾਹਅਸਵਾਰ ਸਨ

# ਭਾਅ ਜੀ ਗੁਰਸ਼ਰਨ ਸਿੰਘ

– ਕੰਵਲਜੀਤ ਖੰਨਾ

ਸਾਡੇ ਭਾਅ ਜੀ ਨੂੰ ਸਾਥੋਂ ਜੁਦਾ ਹੋਇਆਂ ਇਕ ਵਰ੍ਹਾ ਬੀਤ ਰਿਹਾ ਹੈ ਤਾਂ ਇਕ ਅਜੀਬ ਤਰ੍ਹਾਂ ਦਾ ਸੱਖਣਾਪਨ ਵੱਡੀ ਪੱਧਰ ਤੇ ਮਹਿਸੂਸ ਕੀਤਾ ਜਾ ਰਿਹਾ ਹੈ। ਹਰ ਖੇਤਰ ਭਾਵੇਂ ਉਹ ਇਨਕਲਾਬੀ ਰੰਗਮੰਚ ਹੋਵੇ ਜਾਂ ਹੋਰ ਸਾਹਿਤਕ-ਸਭਿਆਚਾਰਕ ਸਰਗਰਮੀਆਂ ਦਾ ਹੋਵੇ, ਇਹ ਭਾਵੇਂ ਇਨਕਲਾਬੀ ਜਮਹੂਰੀ ਜਥੇਬੰਦੀਆਂ ਅਤੇ ਲੋਕ ਸੰਘਰਸ਼ਾਂ ਦਾ ਹੋਵੇ ਜਾਂ ਕਮਿਊਨਿਸਟ ਇਨਕਲਾਬੀ ਲਹਿਰ ਨਾਲ ਸਬੰਧਤ ਮਸਲਿਆਂ ਦਾ, ਉਨ੍ਹਾਂ ਦੇ ਵਿਛੜ ਜਾਣ ਦੀ ਡੂੰਘੀ ਚੀਸ ਇਨ੍ਹਾਂ ਖੇਤਰਾਂ ਨਾਲ ਜੁੜੇ ਹਰ ਕਾਰਕੁੰਨ ਦੇ ਚਿਹਰਿਆਂ ਤੋਂ ਪ੍ਰਤੱਖ ਪੜ੍ਹੀ ਜਾ ਸਕਦੀ ਹੈ। ਖਾਸ ਤੌਰ 'ਤੇ ਇਸ ਦਾ ਅਨੁਭਵ ਉਦੋਂ ਹੁੰਦਾ ਹੈ, ਜਦੋਂ ਸਾਥੀ ਗੁਰਸ਼ਰਨ ਸਿੰਘ ਵਲੋਂ ਇਨ੍ਹਾਂ ਖੇਤਰਾਂ ਵਿਚ ਨਿਭਾਏ ਰੋਲ ਅਤੇ ਉਨ੍ਹਾਂ ਦੀ ਵਡਮੁੱਲੀ ਦੇਣ ਬਾਰੇ ਕੋਈ ਚਰਚਾ ਛਿੜਦੀ ਹੈ, ਭਾਵੇਂ ਇਨਕਲਾਬੀ ਲਹਿਰ ਦਾ ਕਾਫ਼ਲਾ ਅਤੇ ਉਨ੍ਹਾਂ ਵੱਲੋਂ ਸਿਰਜੇ ਰੰਗ ਮੰਚ ਅਤੇ ਇਨਕਲਾਬੀ ਸਭਿਆਚਾਰਕ-ਸਾਹਿਤਕ ਪਿੜ ਅੰਦਰ ਉਨ੍ਹਾਂ ਵਲੋਂ ਪੈਦਾ ਕੀਤੇ ਪੂਰਾਂ ਦੇ ਪੂਰ ਉਨ੍ਹਾਂ ਦੇ ਅਧੂਰੇ ਕਾਰਜ ਨੂੰ ਸਿਰੇ ਚੜ੍ਹਾਉਣ ਲਈ ਪੂਰੀ ਤਾਕਤ ਨਾਲ ਜੁਟੇ ਹੋਏ ਹਨ। ਪਰ ਇਸਦੇ ਬਾਵਜੂਦ ਗੁਰਸ਼ਰਨ ਭਾਅ ਜੀ ਦੀ ਵਿਲੱਖਣ ਸ਼ਖਸੀਅਤ, ਲੋਕ ਮੁਕਤੀ ਦੇ ਸੁੱਚੇ ਕਾਜ, ਪ੍ਰਤੀ ਉਨ੍ਹਾਂ ਦੀ ਪ੍ਰਤੀਬੱਧਤਾ, ਨਿਡਰਤਾ ਅਤੇ ਲਗਾਤਾਰਤਾ ਅਤੇ ਸਭ ਤੋਂ ਵੱਧ ਸਮਾਜਿਕ ਅਮਲ ਦੀ ਕਸਵੱਟੀ 'ਤੇ ਉਨ੍ਹਾਂ ਦੀ ਕਹਿਣੀ ਅਤੇ ਕਰਨੀ ਵਿਚ ਇਕਸੁਰਤਾ ਅਤੇ ਅੰਤਾਂ ਦੀ ਇਮਾਨਦਾਰੀ ਕਰਕੇ ਉਨ੍ਹਾਂ ਦੀ ਘਾਟ ਹਮੇਸ਼ਾ ਰੜਕਦੀ ਰਹੇਗੀ।

ਹਰ ਸਮੇਂ, ਹਰ ਪਾਲ, ਇਥੇ ਤੱਕ ਕਿ ਆਪਣੇ ਅੰਤਲੇ ਸਾਹਾਂ ਤੱਕ ਸਮੂਹ ਦਾ, ਲਹਿਰ ਦਾ ਫਿਕਰ, ਉਨ੍ਹਾਂ ਦਾ ਇਕੋ ਇਕ ਫ਼ਿਕਰ ਸੀ। ਹਰ ਮਿਲਣ ਗਏ ਨੂੰ ਪਹਿਲਾ ਸਵਾਲ ਕਿ ਤੇਰਾ ਅਗਲਾ ਫਿਕਰ ਕੀ ਹੈ? ਉਨ੍ਹਾਂ ਦੇ ਤਨ ਮਨ 'ਚੋਂ ਨਿਕਲਣ ਵਾਲਾ ਇਕੋ ਹਿਕ ਵਾਕ ਸੀ। ਸ਼ਾਲਾ! ਇਹ ਵਾਕ ਸਾਡੇ ਸਾਰਿਆਂ ਦੇ ਤਨ ਮਨ 'ਚ ਰਚ ਜਾਵੇ।

# ਗੁਰਸ਼ਰਨ ਭਾਅ ਜੀ ਦੀ ਕਲਮ ਤੋਂ

ਦੇਸ਼ ਅਤੇ ਪੰਜਾਬ ਵਿਚ ਜੋ ਹਾਲਾਤ ਹੋ ਰਹੇ ਹਨ, ਉਹ ਬਹੁਤ ਵਾਰ ਸਾਨੂੰ ਮਾਯੂਸ ਕਰ ਦਿੰਦੇ ਹਨ, ਇਹ ਕਹਿੰਦੇ ਆਮ ਸੁਣਿਆ ਜਾਂਦਾ ਹੈ ਕਿ ਇਸ ਦੇਸ਼ ਦਾ ਕੁਝ ਨਹੀਂ ਬਣਨਾ। ਇਥੇ ਨਾ ਹੀ ਧਰਮਾਂ ਤੇ ਨਾ ਜਾਤਪਾਤ ਦੇ ਝਗੜੇ ਕਦੀ ਮੁਕਣੇ ਹਨ ਤੇ ਨਾ ਹੀ ਕੋਈ ਤਰੱਕੀ ਹੋਣੀ ਹੈ। ਪਰ ਅਸਲੀਅਤ ਇਸ ਤਰ੍ਹਾਂ ਨਹੀਂ। ਸਾਡੇ ਦੇਖਦਿਆਂ ਦੇਖਦਿਆਂ ਬੁਰਜੂਆ ਤਰੱਕੀ ਦੇ ਚਿੰਨ੍ਹ, ਹਰ ਪਾਸੇ ਉਭਰ ਆਏ ਹਨ ਅਤੇ ਮਹਾਜਨੀ ਸਭਿਆਚਾਰ ਸਾਡੇ ਸਮਾਜ ਵਿਚ ਬਿਲਕੁਲ ਛਾ ਰਿਹਾ ਹੈ। ਟੈਲੀਵਿਜ਼ਨ ਵੱਡੀ ਗਿਣਤੀ 'ਚ ਘਰਾਂ ਵਿਚ ਪੁੱਜ ਗਏ ਹਨ। ਇਸ ਮਾਧਿਅਮ ਰਾਹੀਂ ਇਕ ਪਾਸੇ ਤਾਂ ਉਹ ਕਲਾ ਜੋ ਲਾਜ਼ਮੀ ਤੌਰ 'ਤੇ ਭ੍ਰਿਸ਼ਟ ਕਲਾ ਹੈ, ਉਹਦਾ ਵਾਧਾ ਹੋ ਰਿਹਾ ਹੈ ਤੇ ਦੂਜੇ ਪਾਸੇ ਇਸ ਰਾਹੀਂ ਭਾਂਤ-ਭਾਂਤ ਦੀਆਂ ਨਿਤ ਵਰਤੋਂ ਦੀਆਂ ਚੀਜ਼ਾਂ ਦੀ ਇਸ਼ਤਿਹਾਰਬਾਜ਼ੀ ਸਾਨੂੰ ਚਕਚੌਂਧ ਕਰ ਰਹੀ ਹੈ। ਇਹ ਕਹਿਣ ਦਾ ਮਤਲਬ ਹੈ ਕਿ ਆਰਥਿਕਤਾ ਦਾ ਸਰਮਾਏਦਾਰੀ ਢਾਂਚਾ ਪੂਰੀ ਤਰ੍ਹਾਂ ਲੁੱਟ ਖਸੁੱਟ ਦੇ ਅਸੂਲਾਂ ਅਨੁਸਾਰ ਆਪਣਾ ਕੰਮ ਕਰ ਰਿਹਾ ਹੈ। ਸਾਧਾਰਨ ਲੋਕਾਂ ਦੇ ਦੁੱਖ ਤਕਲੀਫ਼ ਵੱਧ ਰਹੇ ਹਨ। ਸਮਾਜਿਕ ਅਨਿਆਂ ਵਧ ਰਿਹਾ ਹੈ। ਅਮੀਰ ਤੇ ਗਰੀਬ ਦਾ ਪਾੜਾ ਵਧ ਰਿਹਾ ਹੈ। ਅਮੀਰ ਘਰਾਂ ਵਿਚ ਪੱਛਮੀ ਰਹਿਣ ਸਹਿਣ ਦੀ ਹੋਛੀ ਨਕਲ ਪੂਰੀ ਤਰ੍ਹਾਂ ਮਿਲਦੀ ਹੈ। ਆਯਾਸ਼ੀ ਦੇ ਸਭ ਸਾਮਾਨ ਹਨ। ਹਰ ਰਾਤ ਸ਼ਰਾਬਾਂ ਦੇ ਦੌਰ ਚਲਦੇ ਹਨ। ਜਦੋਂ ਕਿ ਝੁੱਗੀਆਂ ਦੀ ਗਿਣਤੀ ਵੀ ਵੱਧ ਰਹੀ ਹੈ ਤੇ ਉਨ੍ਹਾਂ ਦੀ ਕੰਗਾਲੀ ਵੀ ਵਧ ਰਹੀ ਹੈ, ਪਰ ਜ਼ਿੰਦਗੀ ਦੀਆਂ ਇਹ ਸੱਚਾਈਆਂ ਲੋਕਾਂ ਦੇ ਧਿਆਨ ਦਾ ਕੇਂਦਰ ਨਹੀਂ.....। ਲੋਕਾਂ ਦੀ ਸੋਚਣੀ ਨੂੰ ਫਿਰਕੂ ਮਸਲਿਆਂ ਅਤੇ ਹੋਰ ਕੌਮੀ ਸ਼ਾਵਨਵਾਦੀ ਮਸਲਿਆਂ ਰਾਹੀਂ ਭੰਬਲਭੂਸਿਆਂ ਵਿਚ ਪਾਇਆ ਜਾ ਰਿਹਾ ਹੈ।

ਇਨ੍ਹਾਂ ਹਾਲਾਤਾਂ ਵਿਚ ਕੀ ਸਾਡੇ ਲਈ ਵੀ ਜ਼ਰੂਰੀ ਹੈ ਕਿ ਅਸੀਂ ਖੱਬੀ ਸੋਚ ਵਾਲੇ ਲੋਕ ਭੰਬਲਭੂਸਿਆਂ ਵਿਚ ਪੈ ਜਾਈਏ ਤੇ ਸਾਡੀ ਸਿਆਸਤੀ ਜੋ ਮਿਹਨਤਕਸ਼ ਜਮਾਤ ਦੇ ਸੰਘਰਸ਼ਾਂ ਨੂੰ ਆਧਾਰ ਬਣਾ ਕੇ ਹੀ ਲੋਕਾਂ ਤੱਕ ਫੈਲ ਸਕਦੀ ਹੈ, ਉਸ ਨੂੰ ਛੱਡਕੇ ਬੁਰਜੂਆ ਸਿਆਸਤ ਦਾ ਭਾਗ ਬਣ ਜਾਈਏ? ਸਹੀ ਗੱਲ ਕਹਿਣ ਦੀ ਥਾਂ ਵੋਟਾਂ ਜਾਂ ਸਸਤੀ ਸ਼ੁਹਰਤ ਦੇ ਚੱਕਰ ਵਿਚ ਮੌਕਾਪ੍ਰਸਤ ਪੁਜੀਸ਼ਨਾਂ ਲੈਣੀਆਂ ਸ਼ੁਰੂ ਕਰ ਦੇਈਏ। ਇਹਦਾ ਸਪਸ਼ਟ ਜਵਾਬ ਹੈ-ਨਹੀਂ। ਸਾਨੂੰ ਆਪਣੀ ਸਿਆਸਤ ਤੇ ਕਾਇਮ ਰਹਿਣਾ ਚਾਹੀਦਾ ਹੈ।

# ਆਧੁਨਿਕ ਯੁੱਗ 'ਚ ਬਾਬਿਆਂ ਦਾ ਧੰਦਾ ਕਿਵੇਂ ਚਲਦਾ ਹੈ

ਭਾਰਤ 'ਚੋਂ ਧਾਰਮਿਕ ਪੂੰਜੀ ਤੇਜ਼ੀ ਨਾਲ ਵੱਧ ਫੁੱਲ ਰਹੀ ਹੈ। ਸਵਾਮੀ ਅਧੋਕਸਾਨੰਦ ਨੇ ਕਿਹਾ ਸੀ ਭਾਰਤੀ ਰਿਜ਼ਰਵ ਬੈਂਕ ਦੀ ਕੁੱਲ ਪੂੰਜੀ ਦਾ ਪੰਦਰਾਂ ਫੀਸਦੀ ਦੇਸ਼ ਦੇ ਮੰਦਰਾਂ ਵਿਚ ਹੈ। ਇਹ ਪੂਰੀ ਸੂਰਾ ਧਾਰਮਿਕ ਭ੍ਰਿਸ਼ਟਾਚਾਰ ਹੈ। ਜਨਤਾ ਦੀ ਮਿਹਨਤ ਲੁੱਟੀ ਜਾ ਰਹੀ ਹੈ ਅਤੇ ਮੁਕਾਬਲੇ ਦੀ ਆਰਥਿਕਤਾ ਚਲਾਈ ਜਾ ਰਹੀ ਹੈ। 'ਤਦਭਵ' ਦੇ ਸਿਲਵਰ ਜੁਬਲੀ ਅੰਕ ਉਤੇ 22 ਅਪ੍ਰੈਲ ਨੂੰ ਲਖਨਊ 'ਚ ਆਯੋਜਿਤ ਵਿਚਾਰ ਚਰਚਾ ਵਿਚ ਦਲਿਤ ਰਚਨਾਕਾਰ ਤੁਲਸੀਰਾਮ ਦੀ ਇਹ ਟਿੱਪਣੀ ਨਿਰਮਲਜੀਤ ਸਿੰਘ ਨਰੂਲਾ ਯਾਨੀ ਨਿਰਮਲ ਬਾਬਾ ਨੂੰ ਦੇਵੀ ਅਸ਼ੀਰਵਾਦ ਦੇ ਰੂਪ 'ਚ ਮਿਲੀ ਤੀਸਰੀ ਅੱਖ (ਜਿਵੇਂ ਕਿ ਉਹ ਕਹਿ ਰਿਹਾ ਹੈ) ਅਤੇ ਧਰਮ ਦੀ ਆੜ 'ਚ ਉਨ੍ਹਾਂ ਵਲੋਂ ਕੀਤੇ ਜਾ ਰਹੇ ਕੁਕਰਮਾਂ ਬਾਰੇ ਗੱਲ ਕਰਨ ਤੋਂ ਪਹਿਲਾਂ ਇਹ ਗੱਲ ਕਰਨੀ ਜ਼ਰੂਰੀ ਹੈ ਕਿ ਉਹ ਪਹਿਲਾਂ ਕੀ ਸੀ ਅਤੇ ਫਿਰ ਨਿਰਮਲ ਬਾਬਾ ਕਿਵੇਂ ਬਣੇ। ਨਿਰਮਲ ਬਾਬਾ ਸਾਂਸਦ ਇੰਦਰ ਸਿੰਘ ਨਾਮਧਾਰੀ ਦੇ ਸਾਲੇ ਹਨ। ਨਾਮਧਾਰੀ ਜੀ ਝਾਰਖੰਡ ਵਿਧਾਨ ਸਭਾ ਦੇ ਮੈਂਬਰ ਰਹਿ ਚੁੱਕੇ ਹਨ ਅਤੇ ਹੁਣ ਕੇਂਦਰ 'ਚ ਐਮ. ਪੀ. ਹਨ। ਨਿਰਮਲ ਬਾਬਾ ਨੇ ਪਹਿਲਾਂ ਠੇਕੇਦਾਰੀ ਕੀਤੀ ਅਤੇ ਫਿਰ ਇੱਟਾਂ ਦਾ ਭੱਠਾ ਲਾਇਆ। ਕੱਪੜੇ ਦੀ ਦੁਕਾਨ ਵੀ ਖੋਲ੍ਹੀ। ਪਰ ਉਹ ਇਨ੍ਹਾਂ ਕਾਰੋਬਾਰਾਂ ਵਿਚ ਫੇਲ੍ਹ ਹੁੰਦੇ ਰਹੇ ਅਤੇ ਉਹ ਧੰਦਾ ਬਦਲਦੇ ਰਹੇ। ਚਾਰੇ ਪਾਸਿਓਂ ਨਿਰਾਸ਼ ਹੋਣ ਪਿੱਛੋਂ ਉਹ ਕੰਮ ਦੀ ਭਾਲ ਵਿਚ ਦਿੱਲੀ ਪਹੁੰਚੇ ਅਤੇ ਨਿਰਮਲਜੀਤ ਸਿੰਘ ਨਰੂਲਾ ਤੋਂ ਨਿਰਮਲ ਬਾਬਾ ਬਣੇ। ਧਰਮ ਦੇ ਨਾਮ ਉਤੇ ਪਾਖੰਡ ਦਾ ਧੰਦਾ ਸ਼ੁਰੂ ਕਰ ਲਿਆ। ਉਸ ਸਮੇਂ ਅੱਜ ਵਰਗੇ ਹਾਲਾਤ ਨਹੀਂ ਸਨ। ਨੋਇਡਾ ਦੇ ਇਕ ਸਟੂਡੀਓ ਵਿਚ ਪ੍ਰੋਗਰਾਮ ਦੀ ਸ਼ੂਟਿੰਗ ਹੁੰਦੀ ਸੀ। ਲੋਕਾਂ ਨੂੰ ਪੈਸੇ ਦੇ ਕੇ ਬੈਠਣ ਲਈ ਬੁਲਾਇਆ ਜਾਂਦਾ ਸੀ। ਸਵਾਲ ਪੁੱਛਣ ਵਾਲੇ ਨੂੰ ਵੱਧ ਰਕਮ ਦਿੱਤੀ ਜਾਂਦੀ ਸੀ। ਬਾਬੇ ਦੇ ਖਾਸ ਸਿਪਾਹੀਆਂ ਨੇ ਇਸ ਪ੍ਰੋਗਰਾਮ ਦਾ ਬਹੁਤ ਪ੍ਰਚਾਰ ਕੀਤਾ। ਟੀ.ਵੀ. ਚੈਨਲਾਂ ਦਾ ਬੰਦੋਬਸਤ ਕੀਤਾ। ਇਨ੍ਹਾਂ ਰਾਹੀਂ ਨਿਰਮਲ ਬਾਬਾ ਘਰ ਘਰ ਪਹੁੰਚਣ ਲੱਗੇ ਅਤੇ ਕਾਰੋਬਾਰ ਜ਼ੋਰ ਫੜਨ ਲੱਗਿਆ। ਜੇਕਰ ਪਹਿਲਾਂ ਸਵਾਲ ਪੁੱਛਵਾਉਣ ਲਈ ਧਨ ਦਿੱਤਾ ਜਾਂਦਾ ਸੀ, ਤਾਂਹੁਣ ਸਵਾਲ ਪੁੱਛਣ ਦੇ ਪੰਜ ਹਜ਼ਾਰ ਅਤੇ ਪੰਡਾਲ 'ਚ ਬੈਠਣ ਦੇ ਦੋ ਹਜ਼ਾਰ ਰੁਪਏ ਵਸੂਲੇ ਜਾਣ ਲੱਗੇ। ਬਾਬਾ ਹਜ਼ਾਰਾਂ ਤੋਂ ਲੱਖਾਂ 'ਚ ਖੇਡਣ ਲੱਗਿਆ, ਹੁਣ ਤਾਂ ਕਰੋੜਾਂ 'ਚ ਖੇਡ ਰਿਹਾ ਹੈ। ਉਸ ਦਾ ਕਹਿਣਾ ਹੈ ਕਿ ਉਸ ਕੋਲ ਦੋ ਤੋਂ ਸਿਵਾ ਇਕ ਤੀਸਰੀ ਅੱਖ ਹੈ। ਉਸ ਨੂੰ ਅਸ਼ੀਰਵਾਦ ਪ੍ਰਾਪਤ ਹੈ। ਇਸ ਝੂਠ ਨਾਲ ਉਹ ਲੋਕਾਂ ਦੀਆਂ ਗੰਭੀਰ ਬਿਮਾਰੀਆਂ ਨੂੰ ਠੀਕ ਕਰਨ ਦਾ ਦਾਅਵਾ ਕਰਦਾ ਹੈ। ਉਨ੍ਹਾਂ ਦੀ ਹਰ ਮੁਸ਼ਕਿਲ ਸੁਲਝਾਉਣ ਦੀ ਗੱਲ ਕਰਦਾ ਹੈ। ਉਹ ਅਜੀਬੋ ਗਰੀਬ ਟੋਟਕੇ ਦੱਸਦਾ ਹੈ। ਉਦੋਂ ਤਾਂ ਹੱਦ ਹੀ ਹੋ ਗਈ ਜਦੋਂ ਇਕ ਦੋ ਨਹੀਂ ਸਗੋਂ ਛੱਤੀ ਟੀ.ਵੀ. ਚੈਨਲ (ਜ਼ਿਆਦਾ ਕਰਕੇ ਖ਼ਬਰਾਂ ਦੇ ਚੈਨਲ) ਦੇ ਰਾਹੀਂ ਨਿਰਮਲ ਬਾਬਾ ਦੇ ਟੋਟਕੇ ਆਮ ਜਨਤਾ ਤੱਕ ਪਹੁੰਚਣ ਲੱਗੇ। ਟੀ.ਵੀ. ਨਿਊਜ਼ ਚੈਨਲਾਂ ਨੂੰ ਉਸ ਤੋਂ ਕਰੋੜਾਂ ਰੁਪਏ ਮਿਲਣ ਲੱਗੇ। ਇਸ ਕਰਕੇ ਉਨ੍ਹਾਂ ਨੇ ਇਸ ਬਾਰੇ ਖ਼ਬਰ ਦੇਣਾ ਉਚਿਤ ਨਹੀਂ ਸਮਝਿਆ। ਹੈਰਾਨੀ ਦੀ ਗੱਲ ਇਹ ਕਿ ਕਿਸੇ ਅਖ਼ਬਾਰ ਨੇ ਵੀ ਇਸ ਪਾਖੰਡ ਦੇ ਖਿਲਾਫ਼ ਕਲਮ ਚਲਾਉਣ ਦੀ ਜ਼ਰੂਰਤ ਨਹੀਂ ਸਮਝੀ। ਭਲਾ ਹੋਵੇ ਉਸ ਸਮਾਜਿਕ ਮੀਡੀਏ ਦਾ ਜਿਸ ਨੇ ਨਿਰਮਲ ਬਾਬਾ ਦੇ ਪਾਖੰਡ ਨੂੰ ਦੇਸ਼ ਦੇ ਸਾਹਮਣੇ ਲਿਆਉਣ ਦੀ ਭੂਮਿਕਾ ਨਿਭਾਈ। ਸਮਾਜਿਕ ਮੀਡੀਏ ਵਿਚ ਲੱਗੇ ਲੋਕ ਹਰ ਰੋਜ਼ ਬਾਬੇ ਦੇ ਕਾਰਨਾਮਿਆਂ ਦੀ ਪੋਲ ਖੋਲ੍ਹਣ ਲੱਗੇ। ਵੈਬਸਾਈਟਾਂ ਰਾਹੀਂ ਟੀ.ਵੀ. ਚੈਨਲਾਂ ਉਤੇ ਚਲ ਰਹੇ ਪ੍ਰੋਗਰਾਮਾਂ ਉਤੇ ਸਵਾਲ ਖੜ੍ਹੇ ਹੋਣ ਲੱਗੇ। ਇਸ ਵਿਚਕਾਰ ਤਾਨਿਆ ਅਤੇ ਅਦਿੱਤਿਆ (ਆਈ.ਪੀ. ਐਸ. ਅਮਿਤਾਭ ਠਾਕੁਰ ਦੇ ਨਾਬਾਲਗ ਬੱਚੇ) ਨੇ ਪੁਲਿਸ ਨੂੰ ਸ਼ਿਕਾਇਤ ਕੀਤੀ ਕਿ ਟੀ.ਵੀ. ਉਤੇ ਧਰਮ ਦਾ ਭਰ ਅਤੇ ਆਪਣੀ ਝੂਠੀ ਮਹੱਤਤਾ ਦਿਖਾ ਕੇ ਇਕ ਵਿਅਕਤੀ ਦੇਸ਼ ਦੀ ਜਨਤਾ ਨੂੰ ਮੂਰਖ ਬਣਾ ਰਿਹਾ ਹੈ। ਮੁਕੱਦਮਾ ਲਿਖਣ 'ਚ ਟਾਲਮਟੋਲ ਕਰਨ ਵਾਲੀ ਪੁਲਿਸ ਨੇ ਇਥੇ ਵੀ ਇਹੀ ਕੀਤਾ। ਆਪਣੇ ਹੀ ਵਿਭਾਗ ਦੇ ਆਹਲਾ ਅਫ਼ਸਰ ਦੇ ਬੱਚਿਆਂ ਦੇ ਮਹੀਨਾ ਭਰ ਥਾਣੇ ਵਿਚ ਚੱਕਰ ਲਵਾਏ। ਬੱਚਿਆਂ ਨੇ ਮਜ਼ਬੂਰਨ ਮੁਕੱਦਮਾ ਲਿਖਣ ਲਈ ਨਿਆਂਪਾਲਿਕਾ ਦਾ ਸਹਾਰਾ ਲਿਆ। ਇਸ ਲਈ ਇਹ ਦਲੀਲ ਵੀ ਵਰਤੀ ਕਿ ਕਿਸੇ ਨੇ ਜਾਹਲੀ ਚੈਕ ਨਾਲ ਬਾਬੇ ਦੇ ਖਾਤੇ 'ਚੋਂ ਮੋਟੀ ਰਕਮ ਕਢਵਾ ਲਈ। ਜਦੋਂ ਉਹ ਆਪਣੇ ਖਾਤੇ ਦੀ ਰੱਖਿਆ ਨਹੀਂ ਕਰ ਸਕਦੇ ਤਾਂ ਉਸ ਦੇ ਦੱਸੇ ਹੋਏ ਉਪਾਵਾਂ ਨਾਲ ਇਸ ਦਾ ਭਲਾ ਹੋ ਸਕਦਾ ਹੈ।

# ਰੀਓ-20 ਸੰਮੇਲਨ ਦੀ ਪਰਖ-ਪੜਚੋਲ ਦੀ ਮਹੱਤਤਾ



ਡਾ ਚਰਨਜੀਤ ਸਿੰਘ ਨਾਭਾ

*ਕੁਦਰਤ ਤੇ ਮਨੁੱਖ ਦਾ ਸੁਮੇਲ ਇਸ ਧਰਤੀ ਦੀ ਸਭ ਤੋਂ ਉਚਤਮ ਅਤੇ ਖੂਬਸੂਰਤ ਸ਼ੈਅ ਦੇ ਤੌਰ 'ਤੇ ਵਿਕਸਿਤ ਹੋਈ ਸੀ। ਇਸ ਸੁਮੇਲ ਨੂੰ ਜਿਸ ਕਿਸਮ ਨਾਲ ਪੂੰਜੀਵਾਦੀ ਪ੍ਰਬੰਧ ਨੇ ਤਹਿਸ਼-ਨਹਿਸ਼ ਕਰਨਾ ਸ਼ੁਰੂ ਕੀਤਾ ਹੈ ਇਸ ਨਾਲ ਮਨੁੱਖ ਦਾ ਭਵਿੱਖ ਲਗਾਤਾਰ ਧੁੰਦਲਾ ਹੁੰਦਾ ਜਾ ਰਿਹਾ ਹੈ। ਕਿਸ ਕੋਨੇ ਤੋਂ ਕਿਸ ਕਿਸਮ ਦੀ ਆਵਾਜ਼ ਮੁੜ ਉਠਾਈ ਜਾਵੇ ਕਿ ਕੁਦਰਤ ਤੇ ਮਨੁੱਖ ਤਾ ਸੁਮੇਲ ਮੁੜ ਆਧੁਨਿਕ ਸਮਿਆਂ 'ਚ ਆਪਣੇ ਇਤਿਹਾਸਕ ਪਹਿਚਾਣ ਬਣਾ ਸਕੇ।*



ਅੱਜ ਤੋਂ 40 ਸਾਲ ਪਹਿਲਾ ਸਟਾਕਹੋਮ (ਸਵੀਡਨ) ਵਿੱਚ ਹੋਏ ਪਹਿਲੇ ਵਿਸ਼ਵ ਵਾਤਾਵਰਣ ਸੰਮੇਲਨ ਵਿੱਚ ਮੇਜ਼ਬਾਨ ਦੇਸ ਸਵੀਡਨ ਦੇ ਰਾਸ਼ਟਰਪਤੀ ਉਲੱਫ ਪਾਮੇ ਤੋਂ ਇਲਾਵਾ ਭਾਰਤ ਦੀ ਪ੍ਰਧਾਨ ਮੰਤਰੀ ਸ਼੍ਰੀਮਤੀ ਇੰਦਰਾ ਗਾਂਧੀ ਹੀ ਇਕੱਲੀ ਰਾਸ਼ਟਰ ਮੁੱਖੀ ਸੀ ਜਿਸ ਨੇ ਇਸ ਕਾਨਫਰੰਸ ਵਿੱਚ ਹਿੱਸਾ ਲਿਆ ਅਤੇ ਕਿਹਾ ਸੀ, ਗਰੀਬੀ ਹੀ ਪ੍ਰਦੂਸ਼ਣ ਦਾ ਸਭ ਤੋਂ ਭੈੜਾ ਰੂਪ ਹੈ। ਅੱਜ ਸਮੁੱਚੀ ਦੁਨੀਆਂ ਦੇ ਦੇਸ਼ਾਂ ਨੇ ਕੁਦਰਤ ਪੱਖੀ ਅਰਥਚਾਰਾ: ਆਮ ਆਵਾਮ ਦੀ ਸ਼ਮੂਲੀਅਤ ਵਿਸ਼ੇ ਤੇ ਰੀਓ-ਡੀ-ਜੈਨੇਰੀਓ ਵਿਖੇ ਤਿੱਖੀ ਚਰਚਾ ਕੀਤੀ ਜੋ ਸ਼੍ਰੀਮਤੀ ਇੰਦਰਾ ਗਾਂਧੀ ਦੇ 40 ਸਾਲ ਪਹਿਲਾਂ ਕਹੇ ਸ਼ਬਦਾਂ ਦੀ ਪ੍ਰੋੜਤਾ ਸੀ। ਸੰਨ 1992 ਵਿੱਚ ਇਸੇ ਹੀ ਸ਼ਹਿਰ ਵਿੱਚ ਹੋਏ ਧਰਤ ਸੰਮੇਲਨ ਦੌਰਾਨ ਇਸ ਧਰਤੀ ਅਤੇ ਜੀਵ-ਭਿੰਨਤਾ ਨੂੰ ਬਚਾਉਣ ਦਾ ਅਹਿਦ ਲਿਆ ਅਤੇ ਇਸ ਦਿਸਾ ਵਿੱਚ ਕੰਮ ਕਰਨ ਲਈ ਮਾਪਦੰਡ ਤਹਿ ਕਰਕੇ ਅਮੀਰ ਦੇਸ਼ਾਂ ਨੂੰ ਜੁਵਾਬਦੇਹ ਬਣਾਇਆ ਗਿਆ ਕਿਉਂਕਿ ਉਹਨਾ ਦੇਸ਼ਾਂ ਦੀ ਤਰੱਕੀ, ਪੈਸੇ ਦੀ ਹੋੜ, ਵਿਲਾਸਮਈ ਜੀਵਨ-ਸ਼ੈਲੀ ਅਤੇ ਸਿਆਸੀ ਉਚੱਤਾ ਨੇ ਸਮੁੱਚੇ ਸੰਸਾਰ ਦੇ ਵਾਤਾਵਰਣ ਨੂੰ ਕੁਦਰਤ ਵਿਰੋਧੀ ਅਤੇ ਦੂਸ਼ਿਤ ਕਰ ਦਿੱਤਾ ਸੀ। ਉਦੋਂ ਤੋਂ ਹੁਣ ਤੱਕ ਸੰਸਾਰ ਪੱਧਰ ਤੇ ਹੋਈ ਸਿਆਸੀ ਅਤੇ ਆਰਥਿਕ ਉਥੱਲ-ਪੁੱਥਲ, ਅਮਰੀਕੀ ਅਤੇ ਯੂਰਪੀ ਅਰਥਚਾਰੇ ਦਾ ਦੀ ਢਹਿ-ਢੇਰੀ ਹੋਣਾ, ਬੇਰੁਜ਼ਗਾਰੀ ਦੀ ਅਲਾਮਤ, ਜੀ-77, ਬਰਿਕਸ ਅਤੇ ਆਸੀਅਨ ਆਦਿ ਦਾ ਹੋਂਦ ਵਿੱਚ ਆਉਣਾ ਅਤੇ ਅਮਰੀਕੀ-ਯੂਰਪੀ ਸਰਦਾਰੀ ਨੂੰ ਵੰਗਰਾਨਾ ਆਦਿ ਅਜਿਹੇ ਵਰਤਾਰੇ ਰਹੇ ਜਿਹਨਾਂ ਨੇ ਸੰਯੁਕਤ ਰਾਸ਼ਟਰ ਨੂੰ ਮਜਬੂਰ ਕੀਤਾ ਕਿ ਉਹ ਇਸ ਗ੍ਰਹਿ ਦੇ ਬਚਾਓ ਲਈ ਠੋਸ ਕਦਮ ਚੁੱਕੇ ਅਤੇ 21ਵੀ ਸਦੀ ਵਿੱਚ ਸਮੁੱਚੇ ਸੰਸਾਰ ਦੇ ਜੀਵਨ ਵਿੱਚ ਆਰਥਿਕਤਾ ਬਰਾਬਰਤਾ, ਰੁਜ਼ਗਾਰ ਦੇ ਮੌਕੇ, ਕੁਦਰਤੀ ਸ੍ਰੋਤਾਂ ਦੇ ਅਧਿਕਾਰ ਅਤੇ ਆਦਿ ਵਾਸੀਆਂ ਦੀ ਜੀਵਨ-ਜਾਂਚ ਸੁਧਾਰਨ ਵੱਲ ਠੋਸ ਨਤੀਜਿਆਂ ਤੇ ਪਹੁੰਚਣ ਲਈ ਨੀਤੀਆਂ ਘੜੀਆਂ ਅਤੇ ਸਖਤੀ ਨਾਲ ਲਾਗੂ ਕੀਤੀਆਂ ਜਾਣ।

ਇਸ ਵਰ੍ਹੇ 20-22 ਜੂਨ ਨੂੰ ਰੀਓ-ਡੀ-ਜੈਨੀਰੀਓ, ਜੋ ਬ੍ਰਾਜ਼ੀਲ ਦਾ ਦੂਜਾ ਵੱਡਾ ਸ਼ਹਿਰ ਹੈ, ਤੋਂ 30 ਕਿਲੋਮੀਟਰ ਦੂਰ ਰੀਓ ਸੈਂਟਰੋਹਾਲ ਹਾਲ ਵਿੱਚ ਹੋਈ ਇਸ ਕਾਨਫਰੰਸ ਵਿੱਚ ਸੰਸਾਰ ਦੇ 100 ਦੇਸ਼ਾਂ ਦੇ ਮੁੱਖੀਆਂ ਸਮੇਤ 199 ਦੇਸ਼ਾਂ ਨੇ ਹਿੱਸਾ ਲਿਆ। ਇਸ ਕਾਨਫਰੰਸ ਦੀ ਵਿਲੱਖਣਤਾ ਇਹ ਰਹੀ ਕਿ ਪਹਿਲੀ ਵਾਰ ਸਿਵਲ ਸੁਸਾਇਟੀ ਦੇ ਕਾਰਕੁੰਨਾ ਨੂੰ ਅਧਿਕਾਰਕ ਤੌਰ ਤੇ ਇਸ ਕਾਨਫਰੰਸ ਵਿੱਚ ਹਿੱਸਾ ਲੈਣ ਅਤੇ ਆਪਣੇ ਵਿਚਾਰ ਰੱਖਣ ਦਾ ਹੱਕ ਦਿੱਤਾ ਗਿਆ ਪਰ ਦੂਜੇ ਪਾਸੇ ਇਸ ਕਾਨਫਰੰਸ ਵਿੱਚ ਵਿਚਾਰੇ ਜਾਣ ਵਾਲਾ ਦਸਤਾਵੇਜ਼ ਬ੍ਰਾਜ਼ੀਲ ਵੱਲੋਂ ਪੂਰਾ ਗੁਪਤ ਰੱਖਿਆ ਗਿਆ ਅਤੇ ਜਾਰੀ ਦਸਤਾਵੇਜ ਤੇ ਹੋ ਰਹੀ ਬਹਿਸ ਤੋਂ ਮੀਡੀਆ ਨੂੰ ਦੂਰ ਰੱਖਿਆ ਗਿਆ। ਸਮੁੱਚੇ ਸੰਸਾਰ ਤੋਂ ਕਰੀਬਨ 5 ਲੱਖ ਵਾਤਾਵਰਣ ਕਾਰਕੁੰਨ ਰੀਓ-ਜੀ-ਜੈਨੇਰੀਓ ਪਹੁੰਚੇ ਹੋਏ ਸਨ ਪਰ ਉਹਨਾਂ ਦੇ ਹੌਂਸਲੇ ਬੁਲੰਦ ਨਹੀਂ ਸਨ ਕਿਉਕਿ ਕਾਨਫਰੰਸ ਤੋਂ ਪਹਿਲਾਂ ਹੀ ਸੰਯੁਕਤ ਰਾਸ਼ਟਰ ਦੇ ਬੁਲਾਰੇ ਨੇ ਐਲਾਨ ਕਰ ਦਿੱਤਾ ਸੀ ਕਿ ਇਸ ਵਾਰ ਰੀਓ ਕਾਨਫਰੰਸ ਵਿੱਚ ਕੋਈ ਸੰਧੀਆਂ ਜਾਂ ਅਹਿਦਨਾਮੇ ਦਸਖਤ ਨਹੀਂ ਕੀਤੇ ਜਾਣਗੇ ਬਲਕਿ ਸਮੁੱਚੇ ਸੰਸਾਰ ਦੇ ਸਿਆਸੀ ਲੀਡਰਾਂ ਤੋਂ ਧਰਤੀ ਅਤੇ ਜੀਵ-ਭਿੰਨਤਾ ਨੂੰ ਬਚਾਉਣ ਲਈ ਤਹਿ ਕੀਤੇ ਮਾਪਦੰਡਾਂ ਪ੍ਰਤੀ ਸਿਆਸੀ ਵਚਨਬੱਧਤਾ ਹੀ ਤਸਦੀਕ ਕਰਵਾਈ ਜਾਵੇਗੀ।

ਹੋਇਆ ਵੀ ਇਹੋ ਹੀ, ਕਾਨਫਰੰਸ ਤੋ ਪਹਿਲਾਂ ਸੰਯੁਕਤ ਰਾਸ਼ਟਰ ਵੱਲੋ ਜਾਰੀ ਦਸਤਾਵੇਜ ਤੇ ਚਲ ਰਹੀ ਚਰਚਾ ਵਿੱਚ 191 ਦੇਸ਼ਾਂ ਦੇ ਨੁਮਾਇੰਦੇ ਪੂਰੀ ਤਿਆਰੀ ਨਾਲ ਆਪਣਾ ਪੱਖ ਰਹੇ ਸਨ। ਸਿਆਸੀ ਲਾਬਿੰਗ ਪੂਰੇ ਜ਼ੋਰਾਂ ਤੇਸੀ ਅਤੇ ਵੱਖ ਵੱਖ ਗਰੁੱਪ ਆਪਣੀ ਰਾਇ ਮਨਾਉਣ ਲਈ ਅੜੇ ਹੋਣ ਕਾਰਨ 15 ਜੂਨ ਤੱਕ ਪੂਰੀ ਖੜੋਤ ਬਣੀ ਰਹੀ ਜੋ ਬ੍ਰਾਜ਼ੀਲ ਲਈ ਇੱਕ ਵੱਡੀ ਸਿਰ ਦਰਦੀ ਸੀ ਕਿਉਂਕਿ ਇਸ ਦੀ ਰਾਸ਼ਟਰਪਤੀ ਡਿਲਮਾ ਰਾਓਸਫ਼ ਨੇ ਆਉਣ ਵਾਲੇ ਪ੍ਰਧਾਨ ਦੇ ਤੌਰ ਤੇ ਕਾਰਜਸ਼ੀਲ ਹੋਣਾ ਸੀ। ਬ੍ਰਾਜ਼ੀਲ ਨੇ ਆਪਣੀ ਸਿਆਸੀ ਪ੍ਰਪੱਕਤਾ ਦੀ ਮਿਸਾਲ ਦਿੰਦਿਆਂ 16 ਜੂਨ ਨੂੰ ਸੰਯੁਕਤ ਰਾਸ਼ਟਰ ਦੇ ਆਰਥਿਕ ਅਤੇ ਸਮਾਜਿਕ ਕਾਰ-ਵਿਹਾਰ ਵਿਭਾਗ ਤੋਂ ਇਸ ਕਾਨਫਰੰਸ ਦੀ ਕਮਾਨ ਖੋਹ ਕੇ ਆਪਣੇ ਹੱਥ ਲੈ ਲਈ ਅਤੇ ਪੂਰੀ ਚਲਾਕੀ ਨਾਲ ਰਾਤੋ ਰਾਤ ਕਾਨਫਰੰਸ ਲਈ ਵੱਖਰਾ ਬ੍ਰਾਜੀਲੀਅਨ ਦਸਤਾਵੇਜ਼, ਜੋ ਇਸ ਨੇ ਪਹਿਲਾ ਹੀ ਤਿਆਰ ਕੀਤਾ ਹੋਇਆ ਸੀ, ਵੰਡ ਕੇ ਬ੍ਰਾਜੀਲੀ ਕੂਟਨੀਤਕਾਂ ਦੀ ਅਗਵਾਈ ਹੇਠ ਚਰਚਾ ਕਰਨ ਲਈ ਸਬ-ਗਰੁੱਪ ਬਣਾ ਦਿੱਤੇ। ਬਰਿਕਸ ਦਾ ਮੈਂਬਰ ਹੁੰਦਿਆ ਬ੍ਰਾਜੀਲੀਅਨ ਦਸਤਾਵੇਜ ਦੀ ਸਿਆਸੀ ਇਬਾਰਤ ਕੁੱਝ ਇਸ ਤਰ੍ਹਾਂ ਬਣਾਈ ਗਈ ਸੀ ਕਿ ਵਿਕਾਸ਼ਸ਼ੀਲ ਦੇਸ਼ਾਂ, ਜਿਸ ਦੀ ਅਗਵਾਈ ਜੀ-77 ਦੇ ਗੁੱਟ ਲੀਡਰ ਵਜੋਂ ਭਾਰਤ ਕਰ ਰਿਹਾ ਸੀ, ਨੂੰ ਲੱਗੇ ਕਿ ਸਾਡੇ ਪੱਖ ਦੀ ਗੱਲ ਇਸ ਦਸਤਾਵੇ ਜੋ ਵਿੱਚ ਕਹੀ ਗਈ ਹੈ। ਜਿਸ ਚੁਸਤੀ, ਕੂਟਨੀਤਕਤਾ, ਤੇਜੀ ਅਤੇ ਗੋਪਨੀਅਤਾ ਨਾਲ ਬ੍ਰਾਜ਼ੀਲ ਨੇ ਇਹ ਦਸਤਾਵੇਜ ਪੇਸ਼ ਕੀਤਾ, ਉਸ ਤੋਂ ਸਾਰੀ ਸੰਸਾਰ ਦੀ ਲੀਡਰਸ਼ਿਪ ਅਚੰਭੀ ਰਹਿ ਗਈ। ਜੂਨ 18 ਨੂੰ ਬ੍ਰਾਜੀਲ ਨੇ ਐਲਾਨ ਕੀਤਕਿ ਇਸ ਦਸਤਵੇਜ ਦੀਆਂ ਕੁੱਝ ਕੁ ਮਦਾਂ ਨੂੰ ਛੱਡ ਕੇ ਬਾਕੀ ਸਾਰੇ ਦਸਤਾਵੇਜ ਤੇ ਸਹਿਮਤੀ ਬਣ ਗਈ ਹੈ। ਭਾਰਤੀ ਵਫ਼ਦ ਨੇ ਐਲਾਨ ਕੀਤਾ ਕਿ ਉਸ ਨੇ ਵਿਕਸਤ ਦੇਸ਼ਾਂ ਨੂੰ 1992 ਵਾਲੀ ਮੱਦ ਸਾਂਝੀਆਂ ਪਰ ਵਿਭੇਦੀ ਜ਼ਿੰਮੇਵਾਰੀਆਂ ਵਾਲੀ ਮੱਦ ਦਸਤਾਵੇਜ ਵਿੱਚ ਬਰਕਰਾਰ ਰੱਖਣ ਲਈ ਮਨਾ ਲਿਆ ਹੈ। ਵਿਕਸਤ ਦੇਸ਼ ਇਸ ਮੱਦ ਨੂੰ ਹੁਣ ਤੱਕ ਇੱਕ ਵੱਡਾ ਭਾਰ ਮੰਨਦੇ ਸਨ ਕਿਉਂਕਿ ਇਹ ਮੱਦ ਇਹਨਾਂ ਦੇਸ਼ਾਂ ਦੁਆਰਾ ਵਾਤਾਵਰਣ ਦੇ ਕੀਤੇ ਵਿਗਾੜ ਲਈ ਜਵਾਬਦੇਹੀ ਨਿਸ਼ਚਤ ਕਰਦੀ ਹੈ। ਅਮਰੀਕੀ ਵਫ਼ਦ ਖਾਸ ਕਰ ਸ਼੍ਰੀਮਤੀ ਹਿਲੇਰੀ ਕਲਿੰਟਨ ਦਾ ਜ਼ੋਰ ਇਸ ਤੁਕ ਨਾਲ ਜੁੜੇ ਸਮੁੱਚੇ ਤਾਣੇ ਬਾਣੇ ਨੂੰ ਸਿਆਸੀ ਤੌਰ ਤੇ ਢਹਿ-ਢੇਰੀ ਕਰਨ ਤੇ ਲੱਗਾ ਹੋਇਆ ਸੀ ਤਾਂ ਜੋ ਅਮਰੀਕਾ ਨੂੰ ਵਾਤਾਵਰਣ ਸੁਰੱਖਿਆ ਲਈ ਕਿਸੇ ਦਬਾਅ ਹੇਠ ਆ ਕੇ ਵਿਕਾਸਸ਼ੀਲ ਦੇਸ਼ਾਂ ਨੂੰ ਵਿੱਤੀ ਅਤੇ ਤਕਨਾਲੋਜੀਕਲ ਰਿਆਇਤਾਂ ਦੇਣ ਲਈ ਮਜਬੂਰ ਨਾ ਹੋਣਾ ਪਵੇ। ਇਸ ਵਫ਼ਦ ਨੇ ਦਲੀਲ ਦਿੱਤੀ ਕਿ ਇਹ ਮੱਦ ਚਮਕ ਰਹੀਆਂ ਆਰਥਿਕਤਾਵਾਂ ਖਾਸਕਰ ਭਾਰਤ



ਅਤੇ ਚੀਨ ਦੇ ਹੱਕ ਵਿੱਚ ਜਾਂਦੀ ਹੈ। ਅਮਰੀਕਾ ਹੁਣ ਇਹਨਾਂ ਦੋਵੇਂ ਦੇਸ਼ਾਂ ਨੂੰ ਆਰਥਿਕ, ਵਿਦਿੱਅਕ, ਸਮਾਜਿਕ ਅਤੇ ਸਿਆਸੀ ਖਤਰਾ ਮੰਨਦਾ ਹੈ।

ਕੁਦਰਤ ਪੱਖੀ ਆਰਥਚਾਰੇ ਨੂੰ ਦਸਤਾਵੇਜ ਦੇ ਪ੍ਰਮੁੱਖ ਹਿੱਸੇ ਵਜੋਂ ਪੇਸ਼ ਕੀਤਾ ਗਿਆ ਪਰ ਇਸ ਨੂੰ ਸਮੁੱਚੇ ਦਸਤਾਵੇਜ ਵਿੱਚ ਕਿਤੇ ਵੀ ਪ੍ਰਭਾਸ਼ਿਤ ਨਹੀਂ ਕੀਤਾ ਗਿਆ ਜਿਸ ਕਾਰਨ ਹਰੇਕ ਦੇਸ਼, ਹਰੇਕ ਗੁੱਟ ਜਾਂ ਗੁੱਟਾਂ ਦਾ ਸਮੂਹ ਆਪਣੇ ਅਨੁਸਾਰ ਇਸ ਨੂੰ ਪ੍ਰਭਾਸ਼ਿਤ ਕਰ ਰਿਹਾ ਸੀ। ਉਦਯੋਗਿਕ ਅਤੇ ਵਿਕਸਤ ਦੇਸ਼ ਇਸ ਨੂੰ ਵਿਕਾਸ ਦੇ ਰਾਹ ਵਿੱਚ ਇੱਕ ਵੱਡਾ ਅੜਿੱਕਾ ਮੰਨਦੇ ਸਨ ਕਿਉਂਕਿ ਉਹਨਾਂ ਅਨੁਸਾਰ ਵਿਕਾਸ ਦਾ ਅਰਥ ਹੀ ਆਰਥਿਕ ਖੁਸ਼ਹਾਲੀ ਹੈ। ਪਰ ਇਸ ਆਰਥਿਕ ਖੁਸ਼ਹਾਲੀ ਕਾਰਨ ਕੁਦਰਤੀ ਸ਼੍ਰੋਤਾਂ ਦੀ ਹੋ ਰਹੀ ਲੁੱਟ, ਗੁਰਬਤ ਵਿੱਚ ਵਾਧਾ, ਸਰਮਾਏ ਅਤੇ ਮੁਨਾਫੇ ਦਾ ਕੁੱਝ ਹੱਥਾਂ ਵਿੱਚ ਰਹਿਣਾ ਆਦਿ ਨੂੰ ਉਹ ਦੇਸ ਵਿਕਾਸ ਨਾਲੋ ਤੋੜ ਕੇ ਦੇਖਦੇ ਹਨ। ਉਹਨਾਂ ਅਨੁਸਾਰ ਜਿਹੜਾ ਵਿਕਾਸ ਪਹਿਲਾਂ ਹੀ ਹੋ ਚੁੱਕਾ ਹੈ ਅਤੇ ਆਪਣੀ ਸਮਾਜਿਕ-ਆਰਥਿਕ ਭੂਮਿਕਾ ਨਿਭਾ ਚੁੱਕਾ ਹੈ ਉਸਨੂੰ ਵਾਤਾਵਰਣ ਅਤੇ ਹਰਿਆਵਲ ਦੇ ਪੈਮਾਨੇ ਤੇ ਪਰਖਣਾ ਵਿਕਾਸ ਨੂੰ ਪੁੱਠਾ ਗੇੜਾ ਦੇਣ ਦੇ ਬਰਾਬਰ ਹੈ। ਵਿਕਾਦੇਸ਼ ਖਾਸ ਕਰ ਜੀ-77, ਚੀਨ ਅਤੇ ਅਫ਼ਰੀਕੀ ਦੇਸ਼ ਇਸ ਗੱਲ ਤੇ ਅੜੇ ਰਹੇ ਕਿ ਅਮੀਰ ਦੇਸ਼ਾਂ ਦੇ ਵਿਲਾਸਮਈ ਜੀਵਨ ਦੀਆਂ ਲੋੜਾਂ ਦੀ ਪੂਰਤੀ ਸਮੁੱਚਾ ਸੰਸਾਰ ਅਤੇ ਇਸ ਦੇ ਕੁਦਰਤੀ ਸ਼੍ਰੋਤ ਕਿਉਂ ਕਰਨ?

ਵਿੱਤੀ ਸਾਧਨ ਜੁਟਾਉਣ ਅਤੇ ਤਕਨਾਲੋਜੀ ਪ੍ਰਦਾਨ ਕਰਨ ਲਈ ਵੀ ਵਿਕਸਤ ਦੇਸ਼ ਟਾਲਾ ਹੀ ਵੱਟਦੇ ਰਹੇ। ਜੀ-77 ਅਤੇ ਚੀਨ ਨੇ ਅੰਕੜੇ ਦਿੱਤੇ ਕਿ 2002 ਦੇ ਜੋਹਨਸਬਰਗ ਸੰਮੇਲਨ ਤੋਂ ਬਾਅਦ ਵਿਕਸਤ ਦੇਸ਼ਾਂ ਨੇ ਗਿਣਨਯੋਗ ਵਿੱਤੀ ਜਾਂ ਤਕਨਾਲੋਜੀਕਲ ਮੱਦਦ ਗਰੀਬ ਦੇਸ਼ਾਂ ਨੂੰ ਨਹੀਂ ਦਿੱਤੀ। ਇੱਥੋਂ ਤੱਕ ਕਿ ਕੋਪਨਹੈਗਨ ਕਾਨਫਰੰਸ ਦੌਰਾਨ 15 ਬਿਲੀਅਨ ਡਾਲਰ ਪ੍ਰਤੀ ਸਾਲ ਵਿਕਾਸ਼ਸ਼ੀਲ ਦੇਸ਼ਾਂ ਨੂੰ ਕੁਦਰਤ ਦੇ ਬਚਾਅ ਲਈ ਦਿੱਤੇ ਜਾਣ ਦੇ ਵਾਅਦੇ ਤੋਂ ਵੀ ਇਹ ਅਮੀਰ ਦੇਸ਼ ਮੁੱਕਰ ਗਏ। ਇਸ ਕਾਨਫਰੰਸ ਦੌਰਾਨ ਇਸੇ ਕਾਰਨ ਭਾਰਤ, ਚੀਨ ਅਤੇ ਬ੍ਰਾਜ਼ੀਲ ਵੱਲ ਸਿੱਧੇ ਤੌਰ ਤੇ ਸੇਧਤ ਨੁਕਤਾਚੀਨੀ ਕੀਤੀ ਗਈ ਕਿਉਂਕਿ ਇਸ ਕਾਨਫਰੰਸ ਤੋਂ ਪਹਿਲਾਂ ਮੈਕਸੀਕੋ ਵਿੱਚ ਹੋਏ ਸੰਮੇਲਨ ਦੌਰਾਨ ਯੂਰਪੀਅਨ ਆਰਥਿਕਤਾ ਨੂੰ ਠੁੰਮਣਾ ਦੇਣ ਲਈ ਭਾਰਤ, ਰੂਸ ਅਤੇ ਬ੍ਰਾਜ਼ੀਲ ਵੱਲੋਂ 10-10 ਬਿਲੀਅਨ ਡਾਲਰ ਅਤੇ ਚੀਨ ਵਲੋਂ 43 ਬਿਲੀਅਨ ਡਾਲਰ ਦਾ ਹਿੱਸਾ ਪਾ ਕੇ ਕੁੱਲ 73 ਬਿਲੀਅਨ ਡਾਲਰ ਸੰਸਾਰ ਬੈਂਕ ਨੂੰ ਦੇਣੇ ਮੰਨੇ ਸਨ ਜਦਕਿ ਇਹਨਾਂ ਦੇਸ਼ਾਂ ਦੇ ਆਪਣੇ ਲੋਕ ਗੁਰਬਤ ਦੀ ਜਿੰਦਗੀ ਜਿਊਣ ਲਈ ਮਜਬੂਰ ਹਨ। ਦਸਤਾਵੇਜ ਤੇ ਹੋ ਰਹੀ ਬਹਿਸ ਦੌਰਾਨ ਅਮੀਰ ਦੇਸ਼ ਬਜਿੱਦ ਸਨ ਕਿ ਤਕਨਾਲੋਜੀ ਪ੍ਰਦਾਨ ਕਰਨ ਵਾਲਾ ਸ਼ਬਦ ਦਸਤਾਵੇਜ ਵਿੱਚੋਂ ਹਟਾ ਕੇ ਇਸਦੀ ਜਗ੍ਹਾ ਦੋਹਾਂ ਧਿਰਾਂ ਦੁਆਰਾ ਸਹਿਮਤ ਸ਼ਰਤਾਂ ਪਰ ਅਮੀਰ ਦੇਸ਼ਾਂ ਦੀ ਮਨ ਮਰਜੀ ਦੀ ਤਕਨਾਲੋਜੀ ਪ੍ਰਦਾਨ ਕਰਨਾ ਲਿਖਿਆ ਜਾਵੇ ਜਿਸ ਦਾ ਸਿੱਧਾ ਅਰਥ ਜਰੂਰਤੀ ਤਕਨਾਲੋਜੀ ਨੂੰ ਰਿਆਇਤ ਨਹੀਂ ਬਲਕਿ ਜ਼ਿਰਾਇਤ ਬਣਾਇਆ ਜਾਵੇ। ਇਹ ਸਭ ਜੋਹਨਸਬਰਗ ਕਾਨਫਰੰਸ ਦੀ ਭਾਵਨਾ ਦੇ ਬਿਲਕੁਲ ਉਲਟ ਸਨ। ਅਮਰੀਕਾ ਅਤੇ ਯੂਰਪ ਦੀ ਮਾੜੀ ਆਰਥਿਕਤਾ ਨੂੰ ਆਧਾਰ ਬਣਾਉਂਦਿਆਂ ਇਹਨਾਂ ਦੇਸ਼ਾਂ ਨੇ ਵਿੱਤੀ ਮੱਦਦ ਦੇਣ ਪ੍ਰਤੀ ਵੀ ਆਪਣਾ ਵਤੀਰਾ ਰੁੱਖਾ ਹੀ ਰੱਖਿਆ ਅਤੇ ਵਿੱਤੀ ਸਾਧਨਾ ਲਈ ਹੋਰ ਹੀਲੇ ਜੁਟਾਉਣ, ਨਵੇਂ ਭਾਈਵਾਲ ਲੱਭਣ, ਉੱਤਰ-ਦੱਖਣ ਭਾਈਵਾਲੀ ਤਿਆਗਣ ਅਤੇ ਦੱਖਣ-ਦੱਖਣ ਸਾਂਝੇਦਾਰੀ ਉਸਾਰਨ ਤੇ ਜ਼ੋਰ ਦਿੱਤਾ।

ਇਸ ਸੰਮੇਲਨ ਦੀ ਇੱਕੋ-ਇੱਕ ਸਫ਼ਲਤਾ ਕੁਦਰਤ ਪੱਖੀ ਵਿਕਾਸ ਲਈ ਉੱਚ ਪੱਧਰੀ ਸਿਆਸੀ ਫੋਰਮ ਦੀ ਸਥਾਪਨਾ ਹੈ ਜਿਸ ਦੀ ਰਾਇ ਜੀ-77 ਦੇਸਾਂ ਅਤੇ ਚੀਨ ਨੇ ਦਿੱਤੀ ਸੀ। ਇਸ ਫੋਰਮ ਦੇ 12 ਉਦੇਸ਼ ਮਿੱਥੇ ਗਏ ਅਤੇ ਜਵਾਬਦੇਹੀ ਨਿਸ਼ਚਤ ਕੀਤੀ ਗਈ ਹੈ। ਯੂਰਪੀਅਨ ਯੂਨੀਅਨ ਅਤੇ ਅਫ਼ਰੀਕੀ ਦੇਸ਼ 'ਸੰਯੁਕਤ ਰਾਸ਼ਟਰ ਵਾਤਾਵਰਣ ਪ੍ਰੋਗਰਾਮ' ਨੂੰ 'ਸੰਯੁਕਤ ਰਾਸ਼ਟਰ ਵਸ਼ਿਸ਼ਟ ਏਜੰਸੀ' ਵਿੱਚ ਤਬਦੀਲ ਕਰਨ ਦੀ ਤਜਵੀਜ ਲੈ ਕੇ ਆਏ ਜੋ ਭਾਰਤ ਅਤੇ ਅਮਰੀਕਾ ਦੇ ਵਿਰੋਧ ਕਾਰਨ ਪਾਸ ਨਹੀਂ ਹੋ ਸਕੀ ਬਲਕਿ ਸਮੁੱਚੇ ਦੇਸ਼ ਇਸ ਗੱਲ ਤੇ ਇੱਕ ਮੱਤ ਸਨ ਕਿ ਸੰਯੁਕਤ ਰਾਸ਼ਟਰ ਵਾਤਾਵਰਣ ਪ੍ਰੋਗਰਾਮ ਨੂੰ ਹੋਰ ਪ੍ਰਭਾਵਸ਼ਾਲੀ, ਖੇਤਰੀ-ਪੱਖੀ ਅਤੇ ਆਰਥਿਕ ਤੌਰ ਤੇ ਮਜਬੂਤ ਕਰਨ ਲਈ ਕੋਈ ਕਸਰ ਬਾਕੀ ਨਾ ਛੱਡੀ ਜਾਵੇ। ਕਾਨਫਰੰਸ ਦੀ ਸਮਾਪਤੀ ਤੇ 40 ਪੰਨਿਆ ਅਤੇ 283 ਮੱਦਾਂ ਵਾਲਾ ਜੋ ਦਸਤਪ੍ਰਵਾਨ ਪਗਿਆ ਉਸਨੂੰ 'ਸਾਡਾ ਭਵਿੱਖ ਕਿਹੋ ਜਿਹਾ ਹੋਵੇ' ਦਾ ਨਾਮ ਦਿੱਤਾ ਗਿਆ ਪਰ ਇਹ ਦਸਤਾਵੇਜ ਸਿਰਫ਼ ਕੁਦਰਤ ਪੱਖੀ ਵਿਚਾਰਾਂ ਦੀ ਇੱਕ ਇੱਛਾ ਸੂਚੀ ਹੀ ਜਾਪਦਾ ਹੈ ਜਿਸ ਵਿੱਚ ਕਿਸੇ ਕਿਸਮ ਦੀ ਸਮਾਂਬੱਧਤਾ, ਜਿੰਮੇਵਾਰੀ, ਕੁਤਾਹੀ ਲਈ ਜੁਰਮਾਨਾ ਆਦਿ ਤਹਿ ਨਹੀਂ ਕੀਤੇ ਗਏ ਬਲਕਿ ਸਮੁੱਚਾ ਦਸਤਾਵੇਜ਼ ਸੰਸਾਰ ਦੀ ਸਿਆਸੀ ਲੀਡਰਸ਼ਿਪ ਦਾ ਮੂੰਹ-ਮੱਥਾ ਹੀ ਬਚਾਉਂਦਾ ਨਜ਼ਰ ਆਉਂਦਾ ਹੈ। ਸੰਯੁਕਤ ਰਾਸ਼ਟਰ ਦੇ ਜਰਨਲ ਸਕੱਤਰ ਬਾਨ ਕੀ ਮੂਨ ਨੇ ਇਸ ਦਸਤਾਵੇਜ ਨੂੰ ਸਮਾਜਿਕ, ਆਰਥਿਕ ਅਤੇ ਵਾਤਾਵਰਣ ਦੀ ਤੰਦਰੁਸਤੀ ਦੀ ਨੀਂਹ ਦੱਸਿਆ ਅਤੇ ਕਿਹਾ ਕਿ ਹੁਣ ਇਹ ਸਾਡੀ ਜਿੰਮੇਵਾਰੀ ਹੈ ਕਿ ਇਸ ਤੇ ਯਥਾਰਥੀ ਮਹਿਲ ਦੀ ਉਸਾਰੀ ਦਾ ਕੰਮ ਸ਼ੁਰੂ ਕਰੀਏ ਹੈ। ਬ੍ਰਾਜ਼ੀਲ ਦੀ ਰਾਸ਼ਟਰਪਤੀ ਡਿਲਮਾ ਰਾਓਸਫ ਨੇ ਕਿਹਾ ਸਾਡੀ ਇਤਿਹਾਸ ਅਤੇ ਆਵਾਮ ਪ੍ਰਤੀ ਇੱਕ ਜਿੰਮੇਵਰੀ ਹੈ ਕਿ ਰੀਓ-20 ਨੂੰ ਇੱਕ ਅੰਦੋਲਨ ਬਣਾਈਏ ਅਤੇ ਸਾਡਾ ਭਵਿੱਖ ਕਿਹੋ ਜਿਹਾ ਹੋਵੇ, ਪ੍ਰਤੀ ਆਪਣੀ ਵਚਨਬੱਧਤਾ ਦੁਹਰਾਈਏ। ਚੀਨ ਦੇ ਵੈਨ ਜੀ ਆਬਾਓ ਨੇ ਕਿਹਾ ਕੁਦਰਤ ਪੱਖੀ ਵਿਕਾਸ ਅੰਤਰਰਾਸ਼ਟਰੀ ਆਰਥਿਕ ਮੰਦੀ, ਮੌਸਮੀ ਬਲਦਾਅ, ਭੋਜਨ ਅਤੇ ਊਰਜਾ ਦੀ ਸੁਰੱਖਿਆ, ਲੋਕਲ ਟਕਰਾਅ ਆਦਿ ਜਿਹੀਆਂ ਨਵੀਆਂ ਅਤੇ ਗੰਭੀਰ ਚੁਣੌਤੀਆਂ ਦਾ ਸਾਹਮਣਾ ਕਰ ਰਿਹਾ ਹੈ ਜਿਸ ਲਈ ਸਾਡੇ ਕੋਲ ਇੱਕੋ ਇੱਕ ਉਪਾਅ ਕੁਦਰਤੀ ਸਰੋਤਾਂ ਅਤੇ ਵਾਤਾਵਰਣ ਨੂੰ ਸੁਰੱਖਿਅਤ ਰੱਖ ਕੇ ਕੀਤਾ ਗਿਆ ਕੁਦਰਤ ਪੱਖੀ ਵਿਕਾਸ ਹੀ ਹੈ।

ਇਸ ਕਾਨਫਰੰਸ ਦੌਰਾਨ ਅਮਰੀਕਾ ਔਰਤਾਂ ਦੇ ਜਣਨ ਅਧਿਕਾਰਾ ਨੂੰ ਮਾਨਤਾ ਨਾ ਦੇਣ ਕਾਰਨ, ਚੀਨ ਅਤੇ ਜਾਪਾਨ ਤਕਨਾਲੋਜੀ ਪ੍ਰਦਾਨ ਕਰਨ ਸੰਬਧੀ ਅੜਾਈਆਂ ਜਾਂਦੀਆਂ ਅੜਚਨਾ ਕਾਰਨ ਨਿਰਾਸ਼ ਹੀ ਰਹੇ। ਕੁਲ ਮਿਲਾ ਕੇ ਇਹ ਰੀਓ-20 ਸੰਮੇਲਨ ਵਿਕਾਦੇਸ਼ਾਂ ਦਾ ਪੱਖ ਪੂਰਦਾ ਹੋਇਆ ਇੱਕ ਕਮਜੋ ਦਿਸ਼ਾਹੀਣ ਅਤੇ ਧੁੰਦਲਾ ਸੰਮੇਲਨ ਸਾਬਤ ਹੋਇਆ ਜਿਸ ਦੇ ਵਿਰੋਧ ਵਿੱਚ ਸੰਸਾਰ ਭਰ ਵਿੱਚ 5 ਲੱਖ ਤੋਂ ਵੀ ਵੱਧ ਮੁਜ਼ਾਹਰਾਕਾਰੀਆਂ ਨੇ ਵੱਖ ਵੱਖ ਤਰੀਕੇ ਨਾਲ ਆਪਣਾ ਰੋਸ ਪ੍ਰਗਟ ਕੀਤਾ। ਗ੍ਰੀਨਪੀਸ ਦੇ ਅੰਤਰਰਾਸ਼ਟਰੀ ਡਾਇਰੈਕਟਰ ਕੁੰਮੀ ਨਾਇਡੂ ਨੇ ਕਿਹਾ, ਜਿਸ ਭਵਿੱਖ ਦੀ ਅਸੀਂ ਇਸ ਸੰਮੇਲਨ ਤੋਂ ਆਸ ਲਗਾਈ ਬੈਠੇ ਸੀ ਉਹ ਸਾਨੂੰ ਇਥੇ ਨਹੀਂ ਮਿਲਿਆ ਕਿਉਂਕਿ ਸਾਡੇ ਨੇਤਾ ਉਹ ਨਹੀਂ ਹਨ, ਜੋ ਸਾਨੂੰ ਚਾਹੀਦੇ ਹਨ। ਤਾਕਤਵਰ ਦੇਸ਼ਾਂ ਦੇ ਲੀਡਰਾਂ ਨੇ ਪੂਰੀ ਬੇਸ਼ਰਮੀ ਨਾਲ ਵਾਤਾਵਰਣ ਦਾ ਵਪਾਰ ਕੀਤਾ ਅਤੇ ਆਪਣੇ ਨਿੱਜੀ ਮੁਨਾਫ਼ੇ ਨੂੰ ਇਸ ਗ੍ਰਹਿ ਅਤੇ ਲੋਕਾਈ ਤੋਂ ਜ਼ਿਆਦਾ ਤਰਜੀਹ ਦਿੱਤੀ। ਮਲੇਸ਼ੀਆ ਦੀ ਇੱਕ ਐਨ.ਜੀ.ਓ. ਦੀ ਮੁੱਖੀ ਮੀਨਾ ਰਮਨ ਅਨੁਸਾਰ ਸੰਸਾਰ ਦੇ ਤਿੰਨ ਸੰਕਟਾਂ ਆਰਥਿਕ, ਭੋਜਨ ਅਤੇ ਊਰਜਾ ਦੇ ਹਨ, ਜਿਹਨਾਂ ਦਾ ਹੱਲ ਪੇਸ਼ ਕਰਨ ਲਈ ਇਹ ਕਾਨਫਰੰਸ ਨਾਕਾਮ ਰਹੀ। ਪੂਨੇ ਦੇ ਇੱਕ ਵਾਤਾਵਰਣ ਕਾਰਕੁੰਨ ਅਸ਼ੋਕ ਕੋਠਾਰੀ ਨੇ ਇਸ ਕਾਨਫਰੰਸ ਦੀ ਨੁਕਤਾ-ਚੀਨੀ ਕਰਦਿਆਂ ਪ੍ਰਧਾਨ ਮੰਤਰੀ ਨੂੰ ਖੁੱਲਾ ਪੱਤਰ ਲਿਖਦੇ ਹੋਏ ਕਿਹਾ, ਆਰਥਿਕ ਵਿਕਾਸ ਦੁਆਰਾ ਗਰੀਬੀ ਦੂਰ ਕਰਨਾ ਕਿਸੇ ਸ਼ਰਾਰਤੀ ਦਿਮਾਗ ਦੁਆਰਾ ਪੈਦਾ ਕੀਤਾ ਜਾਦੂਈ ਸ਼ਬਦ ਹੈ, ਜਿਸ ਦੀ ਆੜ ਹੇਠ ਬਸਤੀਵਾਦੀ ਭੌਂਅ ਮਾਫ਼ੀਏ ਪਣਪ ਰਹੇ ਹਨ ਜਿਨਾਂ ਨੇ ਭਾਰਤ ਵਿੱਚ ਹੀ ਨਹੀਂ ਬਲਕਿ ਸਮੁੱਚੇ ਸੰਸਾਰ ਖਾਸ ਕਰ ਅਫ਼ਰੀਕੀ ਦੇਸ਼ਾਂ ਦੇ ਕਬਾਇਲੀਆਂ ਦੀਆਂ ਵੀ ਜ਼ਮੀਨਾ ਤੇ ਕਬਜੇ ਸ਼ੁਰੂ ਕੀਤੇ ਹੋਏ ਹਨ। ਭਾਰਤ ਉਹਨਾਂ ਉਪਰਲੇ ਤਿੰਨ ਦੇਸ਼ਾਂ ਵਿੱਚ ਹੈ ਜਿਸ ਦੀਆਂ ਕੰਪਨੀਆ ਨੇ ਸੰਨ 2002-12 ਦੌਰਾਨ 129 ਵੱਖ ਵੱਖ ਸੌਦਿਆਂ ਰਾਂਹੀ ਦੂਜੇ ਦੇਸ਼ਾਂ ਵਿੱਚ 7.4 ਮਿਲੀਅਨ ਹੈਕਟੇਅਰ ਜਮੀਨ ਖਰੀਦੀ। ਸੰਸਾਰ ਦੀਆਂ ਵੱਖ ਵੱਖ ਕੰਪਨੀਆਂ ਨੇ ਇਸੇ ਸਮੇਂ ਦੌਰਾਨ 4.6 ਮਿਲੀਅਨ ਹੈਕਟੇਅਰ ਜ਼ਮੀਨ ਜੋ ਛੋਟੇ ਅਤੇ ਗਰੀਬ ਕਿਸਾਨਾਂ ਅਤੇ ਕਬਾਇਲੀ ਪ੍ਰਮੁੱਖਤਾ ਵਾਲੇ ਰਾਜਾਂ ਦੀ ਜ਼ਮੀਨ ਸੀ, ਭਾਰਤ ਵਿੱਚ ਖਰੀਦ ਕੇ ਇਸ ਬਸਤੀਵਾਦੀ ਭੌਂਅ ਮਾਫੀਏ ਨਵੇਂ ਕੀਰਤੀਮਾਨ ਸਥਾਪਿਤ ਕੀਤੇ ਜਿਸ ਨੇ ਅੱਗੇ ਨਕਸਲੀ ਫਲਸਫੇ ਤੇ ਅਧਾਰਿਤ ਹਥਿਆਰਬੰਦ ਅੰਦੋਲਨਾਂ ਨੂੰ ਜਨਮ ਦਿੱਤਾ। ਸੈਂਟਰ ਫਾਰ ਸਾਇੰਸ ਐਂਡ ਇਨਵਾਇਰਮੈਂਟ ਦੀ ਮੁੱਖੀ ਸੁਨੀਤਾ ਨਰਾਇਣ ਇਸ ਕਾਨਫਰੰਸ ਬਾਰੇ ਲਿਖਦੀ ਹੈ ਕਿ ਮੈਂ ਇਸ ਸੰਮੇਲਨ ਤੋਂ ਬਿਲਕੁਲ ਨਿਰਾਸ਼ ਅਤੇ ਖਾਲੀ ਹੱਥ ਵਾਪਸ ਆਈ ਹਾਂ ਪਰ ਮੈਂ ਇਹ ਸਮਝਣ ਵਿੱਚ ਕਾਮਯਾਬ ਰਹੀ ਕਿ ਪਿਛਲੇ ਵੀਹ ਸਾਲਾਂ ਦੌਰਾਨ ਸੰਸਾਰ ਦੇ ਲੋਕ ਤਾਂ ਦਿਮਾਗੀ ਤੌਰ 'ਤੇ ਵਿਕਸਤ ਹੋਏ ਹਨ ਪਰ ਸਾਡੇ ਸਿਆਸੀ ਲੀਡਰ ਅੱਜ ਵੀ ਕਿੰਗਰ ਗਾਰਟਨ ਕਲਾਸ ਵਿੱਚ ਪੜਦੇ ਦਿਖਾਈ ਦਿੰਦੇ ਹਨ। ਸੋ ਇਹ ਸੰਮੇਲਨ ਫੇਲ ਹੀ ਨਹੀਂ ਹੋਇਆ ਬਲਕਿ ਸਮੁੱਚੇ ਸੰਸਾਰ ਦੀ ਸਿਆਸੀ ਲੀਡਰਸ਼ਿਪ ਫੇਲ ਹੋਈ ਹੈ। ਨਿਕਾਰਾਗੁਆਂ ਦੇ ਆਗੂ ਨੇ ਕਿਹਾ, ਅੱਜ ਅਸੀਂ ਉਹ ਭਵਿੱਖ ਸਿਰਜਣ ਦਾ ਫੈਸਲਾ ਕੀਤਾ ਹੈ

ਜਿਸ ਵਿੱਚ ਕੁਦਰਤੀ ਆਫ਼ਤਾਂ ਅਤੇ ਅਲਾਮਤਾਂ ਆਮ ਮਿਲਣਗੀਆਂ। ਅੰਤਰਰਾਸ਼ਟਰੀ ਟਰੇਡ ਯੂਨੀਅਨ ਕੰਨਫੈਡਰੇਸ਼ਨ ਦੇ ਜਰਨਲ ਸਕੱਤਰ ਸ਼ੇਲੀਅਲ ਬਰੋ ਨੇ ਕਿਹਾ, ਹੁਣ ਲਾਲ ਅਤੇ ਹਰੇ ਦੀ ਭਾਈਵਾਲੀ ਹੀ ਉਜਵਲ ਭਵਿੱਖ ਦਾ ਇੱਕੋ ਇੱਕ ਰਾਹ ਹੈ। ਜੇ ਮੌਜੂਦਾ ਵਿਕਾਸ ਮਾਡਲ ਤਬਦੀਲ ਨਾ ਹੋਇਆ ਤਾਂ ਹੁਣ ਨਾਲੋਂ ਕਈ ਗੁਣਾਂ ਆਰਥਿਕ ਖਲਲ ਵੇਖਣ ਨੂੰ ਮਿਲੇਗਾ, ਪਾਣੀ ਅਤੇ ਊਰਜਾ ਲਈ ਪਿੰਡ ਪੱਧਰ ਤੇ ਲੜਾਈਆਂ ਹੋਣਗੀਆਂ। ਸੋ ਹੁਣ ਮਜਦੂਰ ਅਤੇ ਵਾਤਾਵਰਣ ਕਾਰਕੁੰਨਾ ਰੀਓ-20 ਪੂਰੀ ਕਾਨਫਰੰਸ ਦੌਰਾਨ ਇੱਕ ਜੰਗੀ ਮੈਦਾਨ ਬਣਿਆ ਰਿਹਾ ਅਤੇ ਫੇਲ ਸਾਬਤ ਹੋਇਆ ਕਿਉਂਕਿ ਅਮੀਰ ਅਤੇ ਗਰੀਬ ਦੇਸ਼ ਆਰਥਿਕ ਬਰਾਬਰੀ ਦੇ ਸਿਧਾਂਤ ਲਈ ਆਪੋ ਆਪਣੇ ਦ੍ਰਿਸ਼ਟੀਕੋਣ ਤੇ ਅੜੇ ਰਹੇ ਅਤੇ ਇਹਨਾਂ ਵਿੱਚ ਅਜਿਹੀ ਬੇ-ਭਰੋਸਗੀ ਪੈਦਾ ਹੋਈ ਜਿਸ ਕਾਰਨ ਭਵਿੱਖ ਵਿੱਚ ਇਹਨਾਂ ਦਰਮਿਆਨ ਕਿਸੇ ਵੀ ਸਹਿਯੋਗ ਦੀ ਕਿਰਨ ਮੱਧਮ ਪੈ ਗਈ ਹੈ। ਅਮੀਰ ਦੇਸ਼ਾਂ ਨੇ ਵਾਤਾਵਰਣ ਨੂੰ ਅਧਾਰ ਬਣਾ ਕੇ ਮੁਨਾਫੇ ਨੂੰ ਤਰਜੀਹ ਦਿੱਤੀ ਅਤੇ ਜਿਸ ਗ੍ਰਹਿ ਨੂੰ ਉਹ ਬਚਾਉਣ ਲਈ ਰੀਓ-20 ਇਕੱਠੇ ਹੋਏ ਸਨ, ਮੁਨਾਫੇ ਦੇ ਲਾਲਚ ਵੱਸ ਉਸੇ ਗ੍ਰਹਿ ਨੂੰ ਤਬਾਹੀ ਦੇ ਰਾਹ ਤੋਰਦਿਆਂ 22 ਜੂਨ ਨੂੰ ਉਹ ਇਕ ਦੂਜੇ ਤੋਂ ਰੁਖ਼ਸ਼ਤ ਹੋਏ ਜਿਸ ਨੂੰ ਗਾਲਿਬ ਦੇ ਇਸ ਸ਼ੇਅਰ ਨਾਲ ਵਧੀਆ ਬਿਆਨ ਕੀਤਾ ਜਾ ਸਕਦਾ ਹੈ। 'ਪਕੜੇ ਜਾਤੇ ਹੈ ਫਰਿਸਤੋਂ ਕੇ ਲਿਖੇ ਪੇ ਨਾ ਹੱਕ ਆਦਮੀ ਕੋਈ ਹਮਾਰਾ ਦਮ-ਏ ਤਹਿਰੀਰ ਭੀ ਥਾ।' (ਕਾਸ਼! ਸਾਡਾ ਲੇਖਾ ਜੋਖਾ ਕਰਨ ਵਾਲਾ ਫਰਿਸ਼ਤਾ (ਅਮਰੀਕਾ) ਨਾ ਹੋ ਕੇ ਇੱਕ ਆਮ ਆਦਮੀ (ਗਰੀਬ ਦੇਸ਼) ਹੁੰਦਾ।






# ਖੇਤੀ ਕਰਜ਼ਾ ਅਤੇ ਪੰਜਾਬ ਖੇਤੀ ਕਰਜ਼ਾ ਰਾਹਤ ਬਿੱਲ





ਅਰਥ ਸ਼ਾਸਤਰੀ ਡਾ. ਸੁਖਪਾਲ ਸਿੰਘ

ਜਿਸ ਕਦਰ ਸੰਸਾਰ ਨੂੰ ਪੂੰਜੀਵਾਦੀ ਵਿਵਸਥਾ ਦੇ ਚਲਣ ਢੰਗਾਂ ਨੇ ਕਬਜ਼ੇ ਵਿਚ ਲਿਆ ਹੋਇਆ ਹੈ। ਅਜੋਕੀ ਦੁਨੀਆ ਦੇ ਚਲਣ ਢੰਗ ਵਿਚ ਕਿਸੇ ਵੀ ਕੋਨੇ ਵਿਚ ਕੋਈ ਵੀ ਵਿਅਕਤੀ ਜੀਵਨ ਬਸਰ ਕਰ ਰਿਹਾ ਹੋਵੇ ਉਸ ਨੂੰ ਅਚੇਤ ਜਾਂ ਸੁਚੇਤ ਰੂਪ ਵਿਚ ਕਰਜ਼ਾ ਉਸ ਦੀ ਜੀਵਨ ਜਾਚ ਨੂੰ ਘੇਰ ਲੈਂਦਾ ਹੈ। ਕਿਰਤ ਕਰਨ ਵਾਲਾ ਕਦੀ ਰੱਬ ਅੱਗੇ ਅਰਜੋਈ ਕਰਦਾ ਹੈ ਕਦੇ ਕੁਦਰਤ ਨੂੰ ਕੋਸਦਾ ਹੈ ਅਤੇ ਕਦੇ ਸਮੇਂ ਦੀਆਂ ਸਰਕਾਰਾਂ ਪ੍ਰਤੀ ਆਪਣੇ ਗੁੱਸੇ ਦਾ ਇਜ਼ਹਾਰ ਕਰਦਾ ਹੈ। ਪਰ ਉਸ ਦੀ ਕਿਤੇ ਵੀ ਪੁੱਗਤ ਨਹੀਂ ਹੁੰਦੀ। ਦੇਰ ਸਵੇਰ ਉਸ ਉਪਰ ਕਰਜ਼ੇ ਦੀ ਪੰਡ ਵੱਖੋ-ਵੱਖਰੇ ਢੰਗਾਂ ਨਾਲ ਭਾਰੀ ਹੋਈ ਜਾਂਦੀ ਹੈ। ਇਹ ਕਰਜ਼ੇ ਦੀ ਪੰਡ ਜਦੋਂ ਥੋੜ੍ਹੀ ਹਲਕੀ ਕਰਨ ਦੀ ਕੋਸ਼ਿਸ਼ ਕਰਦਾ ਹੈ ਤਾਂ ਵਿਆਹ ਦੇ ਨੇੜੇ ਢੁਕੀ ਧੀ ਸਾਹਮਣੇ ਆ ਖੜ੍ਹਦੀ ਹੈ, ਕਦੀ ਪਾਣੀ ਦਾ ਪੱਧਰ ਨੀਵਾਂ ਹੋਣ ਕਾਰਨ ਕੁਦਰਤ ਸਾਥ ਨਹੀਂ ਦਿੰਦੀ ਅਤੇ ਹੋਰ ਪੈਦਾਵਾਰ ਲਈ ਆਪਣੇ ਸਿੰਚਾਈ ਸਾਧਨਾਂ ਨੂੰ ਬਰਕਰਾਰ ਰੱਖਣ ਲਈ ਕਰਜ਼ੇ ਦਾ ਸਹਾਰਾ ਲੈਣਾ ਪੈਂਦਾ ਹੈ। ਕਰਜ਼ਾ ਪੂੰਜੀਵਾਦੀ ਵਿਵਸਥਾਵਾਂ ਦਾ ਅਨਿੱਖੜਵਾਂ ਅੰਗ ਤਾਂ ਇਤਿਹਾਸਕ ਤੌਰ 'ਤੇ ਰਿਹਾ ਹੀ ਹੈ ਪਰ ਜਿਸ ਕਿਸਮ ਦਾ ਪੂੰਜੀਵਾਦ ਅਜੋਕੇ 21ਵੀਂ ਸਦੀ ਵਿਚ ਪੰਜਾਬ ਦੀ ਕਿਸਾਨੀ ਨੂੰ ਆਪਣੇ ਹੱਡਾਂ ਉਪਰ ਹੰਢਾਉਣਾ ਪੈਂਦਾ ਹੈ ਉਸ ਦੀ ਉਦਾਹਰਣ ਸ਼ਾਇਦ ਇੰਨੀ ਡੂੰਘਾਈ ਨਾਲ ਕੋਈ ਹੋਰ ਨਾ ਦੱਸ ਸਕੇ ਜਿੰਨੀ ਡੂੰਘਾਈ ਨਾਲ ਆਪਣੀ ਧੁਰ ਰੂਹ ਤੋਂ ਕਿਸਾਨੀ ਦੇ ਸੰਕਟਾਂ ਨਾਲ ਅੰਦਰੋਂ ਸੰਵੇਦਨਸ਼ੀਲ ਬਿਰਤੀ ਨਾਲ ਖੜ੍ਹੇ ਡਾ. ਸੁਖਪਾਲ ਸਿੰਘ ਜਿਸ ਤਰ੍ਹਾਂ ਪੰਜਾਬ ਦੀ ਕਿਸਾਨੀ ਦਾ ਦਰਦ ਆਪਣੇ ਅੰਕੜਿਆਂ ਰਾਹੀਂ ਅਤੇ ਆਪਣੀ ਬੌਧਿਕ ਸ਼ਕਤੀ ਰਾਹੀਂ ਜਨ ਸਮੂਹ ਅੱਗੇ ਰੱਖਦੇ ਹਨ ਜਿਸ ਰਾਹੀਂ ਇਸ ਗੱਲ ਦੀ ਗਵਾਹੀ ਆਉਣ ਵਾਲੇ ਸਮੇਂ ਵਿਚ ਭਰੀ ਜਾਏਗੀ ਕਿ ਜਦੋਂ ਪੱਗੜੀ ਹੇਠਾਂ ਉਤਾਰੀ ਜਾ ਰਹੀ ਸੀ ਉਨ੍ਹਾਂ ਦੇ ਸਿਰਾਂ 'ਤੇ ਪੱਗੜੀ ਉਠਾ ਕੇ ਰੱਖਣ ਦਾ ਜ਼ੇਰਾ ਬੜਾ ਘੱਟ ਲੋਕ ਕਰਦੇ ਸੀ ਕਿ ਐ ਕਿਸਾਨ ਉਠ ਜਾਗ ਅਤੇ ਆਪਣੀ ਪਗੜੀ ਨੂੰ ਸੰਭਾਲ ਜਿਸ ਦੀ ਅਣਖ ਤੇ ਗੈਰਤ ਕਰਜ਼ੇ ਨੇ ਰੋਲ ਦਿੱਤੀ ਹੈ ਤੇਰਾ ਤਾਂ ਕੋਈ ਕਸੂਰ ਨਹੀਂ ਸੀ ਤੂੰ ਆਪਣੇ ਖੇਤਾਂ ਵਿਚ ਸੱਪਾਂ ਦੀਆਂ ਸਰੀਆਂ ਨੂੰ ਮਿੱਧਦਾ ਹੋਇਆ ਅਤੇ ਬੇਆਬਾਦ ਪਈ ਜ਼ਮੀਨ ਨੂੰ ਆਬਾਦ ਕਰਦਾ ਹੋਇਆ ਪਤਾ ਨਹੀਂ ਕਿੰਨੀਆਂ ਪੁਸ਼ਤਾਂ ਲਗਾ ਦਿੱਤੀਆਂ ਪਰ ਤੇਰੇ ਹਿੱਸੇ ਸਿਰਫ ਇਕ ਵੱਡੀ ਕਰਜ਼ੇ ਦੀ ਪੰਡ ਹੀ ਆਈ ਹੈ। ਇਸ ਪੰਡ ਨੂੰ ਉਤਾਰਨ ਦਾ ਜ਼ੇਰਾ ਸ਼ਾਇਦ ਤੂੰ ਇਨ੍ਹਾਂ ਅੰਕੜਿਆਂ ਨੂੰ ਸਮਝ ਕੇ ਕਰ ਸਕਾਂ ਅਤੇ ਤੇਰੇ ਨਾਲ ਹਾਅ ਦਾ ਨਾਅਰਾ ਮਾਰਨ ਵਾਲੇ ਹੋਰ ਵੀ ਆ ਜਾਣ ਜਿਹੜਿਆਂ ਲਈ ਤੂੰ ਸਮੁੱਚੀ ਆਪਣੀ ਪੈਦਾਵਾਰ ਕਰਦਾ ਹੈਂ। ਉਨ੍ਹਾਂ ਵਿਚ ਤੇਰੇ ਭਾਈਵਾਲ 24 ਘੰਟੇ ਤੇਰੇ ਦੁੱਖਾਂ ਦੇ ਹਿੱਸੇਦਾਰ ਤੇਰੀ ਕਿਰਤ ਨਾਲ ਕਿਰਤ ਕਰਨ ਵਾਲੇ ਅਤੇ ਮਿੱਟੀ ਨਾਲ ਮਿੱਟੀ ਹੋਣ ਵਾਲੇ ਤੇਰੇ ਮਜ਼ਦੂਰ ਭਰਾ ਵੀ ਨੇ। ਸ਼ਾਇਦ ਉਨ੍ਹਾਂ ਦਾ ਕਰਜ਼ ਤੇਰੇ ਤੋਂ ਵੀ ਕਈ ਗੁਣਾ ਡੂੰਘਾ ਹੋਵੇ। ਮੈਂ ਇਥੇ ਸਿਰਫ ਤੇਰੀ ਗਾਥਾ ਹੀ ਬਿਆਨ ਕੀਤੀ ਹੈ ਕਿ ਤੂੰ ਤਾਂ ਆਪਣੀ ਪਰਿਵਾਰਕ ਜ਼ਿੰਦਗੀ ਦੀ ਹਰੇਕ ਤੋਰ ਨੂੰ ਖੇਤਾਂ ਬੰਨ੍ਹਿਆਂ ਤੇ ਅੰਗ-ਸੰਗ ਨਾਲ ਰੱਖਿਆ ਹੈ। ਉਹ ਭਵਿੱਖ ਵਿਚ ਤੇਰਾ ਸਾਥ ਦੇਵੇਗੀ ਉਸ ਨਾਲ ਕੌੜਾ ਬੋਲ ਨਾ ਬੋਲ। ਉਸ ਨੂੰ ਆਪਣਾ ਅੰਗੀ ਸਾਥੀ ਸਮਝ ਕੇ ਤੇਰੇ ਹਰੇਕ ਕਿਸਮ ਦੇ ਫੈਸਲੇ ਵਿਚ ਤੇਰਾ ਸਾਥ ਨਿਭਾਉਣ ਦਾ ਵਾਅਦਾ ਕਰਕੇ ਚਲੀ ਨੂੰ ਆਪਣੇ ਕਾਫ਼ਲਿਆਂ ਦੇ ਨਾਲ ਤੇ ਅੰਗ-ਸੰਗ ਤੋਰਦਾ ਚਲਿਆ ਜਾ ਜਦ ਤੱਕ ਤੂੰ ਕਰਜ਼ੇ ਤੋਂ ਮੁਕਤ ਨਹੀਂ ਹੋ ਜਾਂਦਾ।

ਖੇਤੀ ਵਿਕਸ਼ਤ ਖਿੱਤੇ ਨਾਲ ਜਾਣੇ ਜਾਂਦੇ ਪੰਜਾਬ ਦੀ ਅਰਥਵਿਵਸਥਾ ਅੱਜ ਆਰਥਕ ਸੰਕਟ ਦੀ ਸ਼ਿਕਾਰ ਹੈ। ਇੱਥੋਂ ਦੀ ਕਿਸਾਨੀ ਸਿਰ ਕਰਜਾ ਅਮਰ ਵੇਲ ਵਾਂਗ ਵਧ ਰਿਹਾ ਹੈ। ਇਹ ਕਰਜਾ 1997 ਵਿਚੋਂ 5700 ਕਰੋੜ ਰੁਪਏ ਤੋਂ ਵੱਧ ਕੇ 2003 ਵਿਚ 9886 ਕਰੋੜ ਰੁਪਏ, 2006 ਵਿੱਚ 21064 ਕਰੋੜ ਰੁਪਏ, 2008 ਵਿੱਚ 30394 ਕਰੋੜ ਰੁਪਏ ਅਤੇ 2011-12 ਵਿੱਚ 35000 ਕਰੋੜ ਰੁਪਏ ਹੋ ਗਿਆ ਹੈ। ਅੱਜ ਪੰਜਾਬ ਦੇ ਕਿਸਾਨ ਅਤੇ ਖੇਤ ਮਜਦੂਰ ਕਰਜ਼ੇਅਤੇ ਆਰਥਕ ਤੰਗੀਆ ਤਰੁਸੀਆ ਵਿੱਚ ਜੀਵਨ ਬਤੀਤ ਕਰ ਰਹੇ ਹਨ। ਕਿਸਾਨਾ ਦਾ 89 ਪ੍ਰਤੀਸ਼ਤ ਹਿੱਸਾ ਅਤੇ ਖੇਤ ਮਜਦੂਰਾਂ ਦਾ 72 ਪ੍ਰਤੀਸ਼ਤ ਹਿਸਾ ਕਰਜ਼ੇ ਦੀ ਮਾਰ ਥੱਲੇ ਹੈ। ਜਿਹੜੇ 11 ਪ੍ਰਤੀਸ਼ਤ ਕਿਸਾਨ ਪਰਿਵਾਰ ਕਰਜ਼ੇ ਦੀ ਮਾਰ ਤੋਂ ਬਚੇ ਹੋਏ ਹਨ ਉਹ ਨਿਰੋਲ ਖੇਤੀ ਤੇ ਨਿਰਭਰ ਨਹੀਂ ਹਨ। ਉਨ੍ਹਾਂ ਕੋਲ ਖੇਤੀ ਤੋਂ ਇਲਾਵਾ ਹੋਰ ਆਮਦਨ ਦੇ ਸਾਧਨ ਹਨ। ਖੇਤ ਮਜਦੂਰਾਂ ਨੂੰ ਕਰਜਾ ਨਾ ਮਿਲਣ ਕਰਕੇ ਹੋਰ ਵੀ ਘੋਰ ਆਰਥਕ ਸੰਕਟ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਅੱਜ ਛੋਟੀ ਕਿਸਾਨੀ ਦਾ ਲਗਪਗ 88 ਪ੍ਰਤੀਸ਼ਤ ਹਿੱਸਾ ਕਰਜਈ ਹੈ। ਸੀਮਾਤਕ ਅਤੇ ਛੋਟੀ ਕਿਸਾਨੀ ਪ੍ਰਤੀ ਪਰਿਵਾਰ 1 ਲੱਖ ਤੋਂ 2 ਲੱਖ ਰੁਪਏ ਅਤੇ ਮਧਲੀ ਕਿਸਾਨੀ ਲਗਪਗ 3 ਲੱਖ ਤੋਂ 4.5 ਲੱਖ ਰੁਪਏ ਅਤੇ ਵੱਡੀ ਕਿਸਾਨੀ 5 ਤੋਂ 6 ਲੱਖ ਰੁਪਏ ਕਰਜ਼ੇ ਦੇ ਬੋਝ ਥੱਲੇ ਹੈ। ਛੋਟੀ ਕਿਸਾਨੀ ਸਿਰ ਪ੍ਰਤੀ ਪਰਿਵਾਰ ਕਰਜ਼ਾ ਭਾਵੇਂ ਘੱਟ ਵਿਖਾਈ ਦਿੰਦਾ ਹੈ ਪ੍ਰੰਤੂ ਇਹ ਕਰਜਾ ਜ਼ਮੀਨ ਦੇ ਆਕਾਰ ਮੁਤਾਬਕ ਕਾਫੀ ਵੱਧ ਹੈ। ਜਿਥੇ ਔਸਤ ਪੰਜਾਬ ਦੇ ਕਿਸਾਨ ਸਿਰ ਪ੍ਰਤੀ ਹੈਕਟੇਅਰ ਕਰਜਾ ਲਗਪਗ 90 ਹਜ਼ਾਰ ਰੁਪਏ ਹੈ ਉਥੇ ਸੀਮਾਂਤਕ ਕਿਸਾਨੀ ਸਿਰ ਇਹ ਕਰਜਾ ਲਗਪਗ 70 ਹਜ਼ਾਰ ਪ੍ਰਤੀ ਹੈਕਟੇਅਰ ਹੈ।

ਜੇਕਰ ਕਰਜ਼ੇ ਅਤੇ ਆਮਦਨ ਦੇ ਸਬੰਧ ਨੂੰ ਵੇਖਿਆ ਜਾਵੇ ਤਾਂ ਸਪਸ਼ਟ ਹੁੰਦਾ ਹੈ ਕਿ ਕਿਸਾਨੀ ਦੀ ਛੋਟੀਆਂ ਪਰਤਾਂ ਦੀ ਆਮਦਨ ਇੰਨੀ ਘੱਟ ਹੈ ਕਿ ਉਹ ਆਪਣੇ ਕਰਜ਼ੇ ਦੇ ਵਿਆਜ ਨੂੰ ਮੋੜਨ ਤੋਂ ਵੀ ਅਸਮਰਥ ਹਨ। ਸੂਬੇ ਦੇ 28 ਪ੍ਰਤੀਸ਼ਤ ਕਿਸਾਨਾਂ ਸਿਰ ਕਰਜ਼ੇ ਦਾ ਬੋਝ ਉਨ੍ਹਾਂ ਦੀ ਇਕ ਸਾਲ ਦੀ ਆਮਦਨ ਤੋਂ ਵੱਧ ਹੈ। ਉਹ ਆਪਣੀ ਕਬੀਲਦਾਰੀ ਨੂੰ ਚਲਾਉਣ ਦੇ ਕਾਬਲ ਨਹੀਂ ਹਨ। ਇਸ ਤੋਂ ਅਗਲੇ 13 ਪ੍ਰਤੀਸ਼ਤ ਕਿਸਾਨਾਂ ਦਾ ਕਰਜ਼ਾ ਉਨ੍ਹਾਂ ਦੀ ਦੋ ਸਾਲ ਦੀ ਆਮਦਨ ਤੋਂ ਵੀ ਵੱਧ ਹੈ। ਕਿਸਾਨਾਂ ਦੇ ਇਸ ਗਰੁਪ ਨੂੰ 'ਕਿਸਾਨਾਂ ਦੀ ਦਿਵਾਲੀਆ ਸਟੇਜ' ਕਿਸਾਨ ਕਿਹਾ ਜਾਂਦਾ ਹੈ ਜਿਨ੍ਹਾਂ ਤੋਂ ਕਰਜ਼ੇ ਦੀ ਵਾਪਸੀ ਸੰਭਵ ਨਹੀਂ ਲਗਦੀ। ਇਸ ਸੈਕਸ਼ਨ ਵਿੱਚ ਛੋਟੇ ਅਤੇ ਸੀਮਾਤਕ ਕੀਸਾਨੀ ਦਾ ਲਗਪਗ 20 ਪ੍ਰਤੀਸ਼ਤ ਹਿੱਸਾ ਆਉਂਦਾ ਹੈ।

ਆਰਥਕ ਤੌਰ ਤੇ ਟੁੱਟੀ ਅਤੇ ਕਰਜ਼ੇ ਦੀ ਭੰਨੀ ਛੋਟੀ ਕਿਸਾਨੀ ਖੇਤੀ ਵਿਚੋਂ ਕਿਨਾਰਾ ਕਰ ਰਹੀ ਹੈ। ਪਿਛਲੇ 15 ਸਾਲਾਂ ਵਿਚ 5 ਏਕੜ ਤੋਂ ਘੱਟ ਜ਼ਮੀਨ ਵਾਲੇ ਕਿਸਾਨਾ ਦੀ ਗਿਣਤੀ 5 ਲੱਖ ਤੋਂ ਘੱਟ ਕੇ ਸਿਰਫ 3 ਲੱਖ ਰਹਿ ਗਈ ਹੈ। ਇਨ੍ਹਾਂ ਵਿਚੋ 36 ਪ੍ਰਤੀਸ਼ਤ ਕਿਸਾਨ ਆਪਣੀ ਸਾਰੀ ਜ਼ਮੀਨ ਵੇਚ ਚੁੱਕੇ ਹਨ, 12 ਪ੍ਰਤੀਸ਼ਤ ਕਿਸਾਨ ਨੇ ਆਪਣੀ ਜ਼ਮੀਨ ਦਾ ਕੁਝ ਹਿੱਸਾ ਵੇਚ ਦਿੱਤਾ ਹੈ ਅਤੇ 52 ਪ੍ਰਤੀਸ਼ਤ ਕਿਸਾਨੀ ਆਪਣੀ ਜ਼ਮੀਨ ਨੂੰ ਠੇਕੇ ਤੇ ਦੇ ਕੇ ਕੁਝ ਹੋਰ ਕਰਨ ਲਈ ਹੱਥ ਪੱਲੇ ਮਾਰ ਰਹੀ ਹੈ। ਪੰਜਾਬ ਦੀਆਂ ਸਮਾਜਕ ਅਤੇ ਸਭਿਆਚਾਰਕ ਹਾਲਤਾਂ ਅਨੁਸਾਰ ਇਹ ਕਿਹਾ ਜਾਂਦਾ ਸੀ ਕਿ ਕਿਸਾਨ ਭੁੱਖਾ ਤਾਂ ਮਰ ਸਕਦਾ ਹੈ ਪ੍ਰੰਤੂ ਕਿਸੇ ਦੇ ਖੇਤ ਜਾ ਕੇ ਦਿਹਾੜੀ ਨਹੀਂ ਕਰ ਸਕਦਾ। ਪ੍ਰੰਤੂ ਅੱਜ ਦਾ ਪੰਜਾਬੀ ਕਿਸਾਨ ਇਹ ਕਦਮ ਚੁੱਕਣ ਲਈ ਵੀ ਮਜਬੂਰ ਹੋ ਚੁਕਿਆ ਹੈ। ਖੇਤੀ ਛੱਡਣ ਵਾਲੇ ਕਿਸਾਨਾ ਦਾ 22 ਪ੍ਰਤੀਸ਼ਤ ਹਿੱਸਾ ਮਜਦੂਰਾਂ ਦੀ ਕਤਾਰ ਵਿੱਚ ਸ਼ਾਮਿਲ ਹੋ ਚੁਕਿਆ ਹੈ।

ਕਰਜ਼ੇ ਦੀ ਪੰਡ ਦਾ ਬੋਝ ਨਾ ਸਹਾਰਦੀ ਹੋਈ ਕਿਸਾਨੀ ਅੱਜ ਖੇਤੀ ਦੇ ਸੰਦ, ਪਸ਼ੂ ਗਹਿਣੇ ਅਤੇ ਹੋਰ ਸਮਾਨ ਹੀ ਨਹੀਂ ਵੇਚ ਰਹੀ ਸਗੋਂ ਆਪਣੀ ਜ਼ਮੀਨ ਵੀ ਵੇਚਣ ਲਈ ਮਜਬੂਰ ਹੋ ਰਹੀ ਹੈ। ਇਨ੍ਹਾਂ ਕੁੱਝ ਕਰਨ ਤੋਂ ਬਾਅਦ ਵੀ ਜਦੋਂ ਕਰਜ਼ੇ ਦਾ ਬੋਝ ਹਲਕੇ ਨਹੀਂ ਹੁੰਦਾ ਤਾਂ ਆਤਮ ਹੱਤਿਆ ਕਰਨ ਤੱਕ ਦਾ ਰਸਤਾ ਵੀ ਅਖਤਿਆਰ ਕਰ ਰਹੀ ਹੈ। ਪੰਜਾਬ ਦੀਆਂ ਤਿੰਨ ਯੂਨੀਵਰਸਿਟੀਆਂ ਤੇ ਤਾਜੇ ਸਰਵੇਖਣ ਤੋਂ ਇਕ ਗੱਲ ਉਭਰਕੇ ਸਾਹਮਣੇ ਆਈ ਹੈ ਕਿ ਪੰਜਾਬ ਵਿੱਚ ਪਿਛਲੇ 11 ਸਾਲ ਵਿੱਚ ਲਗਪਗ 6700 ਕਿਸਾਨ ਅਤੇ ਖੇਤ ਮਜਦੂਰ ਆਪਣੀ ਜੀਵਨ ਲੀਲਾ ਖ਼ਤਮ ਕਰ ਚੁੱਕੇ ਹਨ ਜਿਨ੍ਹਾਂ ਵਿੱਚੋਂਦੋ-ਤਿਹਾਈ ਕਿਸਾਨਾਂ ਅਤੇ ਖੇਤ ਮਜਦੂਰਾਂ ਦੀ ਖੁਦਕੁਸ਼ੀ ਦਾ ਕਾਰਨ ਉਨਾਂ ਸਿਰ ਕਰਜ਼ੇ ਦੀ ਭਾਰੀ ਪੰਡ ਹੈ। ਪੰਜਾਬ ਦੇ ਖੇਤੀ ਕਰਜ਼ੇ ਵਿੱਚ ਸਾਹੂਕਾਰਾਂ ਦੇ ਕਰਜ਼ੇ ਦੀ ਅਹਿਮ ਭੂਮਿਕਾ ਰਹੀ ਹੈ। ਭਾਵੇਂ ਇਸ ਕਰਜ਼ੇ ਦੀ ਪ੍ਰਤੀਸ਼ਤਤਾ ਕੁਲ ਕਰਜ਼ੇ ਵਿੱਚ ਘੱਟ ਰਹੀ ਹੈ ਪ੍ਰੰਤੂ ਕਰਜ਼ੇ ਦੀ ਰਕਮ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ। ਪ੍ਰਾਈਵੇਟ ਸਾਹੂਕਾਰਾਂ ਦਾ ਕਰਜਾ ਜਿਥੇ 1997 ਵਿੱਚ 2641 ਕਰੋੜ ਰੁਪਏ ਸੀ ਉਹ 2003 ਵਿੱਚ 4997 ਕਰੋੜ ਰੁਪਏ, 2006 ਵਿੱਚ 6736 ਕਰੋੜ ਰੁਪਏ, 2008 ਵਿੱਚ 13,179 ਕਰੋੜ ਰੁਪਏ ਅਤੇ 2011-12 ਵਿੱਚ ਵੱਧ ਕੇ 13300 ਕਰੋੜ ਰੁਪਏ ਹੋ ਗਿਆ ਹੈ। ਸਪਸ਼ਟ ਹੈ ਕਿ ਪੰਜਾਬ ਦੀ ਖੇਤੀ ਵਿੱਚ ਸਾਹੂਕਾਰਾਂ ਦੇ ਕਰਜ਼ੇ ਦਾ ਕਾਫ਼ੀ ਬੋਲਬਾਲਾ ਹੈ।

ਕਰਜ਼ੇ ਨਾਲ ਨਜਿੱਠਨ ਲਈ ਸਮੇਂ-ਸਮੇਂ ਦੇ ਸ਼ਾਸਕਾਂ ਨੇ ਕਾਨੂੰਨ ਬਣਾਏ। ਕਰਜ਼ੇ ਦੀ ਸਮੱਸਿਆ ਗੰਭੀਰ ਹੋਣ ਕਰਕੇ 1860ਵਿਆਂ ਵਿਚ ਸਿਵਲ ਕੋਰਟਾਂ ਦਾ ਨਿਰਮਾਣ ਕੀਤਾ ਗਿਆ ਪ੍ਰੰਤੂ ਕਰਜ਼ੇ ਦੀ ਸਮੱਸਿਆਂ ਦਾ ਹੱਲ ਤਾਂ ਨਹੀ ਹੋਇਆ ਸਗੋਂ ਸ਼ਾਹੂਕਾਰਾਂ ਨੂੰ ਕਾਨੂੰਨੀ ਢੋਹੀ ਮਿਲ ਗਈ। ਇਸ ਤੋਂ ਪਹਿਲਾਂ ਪਿੰਡ ਦੇ ਮੋਹਤਬਾਰ ਵਿਅਕਤੀ ਹੀ ਕਰਜ਼ੇ ਦਾ ਹੱਲ ਕਰਜ਼ਦਾਰ ਦੀ ਆਰਥਕਤਾ ਨੂੰ ਮੁੱਖ ਰੱਖ ਕੇ ਕਰ ਦਿੰਦੇ ਸਨ। ਸ਼ਾਹੂਕਾਰ ਪਿੰਡ ਦੇ ਪਤਵੰਤਿਆਂ ਤੋਂ ਤ੍ਰਭਕਤੇ ਸਨ। ਇਸ ਸਮੇ ਦੌਰਾਨ ਸ਼ਾਹੂਕਾਰ ਕਾਫ਼ੀ ਮਜਬੂਤ ਹੋਏ। 19ਵੀਂ ਸਦੀ ਦੇ ਪਿਛਲੇ ਤਿੰਨ ਦਹਾਕਿਆਂ ਵਿੱਚ ਕੁਦਰਤੀ ਆਫਤਾਂ, ਜਿਨ੍ਹਾਂ ਵਿੱਚ ਕਾਲ ਪੈਣਾ, ਸੋਕਾ ਅਤੇ ਪਸ਼ੂਆਂ ਦੀ ਮੌਤ ਕਾਰਨ, ਕਿਸਾਨਾਂ ਦੀ ਹਾਲਤ ਸਭ ਤੋਂ ਮਾੜੀ ਹੋਈ। ਇਸੇ ਸਮੇਂ ਵਿੱਚ ਕਿਸਾਨ ਸਭ ਤੋਂ ਵੱਧ ਕਰਜਈ ਹੋਏ। ਕਰਜ਼ੇ ਅਤੇ ਜਮੀਨ ਤੋਂ ਵਿਰਵੇ ਹੋਣ ਦੀ ਸਮੱਸਿਆ ਨੂੰ ਨਜਿੱਠਣ ਲਈ ਬਰਤਾਨਵੀ ਸਰਕਾਰ ਨੇ ਕਈ ਕਾਨੂੰਨ ਪਾਸ ਕੀਤੇ। ਜਿਨ੍ਹਾ ਵਿੱਚੋਂ 1901 ਵਿੱਚ 'ਭੂਮੀ ਵੰਚਿਤ ਐਕਟ-1901' ਪਾਸ ਕੀਤਾ ਜਿਸ ਰਾਂਹੀ ਗੈਰ-ਖੇਤੀ ਲੋਕਾਂ ਨੂੰ ਕਿਸਾਨਾਂ ਦੀ ਜਮੀਨ ਖਰੀਦਣ ਤੋਂ ਰੋਕਿਆ ਗਿਆ। 1904 ਦਾ ਸਹਿਕਾਰੀ ਸੋਸਾਇਟੀ ਐਕਟ ਵੀ ਕਰਜ਼ੇ ਦੀ ਸਮੱਸਿਆ ਦੇ ਹੱਲ ਲਈ ਸਹਿਕਾਰੀ ਕਰਜ਼ੇ ਦੀਆਂ ਸਹੂਲਤਾਂ ਵਧਾਉਣ ਲਈ ਬਣਾਇਆ ਗਿਆ। 1920 ਵਿਆਂ ਦੇ ਮੱਧ ਵਿੱਚ ਬੈਂਕਿੰਗ ਇਨਕਿਊਰੀ ਕਮੇਟੀ ਬਠਾਈ ਗਈ ਜਿਸ ਵਿੱਚ ਕਰਜ਼ੇ ਦੀ ਰਕਮ ਨੂੰ ਮਾਪਿਆ ਗਿਆ। ਇਸੇ ਤਰ੍ਹਾਂ ਬ੍ਰਿਟਿਸ ਸਰਕਾਰ ਨੇ 1920 ਵਿਆਂ ਦੇ ਅਖੀਰ ਵਿੱਚ ਖੇਤੀਬਾੜੀ ਸਬੰਧੀ ਰਾਇਲ ਕਮੇਟੀ ਬਣਾਈ ਜਿਸ ਨੇ ਖੇਤੀ ਸੰਕਟ ਅਤੇ ਕਰਜ਼ੇ ਦੇ ਸਮੱਸਿਆ ਦੇ ਹੱਲ ਲਈ ਸੁਝਾਓ ਪੇਸ਼ ਕੀਤੇ। ਇਸੇ ਕਰਕੇ ਐਮ.ਐਲ. ਡਾਰਲਿੰਗ ਨੇ 1925 ਵਿੱਚ ਕਿਹਾ ਸੀ ਕਿ ਪੰਜਾਬ ਦਾ ਲੱਗਪੱਗ 80 ਪ੍ਰਤੀਸ਼ਤ ਕਿਸਾਨ ਕਰਜਈ ਹੈ ਜਿਨਾਂ ਸਿਰ ਉਨਾਂ ਦੀ ਆਮਦਨ ਦਾ 5-6 ਗੁਣਾ ਕਰਜ਼ਾ ਹੈ। ਉਦੋਂ ਦੇ ਪੰਜਾਬ ਸਿਰ 175 ਕਰੋੜ ਰੁਪਏ ਦਾ ਕਰਜ਼ਾ ਸੀ। ਜੋ ਕੇ ਭਾਰਤ ਦੇ ਕੁੱਲ ਖੇਤੀ ਕਰਜ਼ੇ ਦਾ 20 ਪ੍ਰਤੀਸ਼ਤ

ਬਣਦਾ ਸੀ। ਇਸ ਕਰਜ਼ੇ ਉਪਰ ਕਿਸਾਨ 50 ਕਰੋੜ ਰੁਪਏ ਸਲਾਨਾ ਵਿਆਜ਼ ਅਦਾ ਕਰਦੇ ਸਨ। ਇਸ ਢੰਗ ਨਾਲ ਸੂਦਖੋਰੀ ਦਾ ਧੰਦਾ ਕਾਫ਼ੀ ਮੁਨਾਫ਼ੇ ਯੋਗ ਧੰਦਾ ਬਣ ਗਿਆ ਜਿਸ ਕਰਕੇ ਵੱਡੀ ਗਿਣਤੀ ਲੋਕ ਇਸ ਧੰਦੇ ਵਿੱਚ ਦਾਖਲ਼ ਗਏ। ਵੱਸੋਂ ਦੇ ਹਿਸਾਬ ਨਾਲ ਪੰਜਾਬ ਵਿੱਚ ਸਾਹੂਕਾਰਾਂ ਦੀ ਗਿਣਤੀ ਦੇਸ਼ ਦੇ ਸਾਹੂਕਾਰਾਂ ਨਾਲੋਂ ਪੰਜ ਗੁਣਾ ਸੀ।

ਸਾਹੂਕਾਰਾ ਦੇ ਕਰਜ਼ੇ ਦੀ ਸਮੱਸਿਆ ਨਾਲ ਨਜਿੱਠਣ ਲਈ ਕਈ ਕੋਈ ਹੋਰ ਕਾਨੂੰਨ ਬਣਾਏ ਜਿਨ੍ਹਾਂ ਵਿਚੋਂ ਸੂਦਖੋਰ ਕਨੂੰਨ ਰੀਪੀਲ ਐਕਟ (1855), ਸੂਦਖੋਰ ਕਰਜ਼ਾ ਐਕਟ (1918), ਪ੍ਰੋਵਿਨਸੀਅਲ ਇਨਸੋਵੈਂਸੀ ਐਕਟ (1920) ਆਦਿ ਮੁੱਖ ਸਨ। ਇਨ੍ਹਾਂ ਤੋਂ ਬਾਅਦ 1930ਵਿਆਂ ਵਿੱਚ ਕਈ ਅਹਿਮ ਕਨੂੰਨ ਬਣਾਏ ਗਏ ਜਿਨਾਂ ਦੀ ਚਰਚਾ ਅੱਜ ਵੀ ਕੀਤੀ ਜਾਂਦੀ ਹੈ। ਇਨ੍ਹਾਂ ਕਨੂੰਨਾਂ ਵਿੱਚ 'ਪੰਜਾਬ ਰੈਗੂਲੇਸ਼ਨ ਆਫ਼ ਅਕਾਊਂਟਸ ਐਕਟ (1930); ਪੰਜਾਬ ਰੀਲੀਫ਼ ਆਫ ਇਨਡੈਟਿਡਨੈਲ ਐਕਟ (1934); ਪੰਜਾਬ ਰੈਸਟੀਟਿਊਸ਼ਨ ਆਫ ਮਾਰਟਗੇਜ਼ ਲੈਂਡ ਐਕਟ (1938); ਪੰਜਾਬ ਐਲੀਨੇਸ਼ਨ ਆਫ ਲੈਂਡ (ਸੋਧ) ਐਕਟ (1938) ਅਤੇ ਪੰਜਾਬ ਰਜਿਸ਼ਟ੍ਰੇਸ਼ਨ ਆਫ ਮਨੀਲੈਂਡਰਜ਼ ਐਕਟ (1938) ਸ਼ਾਮਿਲ ਹਨ। ਬਰਤਾਨਵੀ ਸਰਕਾਰ ਨੂੰ ਕਰਜ਼ੇ ਦੀ ਸਮੱਸਿਆ ਦੀ ਗੰਭੀਰਤਾ ਨੂੰ ਸਮਝਦੇ ਹੋਏ ਕਾਫ਼ੀ ਕਨੂੰਨ ਬਨਾਉਣੇ ਪਏ। ਭਾਵੇਂ ਕਰਜ਼ੇ ਦੀ ਸਮੱਸਿਆ ਦਾ ਕੋਈ ਸਾਰਥਕ ਹੱਲ ਨਹੀਂ ਹੋ ਸਕਿਆ। ਕਿਉਂਕਿ ਗੱਲ ਕਨੂੰਨ ਬਨਾਉਣ ਤੱਕ ਹੀ ਸਮਿਤ ਨਹੀਂ ਹੁੰਦੀ ਸਗੋਂ ਕਨੂੰਨ ਦੇ ਚੰਗੀ ਤਰ੍ਹਾਂ ਲਾਗੂ ਹੋਣ ਨਾਲ ਹੀ ਮਸਲੇ ਨੂੰ ਨਜਿੱਠਣ ਵੱਲ ਕਦਮ ਵਧਦਾ ਹੈ।

ਭਾਰਤੀ ਕਿਸਾਨਾਂ ਦੀ ਕਰਜ਼ਦਾਰੀ ਸੰਬੰਧੀ ਭਾਰਤੀ ਰਿਜਵਰਵ ਬੈਂਕ ਦੀ ਐਸ.ਸੀ. ਗੁਪਤਾ ਦੀ ਅਗਵਾਈ ਵਾਲੇ ਗਰੁੱਪ ਨੇ ਜੁਲਾਈ 2007 ਵਿੱਚ ਆਪਣੀ ਰਿਪੋਰਟ ਵਿੱਚ ਸਪੱਸ਼ਟ ਕਿਹਾ ਹੈ ਕਿ ਰਾਜ ਸਰਕਾਰਾਂ, ਸਾਹੂਕਾਰਾ ਕਰਜ਼ੇ ਸੰਬੰਧੀ ਕਨੂੰਨ ਬਨਾਉਣ ਜਿਸ ਵਿੱਚ ਵਿਆਜ ਦੀ ਉਚਤਮ ਸੀਮਾ ਨਿਸ਼ਚਤ ਕਰਨਾ, ਕਨੂੰਨ ਨੂੰ ਬਨਾਉਣਾ ਹੀ ਨਹੀਂ ਸਗੋਂ ਅਮਲੀ ਜਾਮਾ ਪਹਿਨਾਉਣ ਤੋਂ ਇਲਾਵਾ ਇਸ ਕਨੂੰਨ ਦੇ ਲਾਗੂ ਹੋਣ ਸੰਬੰਧੀ ਰਿਪੋਰਟ ਨੂੰ ਹਰ ਸਾਲ ਵਿਧਾਨ ਸਭਾ ਵਿੱਚ ਪੇਸ਼ ਕਰਨਾ ਲਾਜ਼ਮੀ ਕਰਾਰ ਦਿੱਤਾ ਗਿਆ। ਅਸਲ ਵਿੱਚ ਕੇਂਦਰ ਸਰਕਾਰ ਕਰਜ਼ੇ ਦੇ ਖਾਤਮੇ ਲਈ ਉਤਾਵਲੀ ਨਹੀਂ ਬਲਕਿ ਹਰ ਇੱਕ ਵਿਅਕਤੀ ਨੂੰ ਬੈਂਕਾਂ ਨਾਲ ਜੋੜਨ ਤੇ ਜ਼ੋਰ ਦੇ ਰਹੀ ਹੈ। ਇਸ ਕੰਮ ਲਈ '100 ਪ੍ਰਤੀਸ਼ਤ ਫਾਈਨੈਸ਼ੀਅਲ ਇਨਕੂਲਯਨ' ਦੀਆਂ ਸਕੀਮਾਂ ਵੀ ਸ਼ੁਰੂ ਕੀਤੀਆਂ ਹੋਈਆਂ ਹਨ ।

ਪੰਜਾਬ ਸਰਕਾਰ ਨੇ ਵੀ ਪੰਜਾਬ ਖੇਤੀ ਕਰਜ਼ਾ ਰਾਹਤ ਬਿੱਲ-2006 ਬਣਾ ਦਿੱਤਾ ਸੀ ਲੇਕਿਨ ਇਸ ਨੂੰ ਵਿਧਾਨ ਸਭਾ ਵਿੱਚ ਨਹੀਂ ਲਿਆਂਦਾ ਗਿਆ । ਇਸ ਬਿੱਲ ਦਾ ਮੁੱਖ ਮੰਤਵ ਰਕਮਾਂ ਵਿਆਜ਼ ਤੇ ਦੇਣ ਦੀ ਪ੍ਰਣਾਲੀ ਨੂੰ ਇੱਕਸੁਰ ਕਰਨਾ ਅਤੇ ਕਾਸ਼ਤਕਾਰਾਂ, ਦਿਹਾਤੀ ਦਸਤਕਾਰਾਂ, ਅਤੇ ਖੇਤੀ ਤੇ ਨਿਰਭਰ ਲੋਕਾਂ ਨੂੰ ਰਾਹਤ ਪਹੁੰਚਾਉਣਾ ਅਤੇ ਉਨਾਂ ਦੇ ਕਰਜ਼ਿਆ ਨਾਲ ਸਬੰਧਿਤ ਹੋਰ ਮਾਮਲਿਆਂ ਦਾ ਤਰੁੰਤ ਅਤੇ ਵਾਜ਼ਬ ਨਿਬੇੜਾ ਕਰਨਾ। ਇਹ ਅਜਿਹਾ ਬਿੱਲ ਹੈ ਜਿਸ ਵਿੱਚ ਸਿਰਫ਼ ਕਿਸਾਨਾਂ ਦੇ ਕਰਜ਼ੇ ਦੀ ਹੀ ਗੱਲ ਨਹੀਂ ਕੀਤੀ ਗਈ ਸਗੋਂ ਪੇਂਡੂ ਸਮਾਜ ਦੇ ਖੇਤੀ ਨਾਲ ਸਬੰਧਿਤ ਹੋਰ ਤਬਕੇ, ਜਿਵੇਂ ਜ਼ਮੀਨ ਵਟਾਈ ਤੇ ਖੇਤੀ ਕਰਨ ਵਾਲਾ, ਖੇਤ ਮਜ਼ਦੂਰ, ਦਸਤਕਾਰ (ਤਰਖਾਣ, ਲੁਹਾਰ, ਦਰਜੀ, ਘੁਮਿਆਰ, ਮੋਚੀ) ਜਾਂ ਖੇਤੀ ਨਾਲ ਜੁੜੇ ਛੋਟੇ ਮੋਟੇ ਧੰਦੇ ਕਰਨ ਵਾਲਾ ਸਾਰੇ ਵਿਅਕਤੀ ਇਸ ਕਨੂੰਨ ਤਹਿਤ ਰਾਹਤ ਲੈਣ ਦੇ ਹੱਕਦਾਰ ਹੋਣਗੇ। ਬਿੱਲ ਦੀ ਧਾਰਾ 3 ਵਿੱਚ ਕਿਹਾ ਗਿਆ ਹੈ ਕਿ ਕਰਜ਼ਦਾਰ ਵੱਲੋਂ ਮੂਲ ਰਾਸ਼ੀ ਦਾ ਦੁਗਣਾ ਮੋੜ੍ਹਨ ਦੀ ਹਾਲਤ ਵਿੱਚ ਉਸਤੋਂ ਹੋਰ ਰਾਸ਼ੀ ਦੀ ਵਸੂਲੀ ਨਹੀਂ ਕੀਤੀ ਜਾਵੇਗੀ। ਕਰਜ਼ੇ ਉਪਰ ਸ਼ਧਾਰਨ ਵਿਆਜ਼ ਦੀ ਦਰ 10 ਪ੍ਰਤੀਸ਼ਤ ਤੋਂ ਵੱਧ ਨਹੀਂ ਹੋਵੇਗੀ। ਇਸ ਤੋਂ ਵੀ ਵੱਧ ਕਿਸੇ ਕਰਜ਼ਦਾਰ ਦਾ ਰੋਜੀ-ਰੋਟੀ ਦਾ ਜਰੀਆ ਜਿਵੇਂ ਜ਼ਮੀਨ, ਮੱਝ, ਗਊ, ਘੋੜਾ, ਟਾਂਗਾ ਆਦਿ ਦੀ ਕੁਰਕੀ ਨਹੀਂ ਕੀਤੀ ਜਾ ਸਕੇਗੀ। ਇਸ ਐਕਟ ਦੇ ਪਾਸ ਹੋਣ ਨਾਲ ਜ਼ਮੀਨ ਦੀਆਂ ਕੁਰਕੀਆਂ ਤੇ ਅਜਾਂਈ ਜਾਂਦਾ ਸਮਾਂ, ਪੈਸਾ ਅਤੇ ਮਨੁੱਖੀ ਜਿੰਦਗੀਆਂ ਦਾ ਨੁਕਸਾਨ ਹੋਣੋ ਬਚ ਸਕਦਾ ਹੈ। ਹਰ ਸਬ-ਡਿਵੀਜ਼ਨ ਪੱਧਰ ਤੇ ਇੱਕ ਕਰਜ਼ਾ ਨਿਰਧਾਰਨ ਤੇ ਨਿਪਟਾਰਾ ਬੋਰਡ ਹੋਵੇਗਾ ਜਿਸ ਦਾ ਚੇਅਰਮੈਨ ਸਬ-ਡਿਵੀਜ਼ਨਲ ਮਜਿਸਟਰੇਟ ਹੋਵੇਗਾ ਅਤੇ ਤਹਿਸੀਲਦਾਰ ਮੈਂਬਰ ਸਕੱਤਰ ਹੋਵੇਗਾ। ਇਸ ਤੋਂ ਇਲਾਵਾ, ਸਹਿਕਾਰੀ ਵਿਭਾਗ, ਫੂਡ ਸਪਲਾਈਜ਼ ਵਿਭਾਗ, ਖੇਤੀਬਾੜੀ ਵਿਭਾਗ ਦੇ ਅਫ਼ਸਰ ਰੈਂਕ ਪੱਧਰ ਦੇ ਵਿਅਕਤੀ ਇਸ ਦੇ ਨੁਮਾਇੰਦੇ ਹੋਣਗੇ। ਬੋਰਡ ਕੋਲ 30 ਲੱਖ ਤੱਕ ਦੇ ਕਰਜ਼ੇ ਦਾ ਨਿਪਟਾਰਾ ਕਰਨ ਦਾ ਅਧਿਕਾਰ ਹੋਵੇਗਾ। ਬੋਰਡ ਕਰਜ਼ੇ ਦਾ ਨਿਪਟਾਰਾ ਅਰਜੀ ਮਿਲਣ ਤੋਂ 6 ਮਹੀਨੇ ਦੇ ਅੰਦਰ-ਅੰਦਰ ਕਰੇਗਾ।

ਇਸ ਬਿੱਲ ਦੇ ਖਰੜੇ ਵਿੱਚ ਸਪੱਸ਼ਟ ਕੀਤਾ ਗਿਆ ਹੈ ਕਿ ਕਰਜ਼ੇ ਦੇਣ ਵਾਲੇ ਨੂੰ ਆਪਣੀ ਰਕਮ੍ਹ ਅਤੇ ਕਰਜ਼ਦਾਰ ਖਿਲਾਫ਼ ਆਪਣੇ ਕਲੇਮ ਦੇ ਵੇਰਵੇ ਦੇਣੇ ਪੈਣਗੇ। ਸਾਹੂਕਾਰ ਨੂੰ ਪੰਜਾਬ ਰਜਿਸ਼ਟਰੇਸ਼ਨ ਆਫ ਮਨੀਲੈਂਡਰਜ ਐਕਟ 1938 ਦੇ ਤਹਿਤ ਰਜਿਸ਼ਟਰੇਸ਼ਨ ਨੰਬਰ ਅਤੇ ਲਾਈਸੈਂਸ ਨੰਬਰ ਦੇ ਵੇਰਵੇ ਦੇਣੇ ਪੈਣਗੇ। ਸਾਡੇ ਅਧਿਐਨ ਦੁਆਰਾ ਦੇਖਿਆ ਗਿਆ ਹੇ ਕਿ ਪੰਜਾਬ ਵਿੱਚ ਇਸ ਵੇਲੇ 20232 ਆੜਤੀਏ ਹਨ ਜੋ ਸਾਹੂਕਾਰੇ ਦਾ ਕੰਮ ਵੀ ਕਰਦੇ ਹਨ। ਪ੍ਰੰਤੂ ਇਹਨਾਂ ਵਿੱਚੋਂ ਕਿਸੇ ਵੀ ਆੜਤੀਏ ਕੋਲ ਸਾਹੂਕਾਰੇ ਦਾ ਲਾਇਸੈਂਸ ਨਹੀਂ ਹੈ।

ਭਾਰਤ ਦੇ ਕੁਝ ਹੋਰ ਰਾਜਾਂ ਵਿੱਚ ਖੇਤੀ ਕਰਜ਼ੇ ਨਾਲ ਸਬੰਧਿਤ ਕਨੂੰਨ ਬਣਾਏ ਜਾ ਚੁੱਕੇ ਹਨ। ਕੇਰਲ ਸਰਕਾਰ 1958 ਵਿੱਚ ਅਜਿਹਾ ਕਨੂੰਨ ਬਣਾ ਚੁੱਕੀ ਹੈ। ਹਰਿਆਣਾ ਸਰਕਾਰ ਨੇ ਵੀ ਖੇਤੀ ਰਾਹਤ ਕਾਨੂੰਨ 1989 ਵਿੱਚ ਬਣਾ ਦਿੱਤਾ ਸੀ, ਲੇਕਿਨ ਉਸਨੂੰ ਅਮਲੀ ਰੂਪ ਨਹੀਂ ਦਿੱਤਾ ਗਿਆ ਸੀ। ਹੁਣ 28 ਜਨਵਰੀ 2007 ਨੂੰ ਇਸ ਕਨੂੰਨ ਅਧੀਨ ਜਿਲ੍ਹਾ ਕਰਜ਼ਾ ਨਿਰਧਾਰਨ ਅਤੇ ਨਿਵਾਰਨ ਬੋਰਡਾਂ ਦੇ ਗਠਨ ਕਰਨ ਦਾ ਨੋਟੀਫੀਕੇਸ਼ਨ ਜਾਰੀ ਕਰ ਦਿੱਤਾ ਹੈ। ਇਸ ਕਰਕੇ ਪੰਜਾਬ ਸਰਕਾਰ ਨੂੰ ਵੀ ਕਰਜ਼ਾ ਰਾਹਤ ਬਿੱਲ੍ਹ 2006 ਨੂੰ ਕਨੂੰਨ ਬਣਾਕੇ ਇਸ ਨੂੰ ਅਮਲੀ ਰੂਪ ਵਿੱਚ ਕੁਸ਼ਲਤਾ ਭਰਪੂਰ ਲਾਗੂ ਕਰਨਾ ਚਾਹੀਦਾ ਹੈ ਤਾਂ ਕਿ ਆਰਥਿਕ ਸੰਕਟ ਵਿੱਚ ਡੁੱਬੀ ਕਿਸਾਨੀ, ਖੇਤ ਮਜ਼ਦੂਰ ਉਤੇ ਹੋਰ ਕਾਮੇ ਕਰਜ਼ੇ ਤੋਂ ਕੁਝ ਨਿਜ਼ਾਤ ਪਾ ਸਕਣ।

# ਆਓ ਸੰਸਥਾਵਾਂ ਦੇ ਆਧਾਰ 'ਤੇ ਆਪਣੀ ਵਿਰਾਸਤ ਨਾਲ ਜੁੜੀਏ



ਮੈਂ ਸਾਇੰਸ ਕਾਲਜ ਜਗਰਾਓਂ ਹਾਂ ਜਿਸ ਨੇ ਵਿਗਿਆਨ ਦੇ ਖੇਤਰ 'ਚ ਹਜ਼ਾਰਾਂ ਵਿਦਿਆਰਥੀਆਂ ਨੂੰ ਵਿਕਸਿਤ ਕੀਤਾ

ਕੈਨੇਡਾ ਤੇ ਅਮਰੀਕਾ ਵਸਦੇ ਪੰਜਾਬੀਆਂ ਵਿਚ ਬਹੁਗਿਣਤੀ ਉਹ ਹੈ ਜਿਹੜੀ ਵੱਖ-ਵੱਖ ਪੰਜਾਬ ਦੀਆਂ ਨਾਮਵਰ ਸੰਸਥਾਵਾਂ ਵਿਚੋਂ ਵਿਦਿਆ ਹਾਸਲ ਕਰਕੇ ਆਈ ਹੈ। ਕਿਸੇ ਨੇ ਡੀ.ਐਮ. ਕਾਲਜ ਮੋਗਾ ਤੋਂ ਤੇ ਕਿਸੇ ਨੇ ਖਾਲਸਾ ਕਾਲਜ ਗੁਰੂਸਰ ਸੁਧਾਰ ਤੋਂ ਕਿਸੇ ਨੇ ਖਾਲਸਾ ਵੂਮੈਨ ਕਾਲਜ ਸਿੱਧਵਾਂ ਖੁਰਦ ਤੋਂ ਅਤੇ ਕਿਸੇ ਨੇ ਲਾਇਲਪੁਰ ਖਾਲਸਾ ਕਾਲਜ ਜਲੰਧਰ ਤੋਂ ਅਤੇ ਕਿਸੇ ਨੇ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, ਕਿਸੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਅਤੇ ਕਿਸੇ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਤੋਂ ਜੋ ਉਚ ਯੋਗਤਾ ਪ੍ਰਾਪਤ ਕੀਤੀ ਹੈ ਇਨ੍ਹਾਂ ਯੋਗਤਾਵਾਂ ਨੂੰ ਹਾਸਲ ਕਰਨ ਤੋਂ ਪਹਿਲਾਂ ਪਿੰਡਾਂ ਦੇ ਸਰਕਾਰੀ ਸਕੂਲਾਂ ਰਾਹੀਂ ਆਪਣਾ ਵਿਦਿਅਕ ਸਫ਼ਰ ਸ਼ੁਰੂ ਕੀਤਾ। ਅੱਜ ਵੀ ਜਦੋਂ ਵਿਦੇਸ਼ 'ਚੋਂ ਵਾਪਸ ਪਰਤੀਦਾ ਹੈ ਤਾਂ ਆਪਣੀਆਂ ਯਾਦਾਂ ਦਾ ਬਹੁਤਾ ਸਮਾਂ ਕਾਲਜ ਦੇ ਉਨ੍ਹਾਂ ਦੋਸਤਾਂ, ਮਿੱਤਰਾਂ ਨਾਲ ਬਿਤਾਏ ਪਲਾਂ ਨੂੰ ਯਾਦ ਕਰਕੇ ਇੰਝ ਜਾਪਦਾ ਹੈ ਕਿ ਅਸੀਂ ਆਪਣੀ ਕਲਾਸ ਦੇ ਕਿਸੇ ਕਮਰੇ ਜਾਂ ਕਿਸੇ ਉਸ ਦੇ ਸ਼ਾਨਦਾਰ ਗਰਾਊਂਡ ਵਿਚ ਬੈਠੇ ਹੋਈਏ ਅਤੇ ਜਾਂ ਕਿਸੇ ਹੋਸਟਲ ਦੇ ਕਮਰੇ ਵਿਚ ਬੈਠੇ ਸੋਚ ਰਹੇ ਹੋਈਏ ਕਿ ਅਸੀਂ ਆਪਣਾ ਭਵਿੱਖ ਬਣਾਉਣਾ ਹੈ ਅਤੇ ਸਾਡਾ ਭਵਿੱਖ ਸਾਡੇ ਉਨ੍ਹਾਂ ਮਾਪਿਆਂ ਲਈ ਵੀ ਸਹਾਈ ਹੋਵੇਗਾ ਅਤੇ ਜਿਨ੍ਹਾਂ ਸੰਸਥਾਵਾਂ ਨੇ ਸਾਨੂੰ ਇਹ ਮਾਣ ਬਖਸ਼ਿਆ ਹੈ ਉਸ ਦਾ ਨਾਂ ਵੀ ਉਚਾ ਹੋਵੇਗਾ। ਉਨ੍ਹਾਂ ਅਧਿਆਪਕਾਂ ਦੀ ਯਾਦ ਕਰਦਿਆਂ ਸਾਡੇ ਚੇਤੇ ਵਿਚ ਕਦੇ ਸਾਇੰਸ ਪ੍ਰਯੋਗਸ਼ਾਲਾ ਯਾਦ ਆਉਂਦੀ ਹੈ ਅਤੇ ਕਦੇ ਕੈਮਿਸਟਰੀ ਦੇ ਫਾਰਮੂਲੇ ਅਤੇ ਕਦੀ ਸਾਨੂੰ ਕੋਈ ਸਾਹਿਤਕ ਇਕੱਤਰਤਾ ਵਿਚ ਉਚੇਚੇ ਸ਼ਬਦ ਯਾਦ ਆਉਂਦੇ ਨੇ ਅਤੇ ਕਦੀ ਉਹ ਆਗੂ ਯਾਦ ਆਉਂਦੇ ਨੇ ਜਿਹੜੇ ਸਾਨੂੰ ਕਿਸੇ ਨਾ ਕਿਸੇ ਰੂਪ ਵਿਚ ਸਮਾਜਿਕ ਸਰੋਕਾਰਾਂ ਨਾਲ ਜੋੜ ਕੇ ਰੱਖਦੇ ਸੀ। ਇਹ ਸਭ ਕੁਝ ਯਾਦਾਂ ਨੂੰ ਇਕਜੁਟ ਹੋ ਕੇ ਤਦ ਹੀ ਮੁੜ ਜੀਵਤ ਕੀਤਾ ਜਾ ਸਕਦਾ ਹੈ ਜੇ ਅਸੀਂ ਆਪਣੇ ਕਾਲਜ ਦੇ ਪੁਰਾਣੇ ਵਿਦਿਆਰਥੀ ਸਾਲ ਛਮਾਹੀ ਇਕੱਤਰ ਹੋ ਕੇ ਬੈਠਿਆ ਕਰੀਏ। ਅਜਿਹਾ ਉਪਰਾਲਾ ਸ਼ਾਇਦ ਕਈ ਪਾਸਿਓਂ ਕੀਤਾ ਜਾਂਦਾ ਹੈ ਪਰ ਜਿਸ ਕਿਸਮ ਨਾਲ ਸਾਇੰਸ ਕਾਲਜ ਆਫ਼ ਐਜੂਕੇਸ਼ਨ ਐਂਡ ਰਿਸਰਚ ਜਗਰਾਓਂ ਦੇ ਵਿਦਿਆਰਥੀਆਂ ਨੇ ਕੀਤਾ ਹੈ ਉਹ ਇਕ ਆਪਣੇ ਆਪ 'ਚ ਇਕ ਵਰਤਾਰਾ ਹੈ। ਆਪ ਇਕੱਤਰ ਹੋਏ ਆਪਣੇ ਬੱਚਿਆਂ ਨੂੰ ਅਸ਼ੀਰਵਾਦ ਦਿੱਤਾ ਅਤੇ ਪ੍ਰੇਰਿਆ ਕਿ ਤੁਸੀਂ ਮਾਨਵਤਾ ਦੇ ਪੱਖ ਵਿਚ ਇਸੇ ਕਿਸਮ ਨਾਲ ਆਪਣੇ ਇਕੱਤਰਤਾਵਾਂ ਕਰਦੇ ਰਹੋਗੇ ਤਾਂ ਤੁਹਾਡੇ ਅੰਦਰ ਇਕ ਅਜਿਹੀ ਸਾਂਝ ਵਿਕਸਿਤ ਹੋ ਜਾਵੇਗੀ ਜਿਸ ਨਾਲ ਤੁਸੀਂ ਆਪਣੇ ਵਿਦਿਅਕ ਸਰੋਕਾਰਾਂ ਤੋਂ ਇਲਾਵਾ ਅਜੋਕੇ ਮਸਲਿਆਂ ਪ੍ਰਤੀ ਵੀ ਚੇਤਨ ਹੋਵੋਗੇ। ਇਸ ਪ੍ਰੋਗਰਾਮ ਦੀ ਖੂਬਸੂਰਤੀ ਇਹ ਸੀ ਕਿ ਬੱਚਿਆਂ ਨੇ ਜਿਥੇ ਵੱਖ ਵੱਖ ਖੇਡਾਂ ਦੇ ਪ੍ਰਦਰਸ਼ਨ ਕੀਤੇ ਉਥੇ ਆਪਣੇ ਵਿਚਾਰ ਵੀ ਸਾਂਝੇ ਕੀਤੇ।

ਅਜੋਕੇ ਸਮਿਆਂ ਵਿਚ ਜਦੋਂ ਇਕੱਲਾ-ਇਕੱਲਾ ਮਨੁੱਖ ਆਪਣੇ ਸੀਮਤ ਘੇਰੇ ਵਿਚ ਸਮਿਟਿਆ ਪਿਆ ਹੈ ਉਸ ਨੂੰ ਸਮਝ ਨਹੀਂ ਆ ਰਹੀ ਕਿ ਮੈਂ ਅਜਿਹੇ ਦੌਰ ਵਿਚੋਂ ਕਿਵੇਂ ਬਾਹਰ ਨਿਕਲਾਂਗਾ। ਕਿਉਂਕਿ ਆਰਥਿਕ ਹਾਲਾਤ ਆਏ ਦਿਨ ਇਕ ਨਾ ਇਕ ਕਿਸਮ ਦੀ ਚੁਣੌਤੀ ਖੜ੍ਹੀ ਕਰ ਰਹੇ ਹਨ। ਇਨ੍ਹਾਂ ਚੁਣੌਤੀਆਂ ਨੂੰ ਸਰ ਕਰਨ ਲਈ ਜ਼ਰੂਰੀ ਹੈ ਕਿ ਅਜਿਹੀਆਂ ਸਮੂਹ ਵਿਚਾਰਾਂ ਦੀਆਂ ਸਾਂਝਾਂ ਉਸਾਰੀਆਂ ਜਾਣ ਜਿਸ ਨਾਲ ਮਸਲੇ ਇੰਝ ਜਾਪਣ ਲੱਗ ਜਾਣਗੇ ਕਿ ਇਹ ਸਾਡੇ ਨਹੀਂ ਸਮੁੱਚੇ ਲੋਕਾਂ ਦੇ ਹਨ ਅਸੀਂ ਵੀ ਉਸ ਵਿਚ ਭਾਗੀਦਾਰ ਹਾਂ। ਇਸ ਤੋਂ ਕਿਸ ਕਿਸਮ ਨਾਲ ਨਜ਼ਾਕਤ ਹਾਸਲ ਕਰਨੀ ਹੈ ਇਹ ਤਦ ਹੀ ਸੰਭਵ ਹੋ ਸਕਦਾ ਹੈ ਅਸੀਂ ਜਿਥੇ ਵੀ ਹੋਈਏ ਉਥੇ ਹੀ ਇਕ ਛੋਟਾ ਜਿਹਾ ਘੇਰਾ ਉਸਾਰੀਏ ਜਿਸ ਜ਼ਰੀਏ ਅਸੀਂ ਇਕ ਚੰਗੇ ਅਤੀਤ ਤੋਂ ਪ੍ਰੇਰਣਾ ਲੈਂਦੇ ਹੋਏ ਆਪਣੇ ਭਵਿੱਖ ਦੇ ਕਾਰਜਾਂ ਪ੍ਰਤੀ ਵੀ ਸੁਹਿਰਦ ਹੋਈਏ। ਇਸੇ ਪ੍ਰਕਿਰਿਆ ਦੀ ਇਕ ਨਿੱਕੀ ਜਿਹੀ ਕੜੀ ਦੇ ਤੌਰ 'ਤੇ ਇਸ ਗਰੁੱਪ ਦੀ ਆਪਣੀ ਅਹਿਮੀਅਤ ਹੈ। ਇਹ ਸਾਇੰਸ ਕਾਲਜ ਦਾ ਕਾਫ਼ਲਾ ਇਕਜੁਟ ਹੋ ਕੇ ਹੋਰ ਅੱਗੇ ਵਧੇ ਅਤੇ ਆਪਸ ਵਿਚ ਸਾਂਝਾ ਨੂੰ ਇੰਝ ਪ੍ਰਫੁੱਲਤ ਕਰੇ ਕਿ ਹੋਰ ਵੀ ਪ੍ਰੇਰਤ ਹੋ ਕੇ ਆਪੋ-ਆਪਣੇ ਕਾਲਜਾਂ ਦੇ ਗਰੁੱਪ ਜਥੇਬੰਦ ਕਰਨ।



ਸਾਨੂੰ ਪਰਿਵਾਰਾਂ ਨੂੰ ਜੁੜ ਬੈਠਿਆਂ ਇਸ ਗੱਲ ਦੀ ਬੜੀ ਖੁਸ਼ੀ ਹੋ ਰਹੀ ਹੈ ਕਿ ਅਸੀਂ ਅਜਿਹੀ ਸੰਸਥਾ ਦੇ ਵਿਦਿਆਰਥੀ ਹਾਂ ਜਿਨ੍ਹਾਂ ਨੇ ਵਿਦੇਸ਼ 'ਚ ਰਹਿੰਦਿਆਂ ਵੀ ਆਪਸੀ ਭਾਈਚਾਰੇ ਦੀ ਸਾਂਝ ਕਾਲਜ ਦੇ ਆਧਾਰ 'ਤੇ ਬਣਾਈ ਹੋਈ ਹੈ। ਅਸੀਂ ਆਪ ਆਪਣੀਆਂ ਯਾਦਾਂ ਸਾਂਝੀਆਂ ਕਰਦੇ ਹਾਂ ਅਤੇ ਅਜਿਹੀ ਸਾਂਝ ਅਦਾਰਿਆਂ ਨਾਲ ਪਾਉਣ ਲਈ ਬੱਚਿਆਂ ਨੂੰ ਪ੍ਰੇਰਦੇ ਹਾਂ।

## ਹਿੰਦ-ਪਾਕਿ ਦੋਸਤੀ ਦੇ ਸਵਾਲ 'ਤੇ ਸੈਮੀਨਰ ਰਿਪੋਰਟ






# ਆਓ ! ਆਪਸੀ ਮੁਲਕਾਂ ਦੇ ਰਿਸ਼ਤਿਆਂ ਨੂੰ ਪੱਕਿਆਂ ਕਰਨ ਵੱਲ ਵਧੀਏ

**ਰਮੇਸ਼ ਯਾਦਵ**

ਅਗਸਤ 1947 ਦੌਰਾਨ ਹਿੰਦ-ਪਾਕਿ ਦੀ ਅਜ਼ਾਦੀ ਦੇ ਨਾਲ ਹੀ ਹੋਏ ਆਪਸੀ ਬਟਵਾਰੇ ਨੇ ਬੇਸ਼ੱਕ ਦੋਵਾਂ ਮੁਲਕਾਂ ਦਰਮਿਆਨ ਸਿਆਸੀ ਵਖਰੇਵਾਂ ਪੈਦਾ ਕਰ ਦਿੱਤਾ, ਜਿਸ ਨੇ ਲੱਖਾਂ ਲੋਕਾਂ ਦੀ ਕੁਰਬਾਨੀ ਲੈ ਕੇ ਇਕ-ਦੂਸਰੇ ਖਿਲਾਫ਼ ਮਨਾਂ 'ਚ ਜ਼ਹਿਰ ਭਰਨ ਦੀ ਕੋਸ਼ਿਸ਼ ਕੀਤੀ, ਪਰ ਇਹ ਬਟਵਾਰਾ ਰੂਹਾਂ ਦੀ ਸਾਂਝ ਨਾਲ ਸਬੰਧਿਤ ਰਿਸ਼ਤਿਆਂ ਦੇ ਬੀਜ ਨਹੀਂ ਖਤਮ ਕਰ ਸਕਿਆ। ਜਿਸ ਕਾਰਨ ਸਮੇਂ-ਸਮੇਂ 'ਤੇ ਦੋਵਾਂ ਦੇਸ਼ਾਂ ਦੀ ਸਾਂਝ ਦੇ ਹਮਾਇਤੀਆਂ ਨੇ ਆਪਸੀ ਵਖਰੇਵਾਂ ਦੂਰ ਕਰਨ ਦੀਆਂ ਕੋਸ਼ਿਸ਼ਾਂ ਜਾਰੀ ਰੱਖੀਆਂ ਹੋਈਆਂ ਹਨ। 17ਵੇਂ ਹਿੰਦ-ਪਾਕਿ ਦੋਸਤੀ ਮੇਲੇ ਦੇ ਸਮਾਗਮਾਂ ਦੀ ਅੱਜ ਸ਼ੁਰੂਆਤ ਕਰਦਿਆਂ ਹਿੰਦ-ਪਾਕਿ ਦੋਸਤੀ ਮੰਚ ਫੋਕਲੋਰ ਰਿਸਰਚ ਅਕੈਡਮੀ ਅੰਮ੍ਰਿਤਸਰ, ਪੰਜਾਬ ਜਾਗ੍ਰਿਤੀ ਮੰਚ ਜਲੰਧਰ ਵੱਲੋਂ ਦੱਖਣੀ ਏਸ਼ੀਆਈ ਮੁਲਕਾਂ ਦੇ ਪੱਤਰਕਾਰਾਂ ਦੀ ਸਾਂਝੀ ਜਥੇਬੰਦੀ (ਸਾਫ਼ਮਾ) ਦੇ ਸਹਿਯੋਗ ਨਾਲ ਹਿੰਦ ਤੇ ਪਾਕਿ ਬੁੱਧੀਜੀਵੀਆਂ ਰਾਹੀਂ ਆਪਸੀ ਮਿਲਵਰਤਨ 'ਚ ਸੂਫ਼ੀਵਾਦ ਦੇ ਮਹੱਤਵ 'ਤੇ ਆਧਾਰਿਤ ਸੈਮੀਨਾਰ 'ਦੱਖਣੀ ਏਸ਼ੀਆ ਦੇ ਲੋਕਾਂ ਦੀ ਸਾਂਝ 'ਚ ਸੂਫ਼ੀਵਾਦ ਦਾ ਯੋਗਦਾਨ' ਕਰਵਾਇਆ ਗਿਆ। ਇਸ ਦੌਰਾਨ ਹੀ ਲਾਹੌਰ 'ਚ ਸਾਫ਼ਮਾ ਮੁਖੀ ਜ਼ਨਾਬ ਇਮਤਿਆਜ ਆਲਮ ਦੀ ਅਗਵਾਈ ਹੇਠ 'ਮੰਜ਼ਿਲ ਏਕ ਹੈਂ' ਨਾਮੀ ਸੈਮੀਨਾਰ ਵੀ ਕਰਵਾਇਆ ਜਾ ਰਿਹਾ ਹੈ। ਅੰਮ੍ਰਿਤਸਰ ਦੇ ਪੰਜਾਬ ਨਾਟਸ਼ਾਲਾ 'ਚ ਹੋਏ ਇਸ ਸੈਮੀਨਾਰ ਦੀ ਸ਼ੁਰੂਆਤ ਨੌਜਵਾਨ ਸੂਫੀ ਗਾਇਕ ਦਿਲਜਾਨ ਦੀ ਗਾਇਕੀ ਨਾਲ ਹੋਈ। ਉਪਰੰਤ ਫੋਕਲੋਰ ਰਿਸਰਚ ਅਕੈਡਮੀ ਦੇ ਸ੍ਰੀ ਰਮੇਸ਼ ਯਾਦਵ ਨੇ ਮਹਿਮਾਨਾਂ ਨੂੰ ਜੀ ਆਇਆ ਆਖਿਆ। ਇਸ ਮੌਕੇ ਹਿੰਦ-ਪਾਕਿ ਦੋਸਤੀ ਮੰਚ ਦੇ ਜਨਰਲ ਸਕੱਤਰ ਸ੍ਰੀ ਸਤਨਾਮ ਸਿੰਘ ਮਾਣਕ ਨੇ ਖਿੱਤੇ 'ਚ ਅਮਨ ਸ਼ਾਂਤੀ ਦੀ ਬਹਾਲੀ ਲਈ ਸਾਂਝੀਵਾਲਤਾ ਦੇ ਹਮਾਇਤੀਆਂ ਵੱਲੋਂ ਜਾਰੀ ਕੋਸ਼ਿਸ਼ਾਂ ਤੋਂ ਹਾਜ਼ਰੀਨ ਨੂੰ ਜਾਣੂੰ ਕਰਵਾਇਆ। ਉਨ੍ਹਾਂ ਪੁਰਾਤਨ ਸਮੇਂ ਤੋਂ ਹੀ ਸੂਫ਼ੀ ਸੰਤਾਂ ਦੀ ਸੋਚ ਨੂੰ ਮਨੁੱਖਤਾ ਦੇ ਭਲੇ ਲਈ ਪਨਪਿਆ ਇਨਕਲਾਬ ਦੱਸਿਆ, ਜੋ ਸਮੇਂ-ਸਮੇਂ 'ਤੇ ਕੱਟੜਪੰਥੀਆਂ ਨੂੰ ਧੂੜ ਚਟਾਉਣ 'ਚ ਪ੍ਰਭਾਵੀ ਸਿੱਧ ਹੋਇਆ। ਉਨ੍ਹਾਂ ਅੱਜ ਦੇ ਦੌਰ 'ਚ ਵੀ ਸੂਫ਼ੀਵਾਦ ਦੀ ਭਰਵੀਂ ਲੋੜ ਦੱਸੀ। ਉਨ੍ਹਾਂ ਕਿਹਾ ਕਿ ਦੋਵਾਂ ਮੁਲਕਾਂ ਦਰਮਿਆਨ ਇਤਿਹਾਸ, ਸੱਭਿਆਚਾਰ, ਵਿਰਸਾ, ਸਾਹਿਤ, ਭਾਸ਼ਾ ਆਦਿ ਦੀ ਸਾਂਝ ਹੋਣ ਦੇ ਬਾਵਜੂਦ ਧਾਰਮਿਕ ਕੱਟੜਵਾਦ ਹਾਵੀ ਹੋ ਰਿਹਾ ਹੈ। ਜਦੋਂਕਿ ਕੋਈ ਵੀ ਧਰਮ ਕੱਟੜਤਾ ਦੀ ਹਮਾਇਤ ਨਹੀਂ ਕਰਦਾ। ਇਸ ਮੌਕੇ ਮੁੱਖ ਭਾਸ਼ਣ ਪੰਜਾਬੀ ਯੂਨੀਵਰਸਿਟੀ ਦੇ ਸੂਫ਼ੀਵਾਦ ਵਿਭਾਗ ਦੇ ਮੁਖੀ ਪ੍ਰੋ: ਨਕਵੀ ਨੇ ਪੇਸ਼ ਕਰਦਿਆਂ ਭਾਰਤ-ਪਾਕਿ ਸਾਂਝ ਨੂੰ ਤਹਿਜ਼ੀਬ ਤੇ ਜ਼ੁਬਾਨ ਦੀ ਸਾਂਝ ਦੱਸਦਿਆਂ ਇਸ 'ਤੇ ਸ਼ੁਰੂ ਤੋਂ ਹੀ ਸੂਫ਼ੀਵਾਦ ਦੇ ਪ੍ਰਭਾਵ ਤੋਂ ਹਾਜ਼ਰੀਨ ਨੂੰ ਜਾਣੂੰ ਕਰਵਾਇਆ। ਇਸ ਮੌਕੇ ਪਾਕਿਸਤਾਨ ਤੋਂ ਆਏ ਖਾਲਿਦ ਅਹਿਮਦ ਨੇ ਕਿਹਾ ਕਿ ਆਪਸੀ ਦੂਰੀ ਦੌਰਾਨ ਵੀ ਭਾਰਤ-ਪਾਕਿ 'ਚ ਸਿਆਸੀ ਤਕਸੀਮ ਹੋਈ ਪਰ ਸੱਭਿਆਚਾਰ ਤਕਸੀਮ ਨਹੀਂ ਹੋਇਆ। ਉੱਤਰ ਪ੍ਰਦੇਸ਼ ਦੀ ਸਮਾਜਵਾਦੀ ਸਰਕਾਰ ਦੇ ਮੰਤਰੀ ਅੰਬਿਕਾ ਚੌਧਰੀ ਨੇ ਹਿੰਦ-ਪਾਕਿ ਦੋਸਤੀ 'ਚ ਰੁਕਾਵਟ ਬਣਦੇ ਵੱਡੇ ਮਸਲਿਆਂ ਨੂੰ ਪਾਸੇ ਰੱਖ ਕੇ ਆਪਸੀ ਸਾਂਝ ਵਧਾਉਣ ਵਾਲੀਆਂ ਗੱਲਾਂ ਦੀ ਰੋਸ਼ਨੀ 'ਚ ਅੱਗੇ ਵੱਧਣ ਦਾ ਸੁਨੇਹਾ ਦਿੱਤਾ। ਪਾਕਿਸਤਾਨ ਦੀਆਂ ਚਾਰ ਅਖ਼ਬਾਰਾਂ ਦੇ ਮਾਲਕ ਖ਼ੁਸ਼ਨੂਰ ਅਲੀ ਖ਼ਾਨ ਨੇ ਜਿਥੇ ਹਿੰਦ-ਪਾਕਿ ਦੌਰਾਨ ਵੱਧਦੇ ਵਪਾਰ 'ਤੇ ਖੁਸ਼ੀ ਜ਼ਾਹਿਰ ਕੀਤੀ, ਉਥੇ ਕੁਝ ਤੰਗ ਦਿਲ ਲੋਕਾਂ ਵੱਲੋਂ ਇਸ ਵਪਾਰ 'ਚ ਖੜੋਤ ਲਿਆਉਣ ਦੀਆਂ ਕੋਸ਼ਿਸ਼ਾਂ ਤੋਂ ਵੀ ਸੁਚੇਤ ਰਹਿਣ ਦੀ ਅਪੀਲ ਕੀਤੀ। ਪਾਕਿਸਤਾਨ ਦੇ ਸਾਬਕਾ ਐਮ. ਪੀ. ਤੇ ਨਵੀਂ ਦੁਨੀਆ ਪਰਚੇ ਦੇ ਮਾਲਕ ਸ਼ਾਹਿਦ ਸਦੀਕੀ ਨੇ ਕੱਟੜਵਾਦ ਨੂੰ ਸਮਾਜ 'ਤੇ ਕਲੰਕ ਦੱਸਿਆ। ਉਨ੍ਹਾਂ ਕਿਹਾ ਕਿ ਸਾਡੀ ਸਾਂਝ ਐਨੀ ਗੂੜ੍ਹੀ ਹੈ ਕਿ ਭਾਰਤ-ਪਾਕਿ ਦੂਰੀਆਂ ਦਾ ਹੱਲ ਦਿੱਲੀ-ਇਸਲਾਮਾਬਾਦ ਤੋਂ ਨਹੀਂ ਬਲਕਿ ਅੰਮ੍ਰਿਤਸਰ-ਲਾਹੌਰ ਤੋਂ ਹੀ ਨਿਕਲੇਗਾ। ਇਸ ਮੌਕੇ ਪਾਕਿਸਤਾਨ ਦੇ ਮੈਂਬਰ ਨੈਸ਼ਨਲ ਅਸੈਂਬਲੀ ਬੇਗਮ ਤਹਿਮੀਨਾ ਦੌਲਤਾਨਾ ਨੇ ਕਿਹਾ ਕਿ ਉਹ ਅੱਲ੍ਹਾ ਅੱਗੇ ਦੁਆ ਕਰਦੇ ਹਨ ਕਿ ਆਪਸੀ ਪਿਆਰ ਤੇ ਭਾਈਚਾਰਾ ਐਨ੍ਹਾ ਮਜ਼ਬੂਤ ਹੋ ਜਾਵੇ ਕਿ ਤੁਸੀਂ ਸਵੇਰ ਦਾ ਨਾਸ਼ਤਾ ਲਾਹੌਰ ਕਰੋ ਤੇ ਅਸੀਂ ਦੁਪਹਿਰ ਦਾ ਖਾਣਾ ਅੰਮ੍ਰਿਤਸਰ ਆ ਕੇ ਖਾ ਸਕੀਏ। ਪ੍ਰੋ: ਬਾਵਾ ਸਿੰਘ ਸਾਬਕਾ ਵਾਈਸ ਚੇਅਰਮੈਨ ਘੱਟ ਗਿਣਤੀ ਕਮਿਸ਼ਨ ਨਵੀਂ ਦਿੱਲੀ ਨੇ ਕਿਹਾ ਕਿ ਦੋਵਾਂ ਮੁਲਕਾਂ ਵਿਚ ਘੱਟ ਗਿਣਤੀਆਂ ਦਾ ਸਵਾਲ ਵੀ ਹਿੰਦ ਭਾਰਤ ਦੀ ਮਿੱਤਰਤਾ ਨਾਲ ਜੁੜਿਆ ਹੋਇਆ ਹੈ ਜਿਸ ਪੱਧਰ 'ਤੇ ਅਸੀਂ ਆਪਸ ਵਿਚੀਂ ਮਿੱਤਰਤਾ ਵਧਾਵਾਂਗੇ ਉਸ ਨਾਲ ਸਾਡੇ ਦੋਵਾਂ ਦੇਸ਼ਾਂ ਵਿਚਲੇ ਘੱਟ ਗਿਣਤੀਆਂ ਦੇ ਲੋਕਾਂ ਵਿਚ ਸੁਰੱਖਿਆ ਦੀ ਭਾਵਨਾ ਵਿਕਸਿਤ ਹੋਵੇਗੀ। ਇਸ ਨਾਲ ਇਕ ਦੂਸਰੇ ਪਾਸੇ ਤੋਂ ਮਾਨਸਿਕ ਅਤੇ ਜਜ਼ਬਾਤੀ ਸਾਂਝ ਕਾਰਨ ਦੋਵਾਂ ਦੇਸ਼ਾਂ ਦੇ ਆਪਸੀ ਸਮਾਜਿਕ ਰਿਸ਼ਤੇ ਵੀ ਪ੍ਰਬਲ ਹੋਣਗੇ। ਪ੍ਰੋ. ਕੁਲਦੀਪ ਸਿੰਘ ਨੇ ਮੌਕੇ 'ਤੇ ਵਿਚਾਰ ਰੱਖਦਿਆਂ ਕਿਹਾ ਕਿ ਜਿਸ ਕਿਸਮ ਨਾਲ ਦੁਨੀਆ ਵਿਚ ਤਬਦੀਲੀ ਆ ਰਹੀ ਹੈ ਉਹ ਭਲਾਂ ਆਰਥਿਕ ਖੇਤਰ ਦੀਆਂ ਆਪਸੀ ਲੋੜਾਂ ਵਿਚੋਂ ਹੀ ਉਤਪੰਨ ਹੋ ਰਹੀ ਹੈ ਪਰ ਇਕ ਗੱਲ ਜ਼ਰੂਰ ਹੈ ਕਿ ਕਿਸੇ ਵੀ ਕੋਨੇ 'ਤੇ ਹੁਣ ਇਸ ਕਿਸਮ ਦਾ ਮਾਹੌਲ ਦੁਸ਼ਮਣੀ ਵਾਲਾ ਨਹੀਂ ਰੱਖਿਆ ਜਾ ਸਕਦਾ ਹੈ ਜਿਸ ਨਾਲ ਦੋਵਾਂ ਦੇਸ਼ਾਂ ਦੀ ਆਰਥਿਕਤਾ 'ਤੇ ਮਾੜਾ ਅਸਰ ਪੈਂਦਾ ਹੋਵੇ। ਕਿਉਂਕਿ ਦੁਨੀਆ ਨੇ ਦੇਖ ਲਿਆ ਹੈ ਕਿ ਜੰਗੀ ਖਰਚੇ ਸਮੁੱਚੀ ਆਰਥਿਕਤਾ ਦਾ ਅੱਧ ਦੇ ਕਰੀਬ ਪੈਸਾ ਹੜੱਪ ਲੈਂਦੇ ਹਨ। ਇਸ ਕਰਕੇ ਜ਼ਰੂਰਤ ਇਹ ਹੈ ਕਿ ਦੋਵਾਂ ਦੇਸ਼ਾਂ ਵਿਚਲੀਆਂ ਭਾਈਚਾਰਕ ਸਾਂਝਾ ਨੂੰ ਇਸ ਤਰ੍ਹਾਂ ਵਿਕਸਿਤ ਕੀਤਾ ਜਾਵੇ ਕਿ ਦੋਵਾਂ ਦੇਸ਼ਾਂ ਦੇ ਆਪਸੀ ਮਸਲੇ ਜਿਹੜੇ ਕਿ ਆਮ ਸਾਧਾਰਨ ਲੋਕਾਂ ਨਾਲ ਜੁੜੇ ਹਨ ਜਿਹੜੇ ਉਨ੍ਹਾ ਦੀ ਜ਼ਿੰਦਗੀ ਨੂੰ ਪ੍ਰਭਾਵਤ ਕਰਦੇ ਹਨ ਵਿਚ ਸਿੱਖਿਆ ਅਤੇ ਸਿਹਤ ਸਹੂਲਤਾਂ ਦਾ ਸਵਾਲ ਵੀ ਹੈ ਉਨ੍ਹਾਂ ਨੂੰ ਪ੍ਰਮੁੱਖਤਾ ਦੇ ਸਵਾਲਾਂ ਉਪਰ ਸਮਝ ਕੇ ਆਪਣੇ ਲੋਕਾਂ ਵਿਚ ਚੇਤੰਨਤਾ ਵਿਕਸਤ ਕਰਨੀ ਚਾਹੀਦੀ ਹੈ ਕਿ ਹੁਣ ਦੌਰ ਅਜਿਹਾ ਹੈ ਜਿਸ ਧਰਤੀ 'ਤੇ ਮਨੁੱਖੀ ਕਿਰਤ ਨਾਲ ਪ੍ਰਾਪਤ ਕੀਤੀ ਹਰੇਕ ਵਸਤੂ ਹਰੇਕ ਦੀ ਪਹੁੰਚ ਵਿਚ ਲਿਆਂਦੀ ਜਾ ਸਕਦੀ ਹੈ। ਇਸ ਮੌਕੇ ਪ੍ਰਸਿੱਧ ਗਾਇਕ ਹੰਸ ਰਾਜ ਹੰਸ ਨੇ ਕਿਹਾ ਕਿ ਜਿਸ ਕਿਸਮ ਨਾਲ ਸੂਫ਼ੀਆਂ ਨੇ ਆਪਣੀ ਭਾਸ਼ਾ ਅਤੇ ਸੰਗੀਤ ਵਿਚ ਦੋਵਾਂ ਦੇਸ਼ਾਂ ਦੀਆਂ ਸਰਹੱਦਾਂ ਤੋਂ ਪਾਰ ਤੱਕ ਆਪਣੀ ਆਵਾਜ਼ ਪਹੁੰਚਾਈ ਉਸ ਨੂੰ ਹੋਰ ਪ੍ਰਫੁੱਲਤ ਕਰਨ ਦੀ ਜ਼ਰੂਰਤ ਹੈ। ਉਨ੍ਹਾਂ ਕਿਹਾ ਕਿ ਉਸ ਲਈ ਦੋਵੇਂ ਦੇਸ਼ ਤਾਂ ਉਨ੍ਹਾਂ ਫਕੀਰਾਂ ਦੀ ਧਰਤੀ ਲੱਗਦੇ ਨੇ ਜਿਨ੍ਹਾਂ ਨੇ ਸੂਫ਼ੀ ਕਲਾਮਾਂ ਵਿਚ ਮਾਨਵਤਾ ਦੀ ਗੱਲ ਕੀਤੀ ਹੈ ਅਤੇ ਉਨ੍ਹਾਂ ਦੇ ਵਿਚਾਰਾਂ ਨੂੰ ਆਧੁਨਿਕ ਵਿਚਾਰਾਂ ਨਾਲ ਸੁਮੇਲਨ ਦੀ ਲੋੜ ਹੈ। ਉਨ੍ਹਾਂ ਜ਼ਿਕਰ ਕੀਤਾ ਹੈ ਕਿ ਮੈਂ ਤਾਂ ਜਦੋਂ ਇਧਰਲੇ ਪੰਜਾਬ ਜਾਂ ਉਧਰਲੇ ਪੰਜਾਬ ਗਾਉਂਦਾ ਹਾਂ ਤਾਂ ਮੈਨੂੰ ਇਕੋ ਜਿਹੇ ਪਿਆਰ ਤੇ ਮੁਹੱਬਤ ਦੇ ਦੀਵਾਨੇ ਮਿਲਦੇ ਹਨ।

ਇਸ ਮੌਕੇ ਮੁੱਖ ਮਹਿਮਾਨ ਵਜੋਂ ਪਹੁੰਚੇ ਸੀ. ਪੀ. ਆਈ. ਦੇ ਜਨਰਲ ਸਕੱਤਰ ਸੁਧਾਕਰ ਰੈਡੀ ਨੇ ਕਿਹਾ ਕਿ ਅੱਜ ਦੁਨੀਆ ਭਰ 'ਚ ਧਾਰਮਿਕ ਅਸਹਿਣਸ਼ੀਲਤਾ ਵੱਧ ਰਹੀ ਹੈ। ਹਿੰਦ-ਪਾਕਿ ਸੰਬੰਧਾਂ ਬਾਰੇ ਉਨ੍ਹਾਂ ਕਿਹਾ ਕਿ ਦੋਵੇਂ ਮੁਲਕ ਆਪਣੀ ਸੁਰੱਖਿਆ ਲਈ ਜੋ ਖਰਚ ਕਰ ਰਹੇ ਹਨ, ਉਸਦਾ 50 ਫੀਸਦੀ ਹੀ ਆਪਣੇ ਲੋਕਾਂ ਦੀ ਭਲਾਈ ਲਈ ਖਰਚਿਆ ਜਾਵੇ ਤਾਂ ਦੋਵਾਂ ਮੁਲਕਾਂ ਦੀ ਤਰੱਕੀ ਤੇ ਵਿਕਾਸ ਸਿਖਰਾਂ ਛੂਹ ਸਕਦਾ ਹੈ। ਸੈਮੀਨਾਰ ਨੂੰ ਸੇਵਾ ਮੁਕਤ ਮੁੱਖ ਜੱਜ ਰਜਿੰਦਰ ਸੱਚਰ, ਪਾਕਿਸਤਾਨ ਪੀਪਲਜ਼ ਪਾਰਟੀ ਦੀ ਆਗੂ ਬੇਗਮ ਫਾਇਜ਼ਾ ਮਲਿਕ, ਦਿੱਲੀ ਪ੍ਰੈਸ ਕਲੱਬ ਦੇ ਸਾਬਕਾ ਪ੍ਰਧਾਨ ਪੁਸ਼ਪਿੰਦਰ, ਪੰਜਾਬ ਨਾਟਸ਼ਾਲਾ ਦੇ ਮੁਖੀ ਜਤਿੰਦਰ ਸਿੰਘ ਬਰਾੜ, ਪੰਜਾਬ ਜਾਗ੍ਰਿਤੀ ਮੰਚ ਦੇ ਸਕੱਤਰ ਦੀਪਕ ਬਾਲੀ ਆਦਿ ਨੇ ਵੀ ਸੰਬੋਧਨ ਕੀਤਾ। ਇਸ ਮੌਕੇ ਕਾ: ਜੋਗਿੰਦਰ ਦਿਆਲ, ਕਾ: ਜਗਰੂਪ ਸਿੰਘ, ਕਾ: ਅਮਰਜੀਤ ਸਿੰਘ ਆਸਲ, ਕੇਵਲ ਧਾਲੀਵਾਲ, ਹਰਭਜਨ ਸਿੰਘ ਬਰਾੜ, ਗੁਰਦੇਵ ਸਿੰਘ ਮਹਿਲਾਂ ਵਾਲਾ, ਸੁਮੀਤ ਸਿੰਘ, ਡਾ: ਸ਼ਾਮ ਸੁੰਦਰ ਦੀਪਤੀ, ਗੁਰਜਿੰਦਰ ਬਘਿਆੜੀ ਆਦਿ ਹਾਜ਼ਰ ਸਨ।



# ਇਕੀਵੀਂ ਸਦੀ ਅਤੇ ਗੈਰ ਮਾਨਵੀ ਵਿਵਹਾਰ ਦਾ ਮਸਲਾ

**ਜਤਿੰਦਰ ਪਨੂੰ**

ਜਲੰਧਰ ਵਿੱਚ ਤੀਹ ਅਗਸਤ ਦੇ ਦਿਨ ਵਾਪਰੀ ਉਸ ਘਟਨਾ ਨੇ ਮਨ 'ਤੇ ਗਹਿਰਾ ਅਸਰ ਪਾਇਆ, ਜਿਸ ਵਿੱਚ ਇੱਕ ਕੁੜੀ ਨੇ ਪੁਲਸ ਹੱਥੋਂ ਜ਼ਲੀਲ ਹੋਣ ਤੋਂ ਬਾਅਦ ਰੇਲ ਗੱਡੀ ਅੱਗੇ ਛਾਲ ਮਾਰ ਕੇ ਖੁਦਕੁਸ਼ੀ ਕਰ ਲਈ ਸੀ। ਸਾਰਾ ਪੰਜਾਬ ਇਸ ਘਟਨਾ ਨਾਲ ਹਲੂਣਿਆ ਗਿਆ, ਸਾਡਾ ਮੀਡੀਆ ਵੀ ਬਚਿਆ ਨਹੀਂ ਰਿਹਾ ਤੇ ਰਾਜ ਸਰਕਾਰ ਨੂੰ ਵੀ ਫੌਰੀ ਕਾਰਵਾਈ ਕਰਨੀ ਪਈ।

ਮਾਮਲਾ ਇਹ ਸੀ ਕਿ ਪੁਲਸ ਦੀ ਇੱਕ ਅੜਬੰਗ ਸੁਭਾਅ ਤੇ ਬੇਤੁਕੀ ਬੋਲ-ਬਾਣੀ ਲਈ ਜਾਣੀ ਜਾਂਦੀ ਇੰਸਪੈਕਟਰ ਬੀਬੀ ਨੇ ਕੁਝ ਪੁਲਸ ਵਾਲਿਆਂ ਨਾਲ ਗਸ਼ਤ ਕਰਦੀ ਹੋਈ ਨੇ ਇੱਕ ਥਾਂ ਇੱਕ ਮੁੰਡੇ ਅਤੇ ਇੱਕ ਕੁੜੀ ਨੂੰ ਰੋਕ ਲਿਆ। ਮੁੰਡੇ ਨਾਲ ਸਿਰੇ ਦਾ ਦੁਰ-ਵਿਹਾਰ ਕੀਤਾ ਗਿਆ ਤੇ ਕੁੜੀ ਦੀ ਵੀ ਹੱਦੋਂ ਬਾਹਰੀ ਲਾਹ-ਪਾਹ ਕੀਤੀ ਗਈ। ਇੰਸਪੈਕਟਰ ਬੀਬੀ ਨੂੰ ਉਸ ਕੁੜੀ ਦਾ ਇੱਕ ਮੁੰਡੇ ਨਾਲ ਜਾਣਾ ਬੁਰਾ ਕਿਉਂ ਲੱਗਾ? ਕੀ ਉਸ ਨੂੰ ਇਸ ਕੰਮ ਲਈ ਕਿਸੇ ਵੱਡੇ ਅਫਸਰ ਨੇ ਕਿਹਾ ਸੀ? ਜਾਂ ਉਹ ਮੀਡੀਏ ਦੇ ਸਾਹਮਣੇ ਆਏ ਦਿਨ ਆਪਣੀਆਂ ਫੋਟੋ ਖਿਚਵਾਉਣ ਦੀ ਪੁਲਸੀਆ ਮਾਨਸਿਕਤਾ ਦੀ ਸ਼ਿਕਾਰ ਹੋਈ ਸੀ? ਇਨ੍ਹਾਂ ਸਵਾਲਾਂ ਦਾ ਜਵਾਬ ਕੇਸ ਦੀ ਜਾਂਚ ਤੋਂ ਮਿਲੇਗਾ। ਕੁੜੀ ਕਹਿੰਦੀ ਰਹੀ ਕਿ ਉਹ ਮਾੜੇ ਚਾਲ-ਚੱਲਣ ਦੀ ਦੋਸ਼ੀ ਨਹੀਂ, ਉਹ ਸਾਊ ਘਰ ਦੀ ਧੀ ਹੈ ਤੇ ਆਪਣੀਆਂ ਹੱਦਾਂ ਦੀ ਮਰਿਆਦਾ ਜਾਣਦੀ ਹੈ, ਪਰ ਇੰਸਪੈਕਟਰ ਬੀਬੀ ਦੇ ਸਿਰ ਉੱਤੇ ਅਫਸਰੀ ਦਾ ਰੋਅਬ ਏਨਾ ਸਵਾਰ ਸੀ ਕਿ ਉਸ ਨੇ ਇਹ ਗੱਲਾਂ ਅਣਸੁਣੀਆਂ ਕਰ ਦਿੱਤੀਆਂ। ਕੁੜੀ ਜਦੋਂ ਘਰ ਨੂੰ ਤੁਰ ਪਈ ਤੇ ਵੀਹ ਗਜ਼ ਚਲੀ ਗਈ, ਉਸ ਦੇ ਪਿੱਛੇ ਇੱਕ ਮਰਦ ਪੁਲਸੀਆ ਭਜਾਇਆ ਕਿ ਉਸ ਨੂੰ ਫੜ ਕੇ ਲਿਆਵੇ ਤੇ ਉਹ ਫੜ ਲਿਆਇਆ। ਕੁੜੀ ਕਹਿੰਦੀ ਰਹੀ ਕਿ ਜੇ ਏਦਾਂ ਕਰੋਗੇ ਤਾਂ ਮੈਂ ਜਾਨ ਦੇ ਦੇਵਾਂਗੀ, ਪਰ ਕਿਸੇ ਨੇ ਪ੍ਰਵਾਹ ਨਹੀਂ ਸੀ ਕੀਤੀ। ਕੁੜੀ ਨੇ ਆਪਣੇ ਕਹੇ ਉੱਤੇ ਅਮਲ ਕੀਤਾ ਤੇ ਚੰਦ ਮਿੰਟਾਂ ਪਿੱਛੋਂ ਰੇਲ ਗੱਡੀ ਅੱਗੇ ਛਾਲ ਮਾਰ ਕੇ ਆਪਣੀ ਜਾਨ ਦੇ ਦਿੱਤੀ। ਸ਼ਹਿਰ ਵਿੱਚ ਇਸ ਨਾਲ ਤਰਥੱਲੀ ਮੱਚ ਗਈ ਕਿ ਭਲਾ ਏਨਾ ਅਨਰਥ ਵੀ ਹੋ ਸਕਦਾ ਹੈ!

ਇਹ ਗੱਲ ਬਾਅਦ ਦੀ ਹੈ ਕਿ ਜਾਂਚ ਦਾ ਸਿੱਟਾ ਕੀ ਨਿਕਲਦਾ ਹੈ, ਇਸ ਤੋਂ ਪਹਿਲਾਂ ਜਵਾਨ ਬੱਚਿਆਂ ਦੇ ਸਾਹਮਣੇ ਪੇਸ਼ ਹੋ ਰਹੇ ਤੇ ਅੱਗੋਂ ਉਨ੍ਹਾਂ ਵੱਲੋਂ ਪੁੱਛੇ ਜਾ ਰਹੇ ਸਵਾਲਾਂ ਦਾ ਜਵਾਬ ਸਮਾਜ ਨੂੰ ਦੇਣਾ ਪਵੇਗਾ।

ਇੰਸਪੈਕਟਰ ਬੀਬੀ ਬਾਰੇ ਅਸੀਂ ਕੁਝ ਨਹੀਂ ਕਹਿਣਾ ਚਾਹੁੰਦੇ, ਕਿਉਂਕਿ ਉਸ ਦੇ ਵਿਹਾਰ ਬਾਰੇ ਪੁਲਸ ਵਿਭਾਗ ਆਪ ਵੀ ਜਾਣਦਾ ਹੋਵੇਗਾ, ਪਰ ਉਸ ਦੇ ਇਸ ਘਟਨਾ ਮੌਕੇ ਕੀਤੇ ਵਿਹਾਰ ਨੂੰ ਸਿਰੇ ਦਾ ਗਲਤ ਸਮਝਦੇ ਹਾਂ। ਇੱਕ ਮੁੰਡਾ ਤੇ ਇੱਕ ਕੁੜੀ ਕਿਸੇ ਥਾਂ ਇਕੱਲੇ ਜਾਂਦੇ ਮਿਲ ਜਾਣ ਦਾ ਇਹ ਅਰਥ ਕਿਵੇਂ ਉਹ ਕੱਢਣ ਤੁਰ ਪਈ ਕਿ ਇਹ ਚਰਿਤਰ ਵੱਲੋਂ ਮਾੜੇ ਹੋਣਗੇ? ਅੱਜ ਕੱਲ੍ਹ ਹਰ ਵੱਡੇ ਸ਼ਹਿਰ ਵਿੱਚ ਕਾਲ-ਸੈਂਟਰ ਹਨ, ਓਥੇ ਕੰਮ ਕਰਨ ਜਾਂਦੇ ਕੁੜੀਆਂ-ਮੁੰਡੇ ਆਪੋ ਵਿੱਚ ਗੱਲਾਂ ਵੀ ਕਰਨਗੇ, ਛੁੱਟੀ ਵੇਲੇ ਸੜਕ ਉੱਤੇ ਇਕੱਠੇ ਵੀ ਨਿਕਲਣਗੇ, ਕਦੇ ਬਾਜ਼ਾਰ ਵਿੱਚ ਸ਼ਾਪਿੰਗ ਕਰਨ ਜਾਂ ਕੰਪਨੀ ਦੇ ਕਿਸੇ ਕੰਮ ਵੀ ਇਕੱਠੇ ਜਾ ਸਕਦੇ ਹਨ, ਇਹੋ ਜਿਹੀ ਇੰਸਪੈਕਟਰ ਬੀਬੀ ਕੀ ਉਨ੍ਹਾਂ ਸਾਰਿਆਂ ਦੇ ਚਲਾਨ ਕਰ ਦੇਵੇਗੀ? ਜਲੰਧਰ ਵਿੱਚ ਦੋ ਯੂਨੀਵਰਸਿਟੀਆਂ ਪਿੱਛੋਂ ਤੀਜੀ ਬਣ ਚੱਲੀ ਹੈ, ਲੁਧਿਆਣੇ ਵਿੱਚ ਦੋ ਹਨ, ਪਟਿਆਲੇ, ਅੰਮ੍ਰਿਤਸਰ, ਫਰੀਦਕੋਟ ਤੇ ਫਤਹਿਗੜ੍ਹ ਸਾਹਿਬ ਵਿੱਚ ਇੱਕ-ਇੱਕ, ਜਿੱਥੇ ਇਕੱਠੇ ਪੜ੍ਹਦੇ ਕੁੜੀਆਂ-ਮੁੰਡੇ ਜਦੋਂ ਅਦਾਰੇ ਤੋਂ ਬਾਹਰ ਆਉਂਦੇ ਹਨ ਤਾਂ ਆਪੋ ਵਿੱਚ ਗੱਲਾਂ ਕਰਦੇ ਆਉਂਦੇ ਹਨ। ਕਈ ਵਾਰ ਕਿਸੇ ਕੁੜੀ ਦੇ ਕੋਲ ਜਾਣ ਦਾ ਪ੍ਰਬੰਧ ਨਾ ਹੋਵੇ ਤਾਂ ਨਾਲ ਦਾ ਮੁੰਡਾ ਆਪਣੀ ਕਾਰ ਜਾਂ ਮੋਟਰ ਸਾਈਕਲ ਉੱਤੇ ਉਸ ਨੂੰ ਨਾਲ ਬਿਠਾ ਸਕਦਾ ਹੈ, ਇਸ ਦਾ ਇਹ ਅਰਥ ਕਿਵੇਂ ਲਿਆ ਜਾ ਸਕਦਾ ਹੈ ਕਿ ਉਹ ਚਰਿਤਰਹੀਣ ਹੋ ਗਏ ਹਨ? ਪੰਜਾਬ ਦੇ ਪੜ੍ਹੇ-ਲਿਖੇ ਲੋਕ ਇਸ ਵਿਹਾਰ ਨੂੰ ਮਾਨਤਾ ਕਿਵੇਂ ਦੇ ਸਕਦੇ ਹਨ? ਸਿਰਫ ਕੁਝ ਮੂਰਖ ਹੀ ਇਸ ਤਰ੍ਹਾਂ ਦੀ ਦੋ ਸੌ ਸਾਲ ਪੁਰਾਣੀ ਸੋਚ ਦੀ ਹਾਮੀ ਭਰ ਸਕਦੇ ਹਨ, ਜਿਹੜੇ ਬੇਗਾਨੀ ਧੀ ਨੂੰ ਆਪਣਾ ਮੁੰਡਾ ਲੈ ਆਵੇ ਤਾਂ ਲੁਕਾਉਂਦੇ ਹਨ ਤੇ ਆਪਣੀ ਧੀ ਦੇ ਬਾਰੇ ਝੂਠੀ ਗੱਲ ਵੀ ਸੁਣ ਕੇ ਅਣਖ' ਦੇ ਨਾਂਅ ਉੱਤੇ ਉਸ ਦਾ ਕਤਲ ਕਰਨ ਤੁਰ ਸਕਦੇ ਹਨ। ਕੀ ਪੰਜਾਬ ਇਸ ਮੂਰਖ-ਮੱਤ ਦੀ ਮਾਨਸਿਕਤਾ ਦਾ ਗਵਾਹ ਬਣਨ ਲੱਗਾ ਹੈ? ਪੁਲਸ ਦਾ ਕੰਮ ਲੋਕਾਂ ਨੂੰ ਅਜਿਹਾ ਕਰਨ ਤੋਂ ਰੋਕਣ ਦਾ ਹੈ ਤੇ ਏਥੇ ਇੱਕ ਬੀਬੀ ਇੰਸਪੈਕਟਰੀ ਰੋਅਬ ਵਿੱਚ ਆਪ ਹੀ ਅਖੌਤੀ ਅਣਖ' ਦੀ ਚੌਕੀਦਾਰੀ ਕਰਨ ਤੁਰ ਪਈ।


ਸਵਾਲ ਸਿਰਫ ਇੱਕ ਕੁੜੀ ਜਾਂ ਇੱਕ ਪੁਲਸ ਇੰਸਪੈਕਟਰ ਬੀਬੀ ਦਾ ਨਹੀਂ, ਉਸ ਵਰਤਾਰੇ ਦਾ ਹੈ, ਜਿਹੜਾ ਸਾਡੇ ਗਵਾਂਢ ਦੇ ਦੋ ਦੇਸ਼ਾਂ ਵਿੱਚ ਆਮ ਹੈ। ਪਾਕਿਸਤਾਨ ਵਿੱਚ ਅਣਖ ਦੇ ਨਾਂਅ ਉੱਤੇ ਕਤਲਾਂ ਦੀ ਰਵਾਇਤ ਦੇ ਨਤੀਜੇ ਬੜੇ ਮਾੜੇ ਨਿਕਲ ਰਹੇ ਹਨ। ਇਹ ਰਵਾਇਤ ਦੁਸ਼ਮਣੀਆਂ ਕੱਢਣ ਲਈ ਵੀ ਵਰਤੀ ਜਾਂਦੀ ਹੈ। ਪਾਕਿਸਤਾਨ ਦੇ ਸਰਕਾਰੀ ਟੀ ਵੀ ਨੇ ਕੋਈ ਵੀਹ ਸਾਲ ਪਹਿਲਾਂ ਇੱਕ ਨਾਟਕ ਪੇਸ਼ ਕੀਤਾ ਸੀ ਕਿ ਜ਼ਮੀਨ ਦੇ ਝਗੜੇ ਵਿੱਚ ਇੱਕ ਧਿਰ ਦੂਸਰੀ ਧਿਰ ਦੇ ਦੋ ਬੰਦੇ ਮਾਰ ਦੇਂਦੀ ਹੈ ਤਾਂ ਮਾਰਨ ਵਾਲੀ ਧਿਰ ਦੇ ਆਪਣੇ ਪਰਵਾਰ ਦੀਆਂ ਸਭ ਔਰਤਾਂ ਤੇ ਬੱਚੀਆਂ ਲੁਕਣ ਦੀ ਥਾਂ ਲੱਭ ਰਹੀਆਂ ਹਨ, ਕਿਉਂਕਿ ਉਨ੍ਹਾਂ ਵਿੱਚੋਂ ਇੱਕ ਜਣੀ ਦਾ ਕਤਲ ਕਰਨਾ ਕਾਨੂੰਨੀ ਲੋੜ' ਬਣ ਗਈ ਹੈ। ਲੋੜ ਇਹ ਹੈ ਕਿ ਕਾਨੂੰਨ ਮੁਤਾਬਕ ਜਦੋਂ ਕੋਈ ਅਣਖ ਲਈ ਕਿਸੇ ਦਾ ਕਤਲ ਕਰੇ ਤਾਂ ਸਜ਼ਾ ਨਹੀਂ ਮਿਲਦੀ ਤੇ ਜੇ ਦੂਸਰੀ ਪਾਰਟੀ ਦਾ ਕੋਈ ਬੰਦਾ ਮਾਰ ਕੇ ਆਪਣੇ ਘਰ ਦੀ ਇੱਕ ਔਰਤ ਵੀ ਮਾਰ ਕੇ ਕਹਿ ਦਿੱਤਾ ਜਾਵੇ ਕਿ ਦੋਵਾਂ ਦਾ ਸੰਬੰਧ ਸੀ ਤਾਂ ਇਸ ਨਾਲ ਅਣਖ' ਦਾ ਕੇਸ ਬਣ ਜਾਂਦਾ ਸੀ। ਅਗਲੇ ਦੇਸ਼ ਅਫਗਾਨਿਸਤਾਨ ਵਿੱਚ ਕੁੜੀਆਂ ਨੂੰ ਨੰਗੇ ਮੂੰਹ ਨਿਕਲਣ ਉੱਤੇ ਕੋੜੇ ਮਾਰੇ ਜਾਂਦੇ ਹਨ ਤੇ ਨੱਚਣ ਦੀ ਗੱਲ ਪਤਾ ਲੱਗ ਜਾਵੇ ਤਾਂ ਤਾਲਿਬਾਨ ਆ ਕੇ ਸਾਰੇ ਪਿੰਡ ਦੇ ਸਾਹਮਣੇ ਕਤਲ ਕਰ ਦੇਂਦੇ ਹਨ। ਸਾਡਾ ਪੰਜਾਬ ਤਾਲਿਬਾਨੀ ਵਰਤਾਰੇ ਦਾ ਪੰਜਾਬ ਨਹੀਂ ਹੈ। ਇਹ ਸੱਭਿਅਤਾ ਦੇ ਆਧੁਨਿਕ ਯੁੱਗ ਵਿੱਚ ਦਾਖਲ ਹੋਣ ਤੋਂ ਪਹਿਲਾਂ ਸਵੰਬਰਾਂ ਦਾ ਗਵਾਹ ਵੀ ਰਿਹਾ ਹੈ, ਜਿਨ੍ਹਾਂ ਵਿੱਚ ਧੀਆਂ ਕੋਲ ਮਰਜ਼ੀ ਦਾ ਵਰ ਚੁਣਨ ਦਾ ਹੱਕ ਹੁੰਦਾ ਸੀ।

ਸਵੰਬਰ' ਹਿੰਦੀ ਦੇ ਦੋ ਸ਼ਬਦਾਂ ਸਵਅਮ ਵਰ ਨੂੰ ਜੋੜ ਕੇ ਬਣਿਆ ਹੈ, ਜਿਸ ਵਿੱਚ ਧੀ ਨੂੰ ਆਪਣੀ ਮਰਜ਼ੀ ਦਾ ਵਰ ਸਵਅਮ, ਭਾਵ ਕਿ ਆਪ ਖੁਦ, ਚੁਣਨ ਦਾ ਹੱਕ ਹੁੰਦਾ ਸੀ। ਸੀਤਾ ਨੇ ਕਈ ਰਾਜਕੁਮਾਰਾਂ ਵਿੱਚੋਂ ਇੱਕ ਦੀ ਚੋਣ ਕਰਨੀ ਸੀ ਤਾਂ ਰਾਮ ਨੂੰ ਚੁਣਿਆ ਸੀ। ਦਰੋਪਦੀ ਨੇ ਕਈ ਰਾਜਕੁਮਾਰਾਂ ਦੇ ਮੁਕਾਬਲੇ ਵਿੱਚ ਅਰਜਨ ਨੂੰ ਓਦੋਂ ਚੁਣਿਆ ਸੀ, ਜਦੋਂ ਉਸ ਨੇ ਜ਼ਮੀਨ ਵੱਲ ਵੇਖ ਕੇ ਆਪਣੇ ਸਿਰ ਤੋਂ ਉਤਾਂਹ ਘੁੰਮਦੀ ਮੱਛੀ ਦੀ ਅੱਖ ਵਿੱਚ ਤੀਰ ਮਾਰ ਦਿੱਤਾ ਸੀ। ਚੋਣ ਦਾ ਇਹ ਹੱਕ ਕੁੜੀ ਕੋਲ ਹੁੰਦਾ ਸੀ, ਮੁੰਡਿਆਂ ਕੋਲ ਨਹੀਂ ਸੀ ਹੁੰਦਾ। ਅੱਜ ਸਾਡੇ ਕੁਝ ਲੋਕ, ਕੁਝ ਲੀਡਰ ਤੇ ਕੁਝ ਪੁਲਸ ਵਾਲੇ ਵੀ, ਕੁੜੀਆਂ ਨੂੰ ਕੁੜਿੱਕੀ ਵਿੱਚ ਕੱਸ ਕੇ ਰੱਖਣ ਦੀ ਘਟੀਆ ਮਾਨਸਿਕਤਾ ਦਾ ਸ਼ਿਕਾਰ ਹੋ ਰਹੇ ਹਨ।

ਇਹ ਮਾਨਸਿਕ ਰੋਗ ਸਿਰਫ ਪੰਜਾਬ ਤੱਕ ਸੀਮਤ ਨਹੀਂ, ਸਾਰੇ ਭਾਰਤ ਵਿੱਚ ਇਸ ਦੇ ਆਏ ਦਿਨ ਭੱਦੇ ਪ੍ਰਗਟਾਵੇ ਹੋ ਰਹੇ ਹਨ। ਯੂ ਪੀ ਵਿੱਚ ਇੱਕ ਬਾਹੂਬਲੀ ਐੱਮ ਪੀ ਨੇ ਉਹ ਮੁੰਡਾ ਮਰਵਾ ਦਿੱਤਾ, ਜਿਸ ਨਾਲ ਉਸ ਦੀ ਧੀ ਵਿਆਹ ਕਰਾ ਕੇ ਜੀਵਨ ਗੁਜ਼ਾਰਨਾ ਚਾਹੁੰਦੀ ਸੀ। ਬੰਗਾਲ ਦੇ ਇੱਕ ਉੱਘੇ ਸਰਮਾਏਦਾਰ ਨੇ ਏਦਾਂ ਕੀਤਾ ਸੀ। ਪੰਜਾਬ ਦੀ ਇੱਕ ਮੰਤਰੀ ਰਹਿ ਚੁੱਕੀ ਬੀਬੀ ਏਸੇ ਮਾਨਸਿਕਤਾ ਕਾਰਨ ਕੀਤੇ ਅਪਰਾਧ ਲਈ ਹੁਣ ਜੇਲ੍ਹ ਵਿੱਚ ਬੰਦ ਹੈ। ਇਹ ਸਾਰੇ ਅਕਲ ਦੇ ਪੱਖ ਤੋਂ ਹਾਲੇ ਤੱਕ ਮੱਧ ਯੁੱਗ ਦੇ ਮਾਹੌਲ ਵਿੱਚ ਤੁਰੇ ਫਿਰਦੇ ਹਨ। ਆਪ ਇਹ ਸੱਭਿਆਚਾਰਕ ਸਮਾਗਮਾਂ ਵਿੱਚ ਜਾ ਕੇ ਓਥੇ ਹੀਰ ਗਾਈ ਜਾਂਦੀ ਸੁਣ ਕੇ ਤਾੜੀਆਂ ਮਾਰਦੇ ਤੇ ਗਾਉਣ ਵਾਲਿਆਂ ਦਾ ਸਨਮਾਨ ਕਰਦੇ ਹਨ, ਪਰ ਆਪਣੀ ਵਾਰੀ ਹੀਰ ਤੇ ਰਾਂਝੇ ਦਾ ਪੱਖ ਲੈਣ ਦੀ ਥਾਂ ਚੂਚਕ ਦੀ ਮਾਸੀ ਦੇ ਪੁੱਤਰ ਬਣ ਜਾਂਦੇ ਹਨ, ਜਿਸ ਨੇ ਸਿਰਫ ਪਿਆਰ ਦਾ ਗੁਨਾਹ ਕਰਨ ਬਦਲੇ ਆਪਣੀ ਧੀ ਦਾ ਮੌਤ ਤੱਕ ਪਿੱਛਾ ਨਹੀਂ ਸੀ ਛੱਡਿਆ। ਉਹੋ ਮਾਨਸਿਕਤਾ ਸਾਡੇ ਪੰਜਾਬ ਤੇ ਭਾਰਤ ਦੀ ਪੁਲਸ ਵਿੱਚ ਕੁਝ ਲੋਕਾਂ ਦੇ ਸਿਰ ਨੂੰ ਚੜ੍ਹਦੀ ਜਾ ਰਹੀ ਹੈ, ਜਿਸ ਦਾ ਪ੍ਰਗਟਾਵਾ ਕਦੇ ਮੇਰਠ ਵਿੱਚ ਹੋ ਜਾਂਦਾ ਹੈ, ਕਦੇ ਮੁੰਬਈ ਦੇ ਕਿਸੇ ਪਾਰਕ ਵਿੱਚ ਤੇ ਕਦੇ ਕੋਈ ਬਲਵਿੰਦਰ ਕੌਰ ਜਲੰਧਰ ਵਿੱਚ ਕਹਿਰ ਦਾ ਕਾਰਨ ਬਣ ਜਾਂਦੀ ਹੈ।

ਸਿਰਫ ਪੁਲਸ ਵਾਲੇ ਨਹੀਂ, ਏਥੇ ਕੁਝ ਆਪੇ ਬਣੇ ਸੱਭਿਆਚਾਰ ਦੇ ਠੇਕੇਦਾਰ ਵੀ ਗਾਹੇ-ਬਗਾਹੇ ਰੈਸਟੋਰੈਂਟਾਂ ਜਾਂ ਪਾਰਕਾਂ ਵਿੱਚ ਜਾ ਕੇ ਮੁੰਡੇ-ਕੁੜੀਆਂ ਨੂੰ ਕੁਟਾਪਾ ਚਾੜ੍ਹ ਦੇਂਦੇ ਹਨ। ਪਿੱਛੇ ਜਿਹੇ ਬੰਗਲੌਰ ਵਿੱਚ ਇੱਕ ਇਹੋ ਜਿਹੀ ਸੰਸਥਾ ਦੇ ਹੁੜਦੰਗ ਮਚਾਉਣ ਵਾਲੇ ਟੋਲੇ ਨੇ ਇੱਕ ਪਾਰਕ ਵਿੱਚ ਜਾ ਕੇ ਜਿਨ੍ਹਾਂ ਲੋਕਾਂ ਨੂੰ ਆਸ਼ਕ ਕਹਿ ਕੇ ਕੁਟਾਪਾ ਚਾੜ੍ਹ ਦਿੱਤਾ, ਉਨ੍ਹਾਂ ਵਿੱਚ ਲੇਟ ਹੋਈ ਰੇਲ ਗੱਡੀ ਦੀ ਉਡੀਕ ਵਿੱਚ ਸਮਾਂ ਗੁਜ਼ਾਰਨ ਬੈਠੇ ਸਕੇ ਭੈਣ-ਭਰਾ ਵੀ ਸ਼ਾਮਲ ਸਨ ਤੇ ਮੇਰਠ ਵਿੱਚ ਆਸ਼ਕ ਕਹਿ ਕੇ ਥਾਣੇ ਲਿਆਂਦੇ ਗਏ ਲੋਕਾਂ ਵਿੱਚ ਇੱਕ ਪਤੀ-ਪਤਨੀ ਕੁੱਟੇ ਗਏ ਸਨ। ਓਥੇ ਵੀ ਪੁਲਸ ਦੀ ਇੱਕ ਅਫਸਰ ਬੀਬੀ ਬਾਅਦ ਵਿੱਚ ਇਸ ਨੂੰ ਸਹਿਵਨ ਹੋਈ ਭੁੱਲ ਕਹਿ ਕੇ ਖਹਿੜਾ ਛੁਡਾਉਂਦੀ ਫਿਰਦੀ ਸੀ।

ਸਾਨੂੰ ਇਹ ਲਿਖਦੇ ਹੋਏ ਖੁਸ਼ੀ ਨਹੀਂ ਹੋ ਰਹੀ ਕਿ ਇਨ੍ਹਾਂ ਹਰਕਤਾਂ ਵਿੱਚ ਸਾਡਾ ਮੀਡੀਆ ਵੀ ਇੱਕ ਹੱਦ ਤੱਕ ਦੋਸ਼ੀ ਹੈ। ਉਹ ਖਬਰ ਦੀ ਝਾਕ ਵਿੱਚ ਇਹੋ ਜਿਹੇ ਹੁੜਦੰਗੀਆਂ ਨਾਲ, ਭਾਵੇਂ ਉਹ ਕਿਸੇ ਸੰਸਥਾ ਵਾਲੇ ਹੋਣ ਜਾਂ ਪੁਲਸ ਵਾਲੇ, ਕਈ ਵਾਰ ਤਾਲਮੇਲ ਰੱਖਦਾ ਹੈ। ਇੰਸਪੈਕਟਰ ਬੀਬੀ ਇਹੋ ਜਿਹੀ ਮੁਹਿੰਮ ਉੱਤੇ ਜਾਣ ਵੇਲੇ



**ਅਲਵਿਦਾ ਆਪਣੇ ਆਪ ਨੂੰ ਕਰਨ ਨਾਲੋਂ ਉਸ ਸਮਾਜ ਨੂੰ ਅਲਵਿਦਾ ਕਰਨ ਦੀ ਜ਼ਰੂਰਤ ਸੀ ਜਿਸ ਸਮਾਜ ਵਿਚ ਗੈਰ ਮਾਨਵੀ ਵਿਵਹਾਰ ਛਾਇਆ ਹੋਇਆ ਹੈ। ਅਜਿਹੇ ਸਮਾਜ ਖਿਲਾਫ਼ ਖੜ੍ਹੇ ਹੋਣ ਲਈ ਜ਼ਰੂਰੀ ਸੀ ਕਿ ਆਪਣੇ ਆਪ ਨੂੰ ਹੋਰ ਚੁਣੌਤੀਆਂ ਸੰਗ ਜੁਝਾਰੂ ਬਣਾਇਆ ਜਾਂਦਾ ਅਤੇ ਜ਼ਿੰਦਗੀ ਦੇ ਆਪਣੇ ਸੁਪਨਮਈ ਵਿਚਾਰਾਂ ਨੂੰ ਅਗਾਂਹ ਤੋਰਿਆ ਜਾਂਦਾ ਪਰ ਘਟਨਾਵਾਂ ਦੇ ਸਿਲਸਿਲੇ ਨੇ ਸਿਵਾਲੀ ਨੂੰ ਇਸ ਹੱਦ ਤੱਕ ਘੇਰ ਲਿਆ ਕਿ ਇਸ ਨੇ ਇਸ ਸਮਾਜ ਵਿਚੋਂ ਅਲਵਿਦਾ ਹੋਣ ਦਾ ਫੈਸਲਾ ਕਰ ਲਿਆ ਜਿਸ ਨਾਲ ਕਈ ਕਿਸਮ ਦੇ ਸਮਾਜ ਉਤੇ ਸਵਾਲ ਅੰਕਿਤ ਹੋ ਗਏ ਕਿ ਇਕੀਵੀਂ ਸਦੀ ਵਿਚ ਵੀ ਸਮਾਜਿਕ ਮਸਲਿਆਂ ਉਪਰ ਤਾਲਿਬਾਨੀ ਕਿਸਮ ਦੇ ਵਿਵਹਾਰ ਭਾਰੂ ਹਨ।**

ਮੀਡੀਏ ਦੀ ਟੀਮ ਨੂੰ ਇੰਜ ਨਾਲ ਲੈ ਕੇ ਗਈ, ਜਿਵੇਂ ਪ੍ਰਧਾਨ ਮੰਤਰੀ ਗੁੱਟ ਨਿਰਲੇਪ ਦੇਸ਼ਾਂ ਦੇ ਸਮਾਗਮ ਵਿੱਚ ਚੱਲਿਆ ਹੋਵੇ। ਕੁਝ ਮੀਡੀਏ ਵਾਲੇ ਵੀ ਆਪਣੀਆਂ ਹੱਦਾਂ ਉਲੰਘਣ ਵਿੱਚ ਸੰਕੋਚ ਨਹੀਂ ਕਰਦੇ। ਹਾਲੇ ਪਿਛਲੇ ਮਹੀਨੇ ਅਸੀਂ ਆਸਾਮ ਵਿੱਚ ਇੱਕ ਥਾਂ ਇੱਕ ਕੁੜੀ ਨਾਲ ਕੁਝ ਮੁਸ਼ਟੰਡਿਆਂ ਵੱਲੋਂ ਹੋਈ ਬਦਤਮੀਜ਼ੀ ਦੀਆਂ ਤਸਵੀਰਾਂ ਟੀ ਵੀ ਸਕਰੀਨਾਂ ਉੱਤੇ ਵੇਖੀਆਂ ਤਾਂ ਪਿੱਛੋਂ ਇਹ ਵੀ ਪਤਾ ਲੱਗ ਗਿਆ ਕਿ ਮੀਡੀਏ ਵਾਲਾ ਕੈਮਰਾਮੈਨ ਖਬਰ ਦੀ ਝਾਕ ਵਿੱਚ ਆਪ ਇਹ ਕੁਝ ਹੁੰਦਾ ਰਹਿਣ ਵਿੱਚ ਦਿਲਚਸਪੀ ਰੱਖਦਾ ਸੀ ਤੇ ਜਦੋਂ ਸਾਰਾ ਕੁਝ ਵਾਪਰਦਾ ਰਿਕਾਰਡ ਕਰ ਲਿਆ, ਫਿਰ ਪੁਲਸ ਨੂੰ ਸੂਚਨਾ ਦੇਣ ਦੀ ਜ਼ਿਮੇਵਾਰੀ ਨਿਭਾਉਣ ਤੁਰ ਪਿਆ ਸੀ। ਜਾਂਚ ਪਿੱਛੋਂ ਉਸ ਦੇ ਖਿਲਾਫ ਵੀ ਕੇਸ ਬਣਿਆ ਹੈ। ਜੇ ਕਿਸੇ ਨੂੰ ਪੁਲਸ ਵਾਲੇ ਰੋਕ ਕੇ ਉਸ ਦੀ ਝਾੜ-ਝੰਬ ਕਰਦੇ ਹਨ, ਇਸ ਨਾਲ ਉਹ ਵਿਅਕਤੀ ਦੋਸ਼ੀ ਨਹੀਂ ਬਣ ਜਾਂਦਾ ਤੇ ਜਦੋਂ ਤੱਕ ਕੋਈ ਦੋਸ਼ੀ ਸਾਬਤ ਨਾ ਹੋ ਜਾਵੇ, ਉਸ ਦੀ ਪਛਾਣ ਮੀਡੀਏ ਵਿੱਚ ਜ਼ਾਹਰ ਕਰਨੀ ਵੀ ਇੱਕ ਜੁਰਮ ਹੈ, ਪਰ ਸਾਡੇ ਕਈ ਭਾਈਬੰਦ ਇਹ ਕੰਮ ਵੀ ਕਰ ਰਹੇ ਹਨ। ਇਸ ਤਰ੍ਹਾਂ ਆਪਣਾ ਜਲੂਸ ਕੱਢੇ ਜਾਣ ਪਿੱਛੋਂ ਕੋਈ ਵੀ ਇਨਸਾਨ ਖੁਦਕੁਸ਼ੀ ਕਰਨ ਤੱਕ ਪਹੁੰਚ ਸਕਦਾ ਹੈ।

ਮੀਡੀਏ ਵਾਲੇ ਹੋਣ ਜਾਂ ਪੁਲਸ ਦੇ ਬਲਵਿੰਦਰ ਕੌਰ ਵਰਗੇ ਵਰਦੀ ਵਾਲੇ ਕਾਰਿੰਦੇ ਹੋਣ, ਉਨ੍ਹਾਂ ਨੂੰ ਇੱਕ ਸਵਾਲ ਦਾ ਜਵਾਬ ਦੇਣਾ ਚਾਹੀਦਾ ਹੈ ਕਿ ਕੀ ਉਨ੍ਹਾਂ ਨੂੰ ਪਤਾ ਹੈ ਕਿ ਭਾਰਤ ਵਿੱਚ ਹੁਣ ਲਿਵ ਇਨ ਰਿਲੇਸ਼ਨਸ਼ਿਪ' ਵੀ ਕਾਨੂੰਨ ਦੀ ਮਾਨਤਾ ਪ੍ਰਾਪਤ ਕਰ ਚੁੱਕੀ ਹੈ? ਇਸ ਦਾ ਅਰਥ ਇਹ ਹੁੰਦਾ ਹੈ ਕਿ ਉਹ ਵਿਆਹ ਤੋਂ ਬਿਨਾਂ ਸੰਬੰਧ ਰੱਖ ਸਕਦੇ ਹਨ। ਜਦੋਂ ਕਾਨੂੰਨ ਕਿਸੇ ਦੋ ਜਣਿਆਂ ਨੂੰ ਵਿਆਹ ਤੋਂ ਬਿਨਾਂ ਇਕੱਠੇ ਰਹਿਣ ਤੇ ਸੰਬੰਧ ਰੱਖਣ ਤੱਕ ਦੀ ਆਗਿਆ ਦੇ ਰਿਹਾ ਹੈ ਤਾਂ ਦੋ ਜਣਿਆਂ ਨੂੰ ਇਕੱਠੇ ਤੁਰੇ ਜਾਂਦਿਆਂ ਵੇਖ ਕੇ ਉਨ੍ਹਾਂ ਨੂੰ ਚਰਿਤਰ ਦੇ ਮਾੜੇ ਸਮਝ ਕੇ ਪੁੱਛਗਿੱਛ ਕਰਨ ਦਾ ਠੇਕਾ ਕਿਸੇ ਨੂੰ ਕਿਵੇਂ ਮਿਲ ਸਕਦਾ ਹੈ? ਇਹ ਪਤਾ ਹੁੰਦਾ ਹੈ ਕਿ ਅਡਲਟ ਜਾਂ ਬਾਲਗ ਦੀ ਉਮਰ ਨੂੰ ਪਹੁੰਚ ਚੁੱਕੇ ਇਹ ਮੁੰਡਾ ਤੇ ਕੁੜੀ ਇਕੱਠੇ ਤੁਰੇ ਜਾਣ ਤਾਂ ਕਾਨੂੰਨ ਦੀ ਕੋਈ ਉਲੰਘਣਾ ਨਹੀਂ ਹੁੰਦੀ, ਫਿਰ ਵੀ ਉਨ੍ਹਾਂ ਦੀ ਫੋਟੋ ਛਾਪ ਕੇ ਉਨ੍ਹਾਂ ਦੇ ਮਾਂ-ਬਾਪ ਨੂੰ ਚਿੜਾਉਣ ਦਾ ਕਾਰਨ ਪੈਦਾ ਕੀਤਾ ਜਾਂਦਾ ਹੈ, ਜਿਸ ਦੇ ਕਈ ਵਾਰ ਮਾੜੇ ਨਤੀਜੇ ਨਿਕਲਦੇ ਹਨ। ਆਪਣੇ ਮਨ ਨੂੰ ਲੱਗੀ ਸੱਟ ਜਾਂ ਫੋਟੋ ਵੇਖ ਕੇ ਕਿਸੇ ਵੱਲੋਂ ਮਾਰੇ ਗਏ ਮਿਹਣੇ ਕਾਰਨ ਉਨ੍ਹਾਂ ਦੇ ਮਾਂ-ਬਾਪ ਕੋਈ ਵੀ ਕਦਮ ਪੁੱਟ ਸਕਦੇ ਹਨ। ਤੂੰ ਕੌਣ, ਮੈਂ ਖਾਹ-ਮਖਾਹ' ਦਾ ਇਹ ਵਰਤਾਰਾ ਬੰਦ ਹੋਣਾ ਚਾਹੀਦਾ ਹੈ। ਸਾਨੂੰ ਅਫਸੋਸ ਹੈ ਕਿ ਚਾਰ ਕੁ ਜਣਿਆਂ ਦੀ ਬਦਤਮੀਜ਼ੀ ਨਾਲ ਇੱਕ ਕੁੜੀ ਦੀ ਜਾਨ ਜਾਂਦੀ ਰਹੀ ਤੇ ਉਸ ਦੇ ਮਾਂ-ਬਾਪ ਨੂੰ ਮਾਨਸਿਕ ਪੀੜ ਭੁਗਤਣੀ ਪਈ ਹੈ। ਇਹ ਪੀੜ ਹੁਣ ਹੋਰਨਾਂ ਬੱਚਿਆਂ ਤੇ ਉਨ੍ਹਾਂ ਦੇ ਮਾਪਿਆਂ ਨੂੰ ਪਹੁੰਚਣ ਤੋਂ ਬਚਿਆ ਜਾਣਾ ਚਾਹੀਦਾ ਹੈ।

# ਆਮ ਸਿੱਖ ਦੇ ਵਿਚਾਰ ਬੌਧਿਕ ਦੁਨੀਆ ਦੇ ਪ੍ਰਸੰਗ 'ਚ




ਜਿਸ ਪੱਧਰ 'ਤੇ ਪੰਜਾਬ ਅੰਦਰ ਸਿੱਖੀ ਦੀ ਜੀਵਨ ਜਾਚ ਅਤੇ ਵਿਚਾਰਧਾਰਾ ਨੂੰ ਆਧੁਨਿਕ ਸਮਿਆਂ ਦੇ ਅੰਗ-ਸੰਗ ਵਿਕਸਿਤ ਕਰਨ ਦੀ ਜ਼ਰੂਰਤ ਹੈ ਕਿਉਂਕਿ ਜਿਸ ਕਿਸਮ ਦਾ ਖਜ਼ਾਨਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਛੁਪਿਆ ਹੋਇਆ ਹੈ ਉਸ ਦੀ ਖਜ਼ਾਨੇ ਦੀ ਹਰੇਕ ਪਰਤ ਨੂੰ ਫਰੋਲਣਾ ਇਕ ਲੰਬਾ ਕਾਰਜ ਹੈ ਪ੍ਰੰਤੂ ਫਿਰ ਵੀ ਜਿਸ ਕਦਰ ਬੌਧਿਕ ਹਲਕਿਆਂ ਵਿਚ ਵਿਚਾਰਾਂ ਦੇ ਪੱਧਰ 'ਤੇ ਵੱਖ-ਵੱਖ ਸਿੱਖ ਪ੍ਰੰਪਰਾਵਾਂ ਅਤੇ ਰਵਾਇਤਾਂ ਦੀਆਂ ਮਿਸਾਲਾਂ ਨੂੰ ਆਧੁਨਿਕ ਸਮਿਆਂ ਦੀਆਂ ਚੁਣੌਤੀਆਂ ਦੇ ਪ੍ਰਸੰਗ ਵਿਚ ਪ੍ਰਸਤੁਤ ਕੀਤਾ ਜਾਂਦਾ ਹੈ ਉਹ ਆਪਣੇ ਆਪ 'ਚ ਹੀ ਮੁਲਵਾਨ ਹੈ ਕਿਉਂਕਿ ਆਧੁਨਿਕ ਮਨੁੱਖ ਪੂੰਜੀ ਦੇ ਚਲਨ ਢੰਗ ਦਾ ਭੰਨਿਆ ਹੋਇਆ ਅੰਦਰੋ-ਅੰਦਰੀ ਖਤਮ ਹੁੰਦਾ ਜਾ ਰਿਹਾ ਹੈ। ਉਸ ਦੀ ਬੌਧਿਕ ਕੰਗਾਲੀ ਵਧਦੀ ਜਾ ਰਹੀ ਹੈ। ਉਸ ਤੋਂ ਨਜ਼ਾਕਤ ਦਿਵਾਉਣ ਲਈ ਸ਼ਾਨਦਾਰ ਇਤਿਹਾਸ ਦੇ ਪੰਨਿਆਂ ਨੂੰ ਸੁਮਿਲਤ ਕਰਨਾ ਅਤੇ ਉਨ੍ਹਾਂ ਨੂੰ ਉਸ ਦੇ ਬੌਧਿਕ ਵਿਕਾਸ ਲਈ ਵਰਤੋਂ ਵਿਚ ਲੈ ਕੇ ਆਉਣਾ ਸਮੇਂ ਦੀ ਅਣਸਰਦੀ ਲੋੜ ਹੈ।

**ਬਲਜਿੰਦਰ ਸਿੰਘ**

ਇਤਿਹਾਸਕਾਰੀ ਕੋਈ ਅਜਿਹੀ ਬੇਜਾਨ ਚੀਜ਼ ਨਹੀਂ ਕਿ ਉਸ ਨੂੰ ਬੀਤੇ ਦਾ ਕਹਿ ਕੇ ਪਰ੍ਹੇ ਕਰ ਦਿੱਤਾ ਜਾਵੇ। ਇਤਿਹਾਸ ਚੇਤਿਆਂ ਜਾਂ ਅਚੇਤਿਆਂ ਵਿਚ ਲਗਾਤਾਰ ਕਿਸੇ ਨਾ ਕਿਸੇ ਰੂਪ ਵਿਚ ਕਿਰਿਆਸ਼ੀਲ ਰਹਿੰਦਾ ਹੈ ਜਿਸ ਕਿਸਮ ਨਾਲ ਪੰਜਾਬ ਦੇ ਹਰੇਕ ਆਮ ਸਾਧਾਰਨ ਇਨਸਾਨ ਵਿਚ ਸਿੱਖੀ ਸਮੋਈ ਹੋਈ ਹੈ ਉਹ ਉਸ ਦੇ ਅੰਦਰਲੇ ਹਿੱਸਿਆਂ ਜਿਨ੍ਹਾਂ ਨੇ ਉਸ ਨੂੰ ਨੈਤਿਕ ਅਤੇ ਰੂਹਾਨੀਅਤ ਦਾ ਬਲ ਬਖਸ਼ਿਆ ਹੋਇਆ ਹੈ ਜਿਹੜੇ ਉਸ ਨੂੰ ਇਕ ਅਜਿਹੇ ਸ਼ਬਦਾਂ ਦੀ ਪੁੱਠ ਚਾੜ੍ਹਦਾ ਹੈ ਜਿਹੜਾ ਉਸ ਦੇ ਅੰਦਰ ਇਕ ਨਵੀਂ ਕਿਸਮ ਦੀ ਸ਼ਕਤੀ ਨੂੰ ਉਤਪੰਨ ਕਰਦਾ ਹੈ। ਉਸ ਨੂੰ ਇਤਿਹਾਸ ਦੇ ਪਾਤਰਾਂ ਨੂੰ ਯਾਦ ਕਰਵਾਉਂਦਾ ਹੈ ਜਿਨ੍ਹਾਂ ਨੇ ਔਖੀਆਂ ਅਤੇ ਸੰਕਟਮਈ ਸਥਿਤੀਆਂ ਨਾਲ ਜੂਝਦਿਆਂ ਹੋਇਆਂ ਆਪਣੇ ਆਪ ਨੂੰ ਇਸ ਤਰ੍ਹਾਂ ਵਿਕਸਿਤ ਕਰ ਲਿਆ ਸੀ ਕਿ ਨਾ ਕਿਸੇ ਦੀ ਜਾਤ ਪਹਿਚਾਣੀ ਜਾਂਦੀ ਸੀ ਅਤੇ ਨਾ ਹੀ ਕਿਸੇ ਨਾਲ ਆਰਥਿਕ ਵਿਤਕਰਾ ਕੀਤਾ ਜਾਂਦਾ ਸੀ ਬਲਕਿ ਖਾਲਸਾਈ ਕਿਸਮ ਦਾ ਅਜਿਹਾ ਸਾਂਝਾ ਪੰਥ ਉਸਾਰਿਆ ਗਿਆ ਜਿਸ ਵਿਚੋਂ ਇਕ ਨਵੀਂ ਕਿਰਨ ਉਸ ਨੂੰ ਦਿਖਾਈ ਦਿੱਤੀ ਕਿ ਮੈਂ ਏਨੀ ਸ਼ਾਨਦਾਰ ਵਿਰਾਸਤ ਦਾ ਮਾਲਕ ਹਾਂ ਮੇਰੇ ਅੰਦਰ ਅਜਿਹਾ ਦੁਨੀਆ ਭਰ ਦੇ ਅਜੋਕੇ ਚੁਣੌਤੀਆਂ ਭਰੇ ਸਮਿਆਂ ਨੂੰ ਸਾਕਾਰ ਕਰਨ ਦਾ ਰਸਤਾ ਦੇਣ ਵਾਲੀ ਸ਼ਕਤੀ ਹੈ ਜਿਸ ਦੇ ਸਹਾਰੇ ਮੈਂ ਆਧੁਨਿਕ ਔਖੀਆਂ ਘੜੀਆਂ ਨੂੰ ਵੀ ਪਾਰ ਕਰ ਸਕਦਾ ਹਾਂ। ਇਹ ਤਾਂ ਸਮਾਂ ਹੀ ਉਨ੍ਹਾਂ ਸਮਿਆਂ ਨਾਲੋਂ ਕਈ ਗੁਣਾਂ ਫਿਰ ਵੀ ਬੇਹਤਰ ਹਨ। ਉਹ ਉਹ ਸਮੇਂ ਸੀ ਜਦੋਂ ਰਾਤਾਂ ਤੇ ਦਿਨ ਵੀ ਜੰਗਲਾਂ ਵਿਚ ਗੁਜ਼ਾਰਨਾ ਪੈਂਦੇ ਸੀ ਪਰ ਹੌਸਲੇ ਬੁਲੰਦ ਰਹਿੰਦੇ ਸੀ ਕਿ ਅਸੀਂ ਇਕ ਦਿਨ ਜ਼ਰੂਰ ਜਿੱਤਾਂਗੇ ਅਤੇ ਇਸ ਧਰਤੀ 'ਤੇ ਇਕ ਨਵੀਂ ਕਿਸਮ ਦਾ ਝੰਡਾ ਗੱਡਾਂਗੇ ਜਿਸ ਵਿਚ ਬਰਾਬਰਤਾ ਵਾਲੇ ਸਮਾਜ ਦੀ ਹਰੇਕ ਵੰਨਗੀ ਹੋਵੇਗੀ। ਇਨ੍ਹਾਂ ਵਿਚਾਰਾਂ ਨੂੰ ਬੌਧਿਕਤਾ ਦੇ ਪੱਧਰ 'ਤੇ ਮੁੜ ਤੋਰਨ ਦੀ ਪ੍ਰਕਿਰਿਆ ਦੇ ਅੰਗ-ਸੰਗ ਸੈਮੀਨਾਰਾਂ ਅਤੇ ਵਿਚਾਰ ਚਰਚਾਵਾਂ ਦੀ ਮੁੜ ਜ਼ਰੂਰਤ ਜਾਪ ਰਹੀ ਹੈ। ਉਸ ਜ਼ਰੂਰਤ ਦੀ ਪੂਰਤੀ ਆਧੁਨਿਕ ਤਕਨੀਕਾਂ ਦੇ ਰਾਹੀਂ ਵੀ ਹਾਸਲ ਕੀਤੀ ਜਾ ਸਕਦੀ ਹੈ।

ਜਿਸ ਪੱਧਰ 'ਤੇ ਵਿਸ਼ਵ ਦੇ ਪੈਮਾਨੇ 'ਤੇ ਚਿੰਤਨ ਪ੍ਰਣਾਲੀ ਦੀ ਪ੍ਰਕਿਰਿਆ ਵਿਚ ਇਕ ਵਾਰੀ ਖੜੋਤ ਆ ਗਈ ਸੀ ਉਸ ਤੋਂ ਉਭਰਨ ਲਈ ਸਮੇਂ-ਸਮੇਂ 'ਤੇ ਇਤਿਹਾਸ ਦੇ ਸ਼ਾਨਦਾਰ ਪੰਨਿਆਂ ਉਪਰ ਝਾਤੀ ਮਾਰੀ ਜਾਂਦੀ ਹੈ ਤਾਂ ਕਿ ਇਹ ਗੱਲ ਨਿਤਾਰੀ ਜਾ ਸਕੇ ਕਿ ਇਤਿਹਾਸ ਦੇ ਵਿਚ ਅਜਿਹੇ ਕਿਹੜੇ ਸੰਕਟ ਆਏ ਸੀ ਅਤੇ ਉਨ੍ਹਾਂ ਸੰਕਟਾਂ 'ਚੋਂ ਸਮੁੱਚੇ ਸਮਾਜ ਨੂੰ ਬਾਹਰ ਕੱਢਣ ਲਈ ਕੀ ਕਾਰਜ ਕੀਤੇ ਗਏ ਸੀ। ਇਸ ਦਾ ਸਮੁੱਚਾ ਲੇਖਾ-ਜੋਖਾ ਬੌਧਿਕ ਪ੍ਰੰਪਰਾ ਦਾ ਵੱਡਾ ਸਰੋਕਾਰ ਰਿਹਾ ਹੈ। ਪ੍ਰੰਤੂ ਫਿਰ ਵੀ ਜਿਸ ਕਿਸਮ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਵੱਲੋਂ ਸਿੱਖ ਮਿਸ਼ਨਰੀ ਕਾਲਜ (ਰਜਿ) ਲੁਧਿਆਣਾ ਦੇ ਸਹਿਯੋਗ ਨਾਲ ਦੋ ਰੋਜ਼ਾ ਕੌਮੀ ਸੈਮੀਨਾਰ ਦੌਰਾਨ 200 ਤੋਂ ਵੱਧ ਵਿਦਵਾਨਾਂ, ਖੋਜਾਰਥੀਆਂ ਅਤੇ ਵਿਦਿਆਰਥੀਆਂ ਨੇ ਨਿੱਠ ਕੇ ਵਿਚਾਰ ਚਰਚਾ ਵਿਚ ਹਿੱਸਾ ਹੀ ਨਹੀਂ ਲਿਆ ਹੈ ਬਲਕਿ ਹਰੇਕ ਪਹਿਲੂ ਨੂੰ ਬੜੀ ਨੀਝ ਨਾਲ ਸੁਣਿਆ ਅਤੇ ਵਾਚਿਆ ਅਤੇ ਭਵਿੱਖ ਲਈ ਕਿਸੇ ਨਾ ਕਿਸੇ ਬੌਧਿਕ ਪ੍ਰੰਪਰਾ ਨੂੰ ਵਿਕਸਿਤ ਕਰਨ ਲਈ ਆਪਣਾ ਕਾਰਜ ਖੇਤਰ ਬਣਾਉਣ ਦਾ ਅਚੇਤ ਰੂਪ ਵਿਚ ਫੈਸਲਾ ਵੀ ਕੀਤਾ।

ਸਮੁੱਚੇ ਸੈਮੀਨਾਰ ਸਬੰਧੀ ਜਾਣਕਾਰੀ ਪ੍ਰਦਾਨ ਕਰਦਿਆਂ ਵਿਭਾਗ ਦੇ ਮੁਖੀ ਅਤੇ ਪ੍ਰੋਫੈਸਰ ਡਾ. ਸਰਬਜਿੰਦਰ ਸਿੰਘ ਨੇ ਕਿਹਾ ਕਿ ਆਧੁਨਿਕ ਸਮਾਜਿਕ ਚੁਣੌਤੀਆਂ ਦੇ ਪ੍ਰਸੰਗ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਮਾਨਵਤਾ ਨੂੰ ਦੇਣ ਦਾ ਸਵਾਲ ਮੁੜ ਉਭਰਵੇਂ ਰੂਪ ਵਿਚ ਸਮੁੱਚੇ ਅਕਾਦਮਿਕ ਅਤੇ ਸਮਾਜਿਕ ਹਿੱਸਿਆਂ ਵਿਚ ਸਿਧਾਂਤਕ ਅਤੇ ਬੌਧਿਕ ਤੌਰ 'ਤੇ ਪ੍ਰਫੁੱਲਿਤ ਕਰਨ ਦੀ ਜ਼ਰੂਰਤ ਹੈ। ਉਨ੍ਹਾਂ ਵਿਸ਼ੇਸ਼ ਜ਼ਿਕਰ ਕੀਤਾ ਕਿ ਇਸ ਕਾਰਜ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਅੰਦਰ ਬੇਅੰਤ ਕਿਸਮ ਦੀਆਂ ਅੰਤਰ ਦ੍ਰਿਸ਼ਟੀਆਂ ਹਨ। ਇਨ੍ਹਾਂ ਅੰਤਰ ਦ੍ਰਿਸ਼ਟੀਆਂ ਨੂੰ ਆਧੁਨਿਕ ਬੌਧਿਕ ਪਰੰਪਰਾਵਾਂ ਨਾਲ ਸੁਮਿਲਿਤ ਕਰਕੇ ਹੋਰ ਪ੍ਰਫੁੱਲਿਤ ਕਰਨ ਦੀ ਜ਼ਰੂਰਤ ਹੈ।

ਜਿਸ ਪੱਧਰ 'ਤੇ ਸਿੱਖ ਚਿੰਤਨ ਅਤੇ ਬੌਧਿਕ ਪ੍ਰੰਪਰਾ ਨੂੰ ਡਾ. ਜਸਪਾਲ ਸਿੰਘ ਵਾਈਸ ਚਾਂਸਲਰ ਪੰਜਾਬੀ ਯੂਨੀਵਰਸਿਟੀ ਪਟਿਆਲਾ ਸਮਝਦੇ ਹਨ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੰਵੇਦਨਸ਼ੀਲ ਪੱਖਾਂ ਨੂੰ ਬੜੀ ਹਲੀਮੀ ਤੋਂ ਲੈ ਕੇ ਵਿਸ਼ਵੀ ਪੱਧਰ ਤੱਕ ਦੇ ਚਿੰਤਨ ਪ੍ਰਕਿਰਿਆ ਦੇ ਪ੍ਰਸੰਗਾਂ ਨਾਲ ਜੋੜਦੇ ਹਨ। ਉਨ੍ਹਾਂ ਦੀ ਧਾਰਨਾ ਹੈ ਕਿ ਸਾਡੇ ਇਸ ਅਮੀਰ ਖਜ਼ਾਨੇ ਵਿਚ ਅਜਿਹੇ ਵਿਸ਼ਵੀ ਵਿਕਾਸ ਅਤੇ ਭਵਿੱਖਮਈ ਵਿਚਾਰ ਸਮੋਏ ਹੋਏ ਹਨ ਜਿਹੜੇ ਸਮੁੱਚੀ ਜੀਵਨ ਜਾਤੀ ਲਈ ਮੁੱਲਵਾਨ ਰਸਤੇ ਪ੍ਰਦਾਨ ਕਰਦੇ ਹਨ। ਉਨ੍ਹਾਂ ਦੀ ਧਾਰਨਾ ਹੈ ਕਿ ਜਿਸ ਕਿਸਮ ਨਾਲ ਵਿਸ਼ਵੀ ਸਮਾਜਿਕ ਤੇ ਸਭਿਆਚਾਰਕ ਸਰੋਕਾਰਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਨੇ ਆਪਣੇ ਅੰਦਰ ਸਮੋਇਆ ਹੋਇਆ ਹੈ ਉਹ ਉਨ੍ਹਾਂ ਸਮਿਆਂ ਵਿਚ ਇਕ ਸਭਿਆਚਾਰਕ ਕ੍ਰਾਂਤੀ ਦਾ ਰੂਪ ਧਾਰਨ ਕਰ ਗਈ ਸੀ ਅਤੇ ਭਵਿੱਖ ਇਸ ਕਿਸਮ ਦੀਆਂ ਅੰਦਰ ਦ੍ਰਿਸ਼ਟੀਆਂ ਵਿਕਸਿਤ ਕਰਨ ਦੀ ਜ਼ਰੂਰਤ ਹੈ ਅਤੇ ਉਨ੍ਹਾਂ ਰਾਹੀਂ ਗੁਰਬਾਣੀ ਦੇ ਹਰ ਪ੍ਰਵਚਨ ਨੂੰ ਵਾਚਣ ਦੀ ਜ਼ਰੂਰਤ ਹੈ ਕਿ ਇਸ ਪ੍ਰਤੀ ਕਾਰਜ ਕਰਨਾ ਮਾਨਵਤਾ ਦੇ ਸਮੁੱਚੇ ਭਲੇ ਵੱਲ ਨੂੰ ਕਦਮ ਪੁੱਟਣ ਸਮਾਨ ਹੈ।

ਸਿੱਖ ਵਿਦਵਾਨ ਡਾ. ਬਲਕਾਰ ਸਿੰਘ ਹੋਰਾਂ ਦੀ ਧਾਰਨਾ ਸੀ ਕਿ ਜਿਸ ਕਿਸਮ ਨਾਲ ਅਜੋਕੇ ਸਮੇਂ ਵਿਚ ਮਨੁੱਖ ਸਮਾਜਿਕ, ਸਭਿਆਚਾਰਕ, ਆਰਥਿਕ, ਰਾਜਨੀਤਿਕ ਅਤੇ ਨਿੱਜੀ ਸਮੱਸਿਆਵਾਂ ਵਿਚ ਘਿਰਿਆ ਹੋਇਆ ਹੈ, ਉਸ ਤੋਂ ਨਿਜਾਤ ਲੈਣ ਲਈ ਉਸ ਨੂੰ ਬਰਾਬਰਤਾ ਵਾਲੇ ਸਮਾਜ ਦੇ ਅਸਲ ਸੂਤਰ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਗ੍ਰਹਿਣ ਕਰਨੇ ਚਾਹੀਦੇ ਹਨ। ਆਧੁਨਿਕ ਸਮਿਆਂ ਦੀਆਂ ਅੰਤਰ ਦ੍ਰਿਸ਼ਟੀਆਂ ਨੂੰ ਇਕ ਵਿਲੱਖਣ ਦ੍ਰਿਸ਼ਟੀ ਨਾਲ ਦੇਖਣ ਵਾਲੇ ਪ੍ਰਸਿੱਧ ਵਿਦਵਾਨ ਪ੍ਰੋ. ਅਮਰਜੀਤ ਸਿੰਘ ਗਰੇਵਾਲ ਨੇ ਗੁਰਬਾਣੀ ਦੀ ਅੰਦਰੂਨੀ ਤਾਕਤ ਸ਼ਬਦ ਦੀ ਬਹੁਪਰਤੀ ਵਿਆਖਿਆ ਕਰਦਿਆਂ ਕਿਹਾ ਕਿ ਇਸ ਨੂੰ ਸਿਰਫ ਅਰਥਾਂ ਤੱਕ ਹੀ ਸੀਮਤ ਨਹੀਂ ਕੀਤਾ ਜਾ ਸਕਦਾ ਬਲਕਿ ਇਸ ਅੰਦਰ ਕਈ ਕਿਸਮ ਦੇ ਅਨੁਭਵ ਅਤੇ ਅੰਤਰ ਦ੍ਰਿਸ਼ਟੀਆਂ ਪ੍ਰਦਾਨ ਹਨ। ਉਨ੍ਹਾਂ ਇਹ ਵੀ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਕੋਈ ਸ਼ਬਦ ਰੂਪ ਵਿਚ ਦਸਤਾਵੇਜ਼ ਨਹੀਂ ਬਲਕਿ ਸਿਧਾਂਤਕ, ਵਿਚਾਰਧਾਰਕ ਅਤੇ ਇਤਿਹਾਸਕ ਕਿਸਮ ਦੇ ਅੰਤਿਮ ਸੱਚ ਦੀ ਤਲਾਸ਼ ਅਤੇ ਖੋਜ ਵਾਲੀ ਵਿਧੀ ਹੈ। ਉਨ੍ਹਾਂ ਵਿਸ਼ੇਸ਼ ਜ਼ਿਕਰ ਕੀਤਾ ਕਿ ਇਹ ਉਹ ਗੁਰੂ ਹੈ ਜਿਸ ਤੋਂ ਅਸੀਂ ਆਪਣੇ ਹਰ ਸਵਾਲ ਦਾ ਜਵਾਬ, ਹਰ ਸੰਕਟ ਦਾ ਹੱਲ ਅਤੇ ਹਰ ਚੁਣੌਤੀ ਦਾ ਸਮਾਧਾਨ ਪ੍ਰਾਪਤ ਕਰ ਸਕਦੇ ਹਾਂ। ਇਹ ਜਾਣਨ ਲਈ ਸਾਨੂੰ ਗੁਰਮਤਿ ਦੇ ਸ਼ਬਦ ਸਿਧਾਂਤ ਨੂੰ ਸਮਝਣਾ ਪਵੇਗਾ।

ਨਵੀਂ ਪੀੜ੍ਹੀ ਜਿਸ ਕਿਸਮ ਨਾਲ ਬੌਧਿਕ ਪ੍ਰੰਪਰਾਵਾਂ ਨਾਲ ਜੁੜਨ ਵੱਲ ਨੂੰ ਵਧ ਰਹੀ ਹੈ। ਉਸ ਪੀੜ੍ਹੀ ਦੀ ਤਰਜਮਾਨੀ ਕਰਦੇ ਨੌਜਵਾਨ ਵਿਦਵਾਨ ਡਾ. ਸੁਮੇਲ ਸਿੰਘ ਸਿੱਧੂ ਨੇ ਸਿੱਖ ਇਤਿਹਾਸਕਾਰੀ ਦੇ ਅੰਦਰੂਨੀ ਟਕਰਾਵਾਂ ਨੂੰ ਉਭਾਰਦਿਆਂ ਕਿਹਾ ਕਿ ਸਿੱਖ ਪੰਥ ਦੀ ਅਸਲ ਰੂਹ ਅਤੇ ਰਾਖੀ ਆਮ ਸਾਧਾਰਨ ਸਿੱਖਾਂ ਵਿੱਚ ਹੈ। ਜਦੋਂ ਵੀ ਪੰਜਾਬੀ ਸਮਾਜ ਤੇ ਪੰਥ ਨੂੰ ਕਿਸੇ ਕਿਸਮ ਦਾ ਬੌਧਿਕ, ਸਮਾਜਿਕ ਅਤੇ ਰਾਜਨੀਤਿਕ ਕਿਸਮ ਦੇ ਸੰਕਟ ਦਾ ਸਾਹਮਣਾ ਕਰਨਾ ਪਿਆ ਹੈ ਤਾਂ ਉਸ ਵਿਚ ਆਮ ਸਾਧਾਰਨ ਸਿੱਖ ਇਕ ਤਾਕਤ ਬਣ ਕੇ ਪੰਥ ਦੇ ਨਾਲ ਖੜ੍ਹਿਆ ਹੈ। ਉਨ੍ਹਾਂ ਕੂਕਾ ਲਹਿਰ ਤੇ ਗਦਰ ਲਹਿਰ ਦਾ ਵਿਸ਼ੇਸ਼ ਜ਼ਿਕਰ ਕੀਤਾ। ਉਨ੍ਹਾਂ ਦਾ ਇਹ ਵੀ ਕਹਿਣਾ ਸੀ ਕਿ ਜਿਸ ਕਿਸਮ ਦੀ ਨੈਤਿਕ ਅਤੇ ਸਭਿਆਚਾਰਕ ਤਾਕਤ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਹੈ, ਇਹ ਤਾਕਤ ਅਜੋਕੇ ਸੰਕਟਮਈ ਸਮਿਆਂ ਵਿਚ ਵੀ ਆਮ ਲੋਕਾਂ ਦੀ ਬੇਹਤਰੀ ਅਤੇ ਆਜ਼ਾਦੀ ਲਈ ਸਹੀ ਦ੍ਰਿਸ਼ਟੀਕੋਣ ਤੋਂ ਉਭਾਰੀ ਜਾਣੀ ਚਾਹੀਦੀ ਹੈ। ਸਿੱਖਿਆ ਤੇ ਸਮਾਜਿਕ ਮਸਲਿਆਂ ਪ੍ਰਤੀ ਸੰਵੇਦਨਸ਼ੀਲ ਕਿਸਮ ਦੀ ਪਹੁੰਚ ਅਪਣਾਉਣ ਲਈ ਲਾਜ਼ਮੀ ਹੈ ਕਿ ਆਪਣੇ ਇਤਿਹਾਸ ਦੀਆਂ ਪਰਤਾਂ ਨੂੰ ਸਹੀ ਸੰਦਰਭ ਵਿਚ ਆਧੁਨਿਕ ਸਮਿਆਂ ਦੀਆਂ ਸਥਿਤੀਆਂ ਦੇ ਪ੍ਰਸੰਗ ਵਿਚ ਵਾਚਿਆ ਜਾਵੇ। ਇਸ ਸਬੰਧੀ ਡਾ. ਕੁਲਦੀਪ ਸਿੰਘ ਦੀ ਇਹ ਧਾਰਨਾ ਸੀ ਕਿ ਜਿਸ ਕਿਸਮ ਨਾਲ ਲਾਤੀਨ ਅਮਰੀਕਾ ਦੇ ਲੋਕਾਂ ਨੇ ਆਪਣੀ ਆਜ਼ਾਦੀ ਲਈ ਆਪਣੀਆਂ ਧਾਰਮਿਕ ਅਤੇ ਸਭਿਆਚਾਰਕ ਪਰੰਪਰਾਵਾਂ ਨੂੰ ਲੋਕ ਭਲਾਈ ਲਈ ਵਰਤੋਂ ਵਿਚ ਲਿਆਂਦਾ ਹੈ ਉਸ ਤੋਂ ਸਾਨੂੰ ਸਬਕ ਸਿੱਖਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਆਧੁਨਿਕ ਸਮਿਆਂ ਦੇ ਸੰਕਟਾਂ ਤੋਂ ਨਿਜਾਤ ਲੈਣ ਲਈ ਹਰੇਕ ਕਿਸਮ ਦੇ ਬੌਧਿਕ ਬਲ ਨੂੰ ਆਪਣੀ ਬੌਧਿਕਤਾ ਨਾਲ ਜੋੜਨ ਦੀ ਲੋੜ ਹੈ। ਡਾ. ਗੁਰਬਖਸ਼ ਸਿੰਘ ਦਾ ਕਹਿਣਾ ਸੀ ਕਿ ਗਿਆਨ ਦੀਆਂ ਕੋਈ ਸੀਮਾਵਾਂ ਨਹੀਂ ਹੁੰਦੀਆਂ ਬਲਕਿ ਇਨ੍ਹਾਂ ਨੂੰ ਕਿਸੇ ਵੀ ਇਲਾਕਾਈ ਜਾਂ ਖੇਤਰੀ ਦ੍ਰਿਸ਼ਟੀਕੋਣਾਂ ਨਾਲ ਬੰਨ ਕੇ ਦੇਖਣ ਦੀ ਜ਼ਰੂਰਤ ਨਹੀਂ ਹੈ। ਡਾ. ਜੋਧ ਸਿੰਘ ਹੋਰਾਂ ਨੇ ਕਿਹਾ ਕਿ ਜਿਸ ਕਿਸਮ ਨਾਲ ਵੱਖ ਵੱਖ ਧਰਮਾਂ ਅੰਦਰ ਸ਼ਬਦ ਅਤੇ ਮਾਨਵਤਾ ਪ੍ਰਤੀ ਵਿਚਾਰ ਪ੍ਰਦਾਨ ਹਨ, ਉਹਨਾਂ ਦੀ ਵਿਆਖਿਆ ਵੀ ਸਾਡਾ ਸਰੋਕਾਰ ਹੋਣਾ ਚਾਹੀਦਾ ਹੈ ਕਿਉਂਕਿ ਵੱਖ-ਵੱਖ ਸਥਿਤੀਆਂ ਦੇ ਪ੍ਰਸੰਗ ਵਿਚ ਸ਼ਬਦ ਆਪਣੇ ਸਥਾਨ ਅਤੇ ਤਾਕਤ ਦਾ ਇਜ਼ਹਾਰ ਕਰਦੇ ਰਹੇ ਹਨ।

ਸਿੱਖ ਧਰਮ ਦੇ ਰਾਜਨੀਤਕ ਪ੍ਰਸੰਗਾਂ ਨੂੰ ਸਮਝਣ ਦੇ ਨਾਲ-ਨਾਲ ਸਮਾਜਿਕ ਮਸਲਿਆਂ ਪ੍ਰਤੀ ਹੋਰ ਕਾਰਗਰ ਪਹੁੰਚ ਅਪਣਾਉਣ ਉਪਰ ਜ਼ੋਰ ਦਿੰਦਿਆਂ ਵਿਦਵਾਨ ਡਾ. ਕੇਹਰ ਸਿੰਘ ਹੋਰਾਂ ਦਾ ਕਹਿਣਾ ਸੀ ਕਿ ਲੋੜ ਇਸ ਗੱਲ ਦੀ ਹੈ ਕਿ ਅਸੀਂ ਆਪਣੇ ਇਤਿਹਾਸ ਦੀ ਮੁੜ ਵਿਆਖਿਆ ਕਰਦੇ ਹੋਏ ਇਸ ਗੱਲ ਦਾ ਖਿਆਲ ਰੱਖੀਏ ਕਿ ਉਸ ਵਿਚ ਸ਼ਾਮਲ ਹਿੱਸੇ ਕਿਸ ਪੱਧਰ ਦੇ ਹਨ ਤੇ ਕਿਸ ਕਿਸਮ ਦੇ ਮਾਨਵੀ ਮੁੱਲਾਂ ਅਤੇ ਗੁਣਾਂ ਨਾਲ ਜੁੜੇ ਹਨ। ਉਨ੍ਹਾਂ ਦਾ ਕਹਿਣਾ ਸੀ ਕਿ ਜਿਸ ਕਿਸਮ ਦੀ ਬੌਧਿਕ ਚਰਚਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਮਾਨਵਤਾ ਨੂੰ ਦੇਣ ਦੇ ਮਸਲੇ ਉਪਰ ਹੋਈ ਹੈ, ਉਸ ਨੇ ਇਹ ਸਿੱਧ ਕਰ ਦਿੱਤਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕਈ ਅਜਿਹੀਆਂ ਅਸੀਮ ਅੰਤਰ ਦ੍ਰਿਸ਼ਟੀਆਂ ਹਨ ਜਿਨ੍ਹਾਂ ਨੂੰ ਹੋਰ ਵੀ ਸੰਜੀਦਾ ਕਿਸਮ ਨਾਲ ਵਾਚਣ ਦੀ ਲੋੜ ਹੈ। ਜਿਸ ਕਿਸਮ ਨਾਲ ਪੰਜਾਬੀ ਸਮਾਜ ਅੱਜ ਵੱਖ-ਵੱਖ ਸਮੱਸਿਆਵਾਂ ਵਿਚ ਘਿਰਿਆ ਹੋਇਆ ਹੈ ਜਿਹੜੀਆਂ ਕਿ ਜੀਵਨ ਜਾਚ ਦੇ ਹਰੇਕ ਖੇਤਰ ਨੂੰ ਪ੍ਰਭਾਵਿਤ ਕਰ ਰਹੀਆਂ ਹਨ, ਉਨ੍ਹਾਂ ਪ੍ਰਤੀ ਉਭਰਦੀਆਂ ਨਵੀਆਂ ਲਹਿਰਾਂ ਨੂੰ ਨਵੇਂ ਪ੍ਰਵਚਨ ਦੇਣ ਦੀ ਜ਼ਰੂਰਤ ਹੈ। ਇਨ੍ਹਾਂ ਨਵੀਆਂ ਦੁਨੀਆਂ ਭਰ ਦੀਆਂ ਲਹਿਰਾਂ ਨੂੰ ਆਧੁਨਿਕ ਆਜ਼ਾਦੀ ਦੀਆਂ ਲਹਿਰਾਂ ਦੇ ਅੰਗ-ਸੰਗ ਵਿਕਸਿਤ ਕਰਨ ਦੀ ਜ਼ਰੂਰਤ ਹੈ। ਕਿਉਂਕਿ ਉਨ੍ਹਾਂ ਸਮਿਆਂ ਵਿਚ ਸਰਮਾਏ ਦਾ ਚਲਣ ਢੰਗ ਏਨਾ ਤੇਜ਼ ਨਹੀਂ ਸੀ ਜਿੰਨਾ ਅੱਜ ਹੈ। ਜਿਸ ਪੱਧਰ ਦੇ ਸਮਰਾਇਆ ਮਾਨਵੀ ਮੁੱਲਾਂ ਨੂੰ ਆਪਣੀ ਗ੍ਰਿਫ਼ਤ ਵਿਚ ਲੈ ਲਿਆ ਹੈ ਇਸ ਨਾਲ ਵਿਰਾਸਤਾਂ ਉਪਰ ਵੀ ਸਿੱਧੇ ਜਾਂ ਅਸਿੱਧੇ ਰੂਪ ਵਿਚ ਹਮਲਾ ਹੋ ਰਿਹਾ ਹੈ। ਇਸ ਹਮਲੇ ਨੂੰ ਤਦ ਹੀ ਠੱਲ ਪਾਈ ਜਾ ਸਕਦੀ ਹੈ ਜੇ ਅਸੀਂ ਆਪਣੀ ਬੌਧਿਕ ਪ੍ਰੰਪਰਾਵਾਂ ਨੂੰ ਆਧੁਨਿਕ ਦੁਨੀਆ ਦੀਆਂ ਸ਼ਾਨਦਾਰ ਬੌਧਿਕ ਪ੍ਰੰਪਰਾਵਾਂ ਦੇ ਅੰਗ-ਸੰਗ ਜੋੜ ਕੇ ਅੱਗੇ ਵਿਕਸਿਤ ਹੋਵਾਂਗੇ ਅਤੇ ਹਰੇਕ ਦੁਨੀਆ ਦੇ ਕੋਨੇ 'ਤੇ ਆਪਣੇ ਤਾਕਤਵਰ ਵਿਰਸੇ ਰਾਹੀਂ ਨਵੀਂ ਰੌਸ਼ਨੀ ਉਤਪੰਨ ਕਰ ਰਹੇ ਹਿੱਸਿਆਂ ਨਾਲ ਆਪਣੀ ਸਾਂਝ ਪੀਚੀ ਕਰਾਂਗੇ। ਇਸ ਦਿਸ਼ਾ ਵੱਲ ਕਦਮ ਪੁੱਟਣਾ ਹੀ ਆਮ ਸਾਧਾਰਨ ਕਿਰਤੀ ਤੇ ਸਿੱਖ ਦਾ ਆਧੁਨਿਕ ਦੁਨੀਆ ਵਿਚ ਸ਼ਾਨਦਾਰ ਜੀਵਨ ਵੱਲ ਨੂੰ ਤੋਰਨਾ ਸੰਭਵ ਹੋ ਸਕਦਾ ਹੈ। ਇਸ ਲਈ ਜ਼ਰੂਰੀ ਹੈ ਕਿ ਅਜਿਹੀ ਸ਼ਾਨਦਾਰ ਵਿਰਾਸਤ ਨੂੰ ਮੁੜ ਡੂੰਘਾਈ ਨਾਲ ਵਾਚੀਏ ਅਤੇ ਇਸ ਨੂੰ ਅਗਾਂਹ ਵਿਕਸਿਤ ਕਰਨ ਲਈ ਆਪਣਾ ਬੌਧਿਕ ਬਲ ਵਰਤੀਏ।

ਸ਼ਰਧਾਂਜਲੀ ਸਮਾਗਮ

## ਜੀਵਨ ਅਤੇ ਵਿਚਾਰਾਂ ਦਾ ਸੁਮੇਲ

# ਕਾਮਰੇਡ ਦਰਸ਼ਨ ਚਾਹਲ









4 ਸਤੰਬਰ ਨੂੰ ਕੈਂਸਰ ਦੀ ਨਾਮੁਰਾਦ ਬਿਮਾਰੀ ਦਾ ਸ਼ਿਕਾਰ ਹੋਣ ਉਪਰੰਤ ਸਰੀਰਕ ਵਿਛੋੜਾ ਦੇ ਗਏ ਸਾਥੀ ਦਰਸ਼ਨ ਚਾਹਲ ਸਬੰਧੀ ਸ਼ਰਧਾਂਜਲੀ ਸਮਾਗਮ ਪਰੋਗਰੈੱਸਿਵ ਕਲਚਰਲ ਸੈਂਟਰ ਸਰ੍ਹੀ ਵਿਖੇ ਕਰਵਾਇਆ ਗਿਆ। ਪ੍ਰੋਗਰਾਮ ਦੀ ਸ਼ੁਰੂਆਤ ਕਰਦਿਆਂ ਅਵਤਾਰ ਬਾਈ ਪ੍ਰਧਾਨ ਤਰਕਸ਼ੀਲ ਸਭਿਆਚਾਰਕ ਸੁਸਾਇਟੀ ਆਫ਼ ਕੈਨੇਡਾ ਨੇ ਸਾਥੀ ਚਾਹਲ ਦੀ ਜ਼ਿੰਦਗੀ ਬਾਰੇ ਜਾਣਕਾਰੀ ਦਿੱਤੀ ਤੇ ਦੱਸਿਆ ਕਿ ਸਾਥੀ ਚਾਹਲ 16 ਸਾਲ ਦੀ ਛੋਟੀ ਜਿਹੀ ਉਮਰ ਵਿੱਚ ਹੀ ਇਨਕਲਾਬੀ ਜਮਹੂਰੀ ਲਹਿਰ ਵਿੱਚ ਕੁੱਦ ਪਿਆ ਸੀ। ਲਹਿਰ ਲਈ ਉਹ ਔਖੀ ਘੜੀ ਸੀ ਜਦੋਂ ਇਸ ਲਹਿਰ ਦੇ ਦਰਜਨਾ ਜੁਝਾਰੂਆਂ ਨੂੰ ਝੂਠੇ ਪੁਲੀਸ ਮੁਕਾਬਲਿਆਂ ’ਚ ਖਤਮ ਕਰਕੇ ਲਹਿਰ ਨੂੰ ਮਲੀਆਮੇਟ ਕਰਨ ਦਾ ਭਰਮ ਸਰਕਾਰ ਪਾਲੀ ਬੈਠੀ ਸੀ ਪਰ ਦਰਸ਼ਨ ਚਾਹਲ ’ਤੇ ਉਸਦੇ ਸਾਥੀਆਂ ਦੀ ਅਗਵਾਈ ਨੇ ਉਸ ਸਮੇਂ ਦੀ ਵਿਦਿਆਰਥੀ ਲਹਿਰ ਨੂੰ ਸੰਗਠਤ ਕਰਕੇ ਪੰਜਾਬ ਦੀ ਇੱਕ ਵੱਡੀ ਤਾਕਤ ਵਜੋਂ ਉਭਾਰਿਆ। ਸਾਲ 1972 ਵਿੱਚ ਮੋਗਾ ਰੀਗਲ ਸਿਨੇਮਾ ’ਚ ਵਾਪਰੇ ਗੋਲੀ ਕਾਂਡ ਵਿਰੁੱਧ ਘੋਲ ਦੀ ਸਫਲਤਾਪੂਰਵਕ ਅਗਵਾਈ ਕੀਤੀ। ਉਸਤੋਂ ਬਾਅਦ ਨੌਜਵਾਨ ਭਾਰਤ ਸਭਾ ਅਤੇ ਵਾਹੀਕਾਰਾ ਯੂਨੀਅਨ ਵਿੱਚ ਅਣਥੱਕ ਕੰਮ ਕਰਦਿਆਂ ਇਨਕਲਾਬੀ ਮੈਗਜ਼ੀਨ ਜ਼ਫ਼ਰਨਾਮਾ ਅਤੇ ਜੈਕਾਰਾ ਦੀ ਸੰਪਾਦਕੀ ਵੀ ਸੁਚੱਜੇ ਢੰਗ ਨਾਲ ਕੀਤੀ। ਐਮਰਜੈਂਸੀ ਦੇ ਫ਼ਾਸ਼ੀਵਾਦੀ ਦੌਰ ਵਿੱਚ ਵੀ ਸਾਥੀ 23 ਮਹੀਨੇ ਜੇਲ੍ਹ ਵਿੱਚ ਬੰਦ ਰਿਹਾ। ਸਾਥੀ ਚਾਹਲ ਨੂੰ ਯਾਦ ਕਰਦਿਆਂ ਬੁਲਾਰਿਆਂ ਨਿਰਭੈ ਸਿੰਘ ਢੁੱਡੀਕੇ ਆਗੂ ਕਿਰਤੀ ਕਿਸਾਨ ਯੂਨੀਅਨ ਪੰਜਾਬ, ਹਰਭਜਨ ਚੀਮਾ ਆਗੂ ਈਸਟ ਇੰਡੀਅਨ ਡਿਫੈਂਸ ਕਮੇਟੀ, ਡਾ: ਸਾਧੂ ਬਿਨਿੰਗ, ਨਿਰਮਲ ਸਿੰਘ ਕਿੰਗਰਾ, ਨਛੱਤਰ ਸਿੰਘ ਗਿੱਲ, ਕਾਮਰੇਡ ਹਰਜੀਤ ਦੌਧਰੀਆ, ਸੁਰਿੰਦਰ ਮੰਗੂਵਾਲ, ਸਤਿੰਦਰ ਸਿੱਧੂ, ਮਾਸਟਰ ਮੁਖਤਿਆਰ ਸਿੰਘ, ਗੁਰਮੇਲ ਗਿੱਲ, ਲੇਖਕ ਮੋਹਣ ਗਿੱਲ, ਸੰਤੋਖ ਢੇਸੀ ਆਗੂ ਸ਼ਹੀਦ ਮੇਵਾ ਸਿੰਘ ਸਪੋਰਟਸ ਐਂਡ ਕਲਚਰਲ ਐਸੋਸਿਏਸ਼ਨ, ਪ੍ਰਮਿੰਦਰ ਕੌਰ ਮੈਂਬਰ ਸ਼ਹੀਦ ਭਗਤ ਸਿੰਘ ਰਨ ਸੁਸਾਇਟੀ ਤੋਂ ਇਲਾਵਾ ਰੇਡੀਓ ਹੋਸਟ ਗੁਰਵਿੰਦਰ ਧਾਲੀਵਾਲ ਅਤੇ ਅਮਨਦੀਪ ਚਾਹਲ ਪੁੱਤਰ ਦਰਸ਼ਨ ਚਾਹਲ ਨੇ ਵੀ ਸਾਥੀ ਨੂੰ ਸ਼ਰਧਾਂਜਲੀ ਭੇਂਟ ਕੀਤੀ। ਇਸ ਸਾਰੇ ਸਮਾਰੋਹ ਦੁਰਾਨ ਬੁਲਾਰਿਆਂ ਨੇ ਕਾਮਰੇਡ ਚਾਹਲ ਅਤੇ ਇਨਕਲਾਬੀ ਵਿਚਾਰਧਾਰਾ ਨੂੰ ਪ੍ਰਣਾਏ ਹੋਰ ਲੋਕਾਂ ਦੀ ਵੀ ਗੱਲ ਕੀਤੀ। ਸਾਲ 1974 ਵਿੱਚ ਡੀਜ਼ਲ ਦੀ ਬਨਾਉਟੀ ਘਾਟ ’ਤੇ ਬਲੈਕ ਦੇ ਵਿਰੁੱਧ ਉੱਠੇ ਕਿਸਾਨੀ ਘੋਲ ਵਿੱਚ ਸ਼ਹੀਦ ਹੋਏ ਸਾਥੀ ਪਿਆਰਾ ਸਿੰਘ ਗਾਲਿਬ ਦਾ ਜਿਕਰ ਵਰਨਣ ਯੋਗ ਹੈ। ਇਸੇ ਹੀ ਤਰ੍ਹਾਂ ਬੁਲਾਰਿਆਂ ਨੇ ਅੱਜ ਦੇ ਸੰਦਰਭ ਵਿੱਚ ਇਨਕਲਾਬੀ ਵਿਚਾਰਧਾਰਾ ਦੀ ਕੈਨੇਡਾ ਵਿੱਚ ਸਾਰਥਿਕਤਾ ਬਾਰੇ ਗੱਲਬਾਤ ਕਰਦਿਆਂ ਇਸ ਗੱਲ ਤੇ ਜ਼ੋਰ ਦਿੱਤਾ ਕਿ ਐਥੇ ਵੀ ਸਾਡੇ ਸਰੋਕਾਰ ਓਵੇਂ ਜਿਵੇਂ ਹੀ ਹਨ ਜਿਹੋ ਜਿਹੇ ਭਾਰਤ ਵਰਗੇ ਹੋਰਾਂ ਮੁਲਕਾਂ ਵਿੱਚ ਹਨ, ਇੱਥੇ ਵੀ ਕੰਮ ਕਾਜੀ ਵਰਗ ਦੀ ਆਰਥਿਕ ਹਾਲਤ ਦਿਨੋ ਦਿਨ ਖਰਾਬ ਹੁੰਦੀ ਜਾ ਰਹੀ ਹੈ ਆਮਦਨ ਦਾ ਪਾੜਾ ਵਧ ਰਿਹਾ ਹੈ, ਸਰਕਾਰ ਸਿਹਤ, ਸਿੱਖਿਆ ਤੇ ਬੁਢਾਪਾ ਪੈਨਸ਼ਨ ਵਰਗੀਆਂ ਸਹੂਲਤਾਂ ਤੋਂ ਪੈਰ ਪਿੱਛੇ ਖਿੱਚ ਰਹੀ ਹੈ ਸਾਥੀ ਚਾਹਲ ਨੂੰ ਸ਼ਰਧਾਂਜਲੀ ਦਾ ਸਹੀ ਅਰਥ ਇਹ ਹੈ ਕਿ ਅਸੀਂ ਇਨ੍ਹਾਂ ਮਸਲਿਆਂ ਪ੍ਰਤੀ ਆਪਣੇ ਸਰੋਕਾਰ ਜਾਹਰ ਕਰਦੇ ਹੋਏ ਅਵਾਜ਼ ਬੁਲੰਦ ਕਰੀਏ ਤਾਂਕਿ ਇਹ ਨਾ ਹੋਵੇ ਕਿ ਜਦੋਂ ਤੱਕ ਅਸੀਂ ਜਾਗੀਏ ਤਾਂ ਓਦੋਂ ਬਹੁਤ ਦੇਰ ਹੋ ਚੁੱਕੀ ਹੋਵੇ।









**Kulwant Singh Pannu**
Sales Representative
416.276.1566
k.pannu@hotmail.com

Century 21

Century 21 Green Realty Inc., Brokerage
Bus: 905.565.9565
Fax: 905.565.9522
24 Hour Pager Service
151 Superior Blvd. Unit 19-21
Mississauga ON L5T 1L2

REALTOR
MLS

*Buy Green, Build Green ...Save Environment!!!*

Each office is independently owned and operated. ®Trademarks of AIRMILES International Trading B. V. used under license by loyalty Management Group Canada Inc. and Century 21 Canada Ltd. Partnership

HOMELIFE HIGHER STANDARDS

* Residential
* Commercial
* Investment

**HomeLife / Superstars**
Real Estate Ltd., Brokerage
Each office is independently owned & operated

**Off: 905-792-7800**
Fax: 905-792-9092
2565 Steeles Ave. E. Unit 11
Brampton, Ontario L6T 4L6
Email: sliddar@hotmail.com



**Sukhdev Singh Liddar**
Sales Representative
**Cell: 416-274-1146**

**Pro-People Arts Project Media Group**

Pro-People Arts Project Media Group
"Shining a light on motives behind actions"

"To create self-awareness in our community so that we will elude obscurity, devote to unwavering symbolism, and become sponged into a society that benefits us as a whole.

'Demand identity' and we will become an effective futuristic society.